
# ਦੇਸ਼ ਦੁਆਬਾ

VOL -2 ISSUE - 5
June 01-15, 2013


www.deshdoaba.com
www.ambedkartimes.com


ਸ੍ਰੀ ਗੁਰੂ ਰਵਿਦਾਸ ਸਭਾਵਾਂ ਸੈਕਰਾਮੈਂਟੋ 9 ਜੂਨ 2013, ਯੂਬਾ ਸਿਟੀ ਅਤੇ ਫਰਿਜ਼ਨੋ 16 ਜੂਨ 2013 ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਪੂਰਵਕ ਮਨਾ ਰਹੀਆਂ ਹਨ। ਸਮੂਹ ਸੰਗਤਾਂ ਨੂੰ ਪਰਿਵਾਰ ਸਮੇਤ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 510-219-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਹੱਡੀਂ ਹੰਢਾਇਆ ਜੂਨ ਚੁਰਾਸੀ ਦਾ ਪਹਿਲਾ ਹਫ਼ਤਾ!



ਤਰਲੋਚਨ ਸਿੰਘ 'ਦੁਪਾਲਪੁਰ


ਵਿਸ਼ੇਸ਼ ਲੇਖ ਪੜ੍ਹੋ ਸਫਾ ਨੰਬਰ 18 ਉਤੇ


## ਜੂਨ 1984 ਦੇ ਸਿੱਖ ਘੱਲੂਘਾਰੇ ਲਈ ਸਖਤ ਅਲੋਚਨਾ ਭਰਿਆ ਰੋਸ ਮੁਜ਼ਾਹਰਾ ਸੈਨ ਫਰਾਂਸਿਸਕੋ 'ਚ



ਸੈਨ ਫਰਾਂਸਿਸਕੋ (ਬਲਵਿੰਦਰਪਾਲ ਸਿੰਘ ਖ਼ਾਲਸਾ) ਭਾਰਤ ਦੀ ਸਰਕਾਰ ਦੁਆਰਾ ਕਰਵਾਇਆ ਗਿਆ ਜੂਨ 1984 ਦੇ ਸਿੱਖ ਘੱਲੂਘਾਰੇ ਦਾ ਨਾਸੂਰ ਉਵੇਂ ਹੀ ਤਾਜ਼ਾ ਹੈ ਜਿਵੇਂ ਇਹ ਹਾਲੇ ਕੱਲ੍ਹ ਦੀ ਗੱਲ ਹੋਵੇ। ਬਹੁਤ ਸਾਰੇ ਪੈਂਡੇ ਤਹਿ ਕਰਦਿਆਂ, ਉਦਾਸੀ, ਗ਼ਮ ਤੇ ਦਿਲਗੀਰੀਆਂ ਵਿਚੋਂ ਲੰਘਦਿਆਂ ਵੀ ਸੈਨ ਫਰਾਂਸਿਸਕੋ ਦੀ ਭਾਰਤੀ ਅੰਬੈਸੀ-ਸਫਾਰਤਖਾਨੇ ਅੱਗੇ ਹੋਣ ਵਾਲੇ ਰੋਸ ਪ੍ਰਦਰਸ਼ਨ ਦਾ ਜ਼ੋਰ ਕਦੇ ਘਟਿਆ ਨਹੀਂ ਬਲਕਿ ਰੂਪ ਬਦਲਦਿਆਂ ਵੀ ਇਹ ਲਗਾਤਾਰ ਜਾਰੀ ਹੈ।

ਮੁਜ਼ਾਹਰੇ ਵਿਚ ਖਾਲਿਸਤਾਨੀ-ਅਮਰੀਕੀ ਝੰਡਿਆਂ, ਨਿਸ਼ਾਨ ਸਾਹਿਬਾਂ ਤੋਂ ਇਲਾਵਾ ਕਾਲੇ ਝੰਡਿਆਂ ਨਾਲ ਭਾਰਤੀ ਤਿਰੰਗੇ ਨੂੰ ਠੋਕ ਕੇ ਜਵਾਬ ਦਿਤਾ ਗਿਆ ਤੇ ਬਰਾਬਰ ਦੀ ਖਾਲਸਾ ਪ੍ਰਭੂਸੱਤਾ ਨਾਲ ਵੰਗਾਰਿਆ ਗਿਆ। ਇਸ ਵਾਰ 6 ਜੂਨ, ਦਿਨ ਵੀਰਵਾਰ ਨੂੰ ਕੰਮ ਕਾਜ ਵਾਲੇ ਦਿਨ ਭਾਰਤੀ ਅੰਬੈਸੀ ਅੱਗੇ ਪੰਥਕ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਸੰਗਤਾਂ ਤੇ ਨੌਜਵਾਨ ਸਿੱਖ ਵਿਦਿਆਰਥੀਆਂ ਦੇ ਰਲੇ ਮਿਲੇ ਸਹਿਯੋਗ ਨਾਲ ਭਾਰੀ ਰੋਸ ਮੁਜ਼ਾਹਰਾ ਕੀਤਾ ਗਿਆ। ਜਿਸ ਵਿਚ ਸਿੱਖ ਨਸਲਘਾਤ ਲਈ ਭਾਰਤ ਦੀ ਕਾਂਗਰਸ ਸਰਕਾਰ, ਬੀਜੇਪੀ, ਆਰ.ਐਸ.ਐਸ ਤੇ ਸ਼ਿਵ ਸੈਨਾ ਦੀ ਜ਼ੋਰਦਾਰ ਨਿੰਦਿਆਂ ਕੀਤੀ ਗਈ।

ਸਿੱਖ, ਇਸਾਈਆਂ, ਮੁਸਲਮਾਨਾਂ, ਬੋਧੀਆਂ, ਤੇ ਹੋਰ ਘੱਟ ਗਿਣਤੀਆਂ ਦੇ ਕਰਲੇਆਮ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ। ਭਾਰਤ ਸਰਕਾਰ ਦੀ ਨਸਲਕੁਸੀ ਦੀ ਨੀਤੀ ਕਰਕੇ ਹੀ ਸਿੱਖ ਕੌਮ ਨੂੰ ਖਾਲਿਸਤਾਨ ਦੀ ਮੰਗ ਰਖਣੀ ਪਈ ਹੈ ਤੇ ਹੁਣ ਖਾਲਿਸਤਾਨ ਤੋਂ ਬਿਨਾਂ ਹੋਰ ਕਿਸੇ ਵੀ ਹੱਲ ਨੂੰ ਰੱਦ ਕੀਤਾ ਗਿਆ।

ਪੰਥਕ ਬੁਲਾਰਿਆਂ ਵਿਚ ਕੋਮਲ ਕੌਰ, ਭਾਈ ਕਾਲਾ ਅਪਗਾਨਾ, ਪ੍ਰਭਜੋਤ ਸਿੰਘ, ਅਮਮ੍ਰਿਤ ਕੌਰ ਖਾਲਸਾ, ਰਾਮ ਸਿੰਘ, ਭਜਨ ਸਿੰਘ ਭਿੰਡਰ, ਬਲਵਿੰਦਰਪਾਲ ਸਿੰਘ ਖਾਲਸਾ, ਏਜੀਪੀਸੀ ਦੇ ਪ੍ਰਧਾਨ ਬਾਈ ਜਸਵੰਤ ਸਿੰਘ ਹੋਠੀ, ਏਜੀਪੀਸੀ ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ, ਕਰਨੈਲ ਸਿੰਘ ਖ਼ਾਲਸਾ, ਅਮਨਦੀਪ ਸਿੰਘ, ਭਾਈ ਦੀਦਾਰ ਸਿੰਘ ਆਦਿ ਸ਼ਾਮਲ ਹਨ। ਸਟੇਜ ਸਕੱਤਰ ਦੀ ਸੇਵਾ ਭਾਈ ਸੰਦੀਪ ਸਿੰਘ ਜੰਟੀ ਨੇ ਨਿਭਾਈ।

## ਨਾਪਾ ਵਲੋਂ ਕਰਵਾਇਆ ਗਿਆ ਸਭਿਆਚਾਰਕ ਤੇ ਖੇਡ ਮੇਲਾ ਯਾਦਗਾਰੀ ਤੇ ਇਤਿਹਾਸਕ ਹੋ ਨਿਬੜਿਆ

ਹਿਊਸਟਨ (ਇਕਬਾਲ ਸਿੰਘ) : ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਟੈਕਸਸ ਸਟੇਟ ਵੱਲੋਂ ਡਾ. ਗੁਰਦੀਪ ਸਿੰਘ ਬੁਟਰ,ਸ: ਗੁਰਨਾਮ ਸਿੰਘ ਸੰਧਰ,ਡਾ.ਅਜਿੰਦਰ ਸਿੰਘ ਢੱਟ ਤੇ ਡਾ.ਜਸਵੰਤ ਸਿੰਘ ਪੰਧੇਰ ਦੀ ਪਰਧਾਨਗੀ ਹੇਠ ਬੀਤੇ ਦਿਨੀਂ ਅਯੋਜਿਤ ਕੀਤਾ ਗਿਆ ਪਹਿਲਾ ਵਿਸਾਖੀ ਮੇਲਾ ਯਾਦਗਾਰੀ ਤੇ ਇਤਿਹਾਸਕ ਹੋ ਨਿਬੜਿਆ। ਜਿਸ ਵਿਚ ਲਗਭਗ ਇਕ ਹਜਾਰ ਤੋਂ ਵੀ ਜਿਆਦਾ ਗਿਣਤੀ ਵਿਚ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਅਤੇ ਸਥਾਨਕ ਅਮਰੀਕੀਆਂ ਨੇ ਇਸ ਮੇਲੇ 'ਚ ਸ਼ਮੂਲੀਅਤ ਕੀਤੀ। ਇਸ ਦੌਰਾਨ ਕਰਵਾਈਆਂ ਗਈਆਂ ਪੰਜਾਬ ਦੀਆਂ ਖੇਡਾਂ ਕੱਬਡੀ, ਵਾਲੀਵਾਲ, ਰੱਸਾ-ਕੱਸੀ, ਘੌੜ ਦੌੜਾਂ, ਗਿੱਧਾ, ਭੰਗੜਾ, ਦੌੜਾਂ ਅਤੇ ਬੱਚਿਆ ਦੀਆਂ ਖੇਡਾਂ ਆਦਿ ਨੇ ਸਮੁੱਚੇ ਮਹੌਲ ਨੂੰ ਪੰਜਾਬੀ ਰੰਗ 'ਚ ਰੰਗ ਦਿਤਾ। ਇਸ ਮੇਲੇ ਦਾ ਗਲੋਬਲ ਟੀ.ਵੀ ਚੈਨਲ ਤੇ ਸਿੱਧਾ ਪ੍ਰਸਾਰਨ ਕੀਤਾ ਗਿਆ। ਜਿਸ ਨਾਲ ਦੇਸ਼-ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਨੇ ਵੀ ਇਸ ਮੇਲੇ ਨਾਲ ਜੁੜ ਕੇ ਇਸਦਾ ਆਨੰਦ ਮਾਣਿਆ। ਇਸ ਤੋਂ ਬਿਨਾਂ ਪ੍ਰਿੰਟ ਮੀਡੀਏ ਦੇ ਪ੍ਰਤੀਨਿਧ ਇਸ ਮੇਲੇ ਨੂੰ ਕਵਰ ਲਈ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ । ਇਸ ਪ੍ਰੋਗਰਾਮ 'ਚ ਨਾਪਾ ਦੇ ਚੇਅਰਮੈਨ ਸ. ਦਲਵਿੰਦਰ ਸਿੰਘ ਧੂਤ ਤੇ ਸਕੱਤਰ ਜਨਰਲ ਸ. ਸਤਨਾਮ ਸਿੰਘ ਚਾਹਲ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਸਭਿਆਚਾਰਕ ਪ੍ਰੋਗਰਾਮ ਦੌਰਾਨ ਸਿਮਰਨ ਕੌਰ ਨੇ ਉ ਤੂੰ ਵੀ ਕਿਹੜਾ ਥਾਣੇਦਾਰ ਲਗਿਆ, ਜਿਹੜਾ ਸਾਡੇ ਤੇ ਹੁਕਮ ਚਲਾਵੇ" ਵਾਲੇ ਗਾਣੇ ਨੂੰ ਆਪਣੀ ਬਹੁਤ ਹੀ ਸੁਰੀਲੀ ਅਵਾਜ ਨਾਲ ਗਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਸਭਿਆਚਾਰਕ


(ਬਾਕੀ ਸਫਾ 6 ਤੇ)


## ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ ਕੈਲੇਫੋਰਨੀਆ ਨੇ ਮਨਾਇਆ ਬਾਬਾ ਸਾਹਿਬ ਜੀ ਦਾ 122 ਵਾਂ ਜਨਮ ਉਤਸਵ



ਕਮਲ ਦੇਵ ਕਮਲ ਦੀ ਵਿਸ਼ੇਸ਼ ਰਿਪੋਰਟ ਪੰਨਾ ਨੰਬਰ 5 ਤੇ ਪੜ੍ਹੋ ਅਤੇ ਸਬੰਧਤ ਤਸਵੀਰਾਂ ਅੰਬੇਦਕਰ ਟਾਈਮਜ਼ ਵਿਚ ਦੇਖੋ




RAMESH SUMAN
Broker Realtor
RCS-D™

MAJESTIC HOMES
Office (925) 779-1234
Direct (925) 366-3618
Fax (925) 219-3918
DRE Licence - 00871752
www.majestichomes.us • ramesh@rameshsuman.com
P.O. Box 3434 , Antioch, CA 94531-3434

SAROAY INVESTMENT REALTY



Ram Saroay
Broker

39039 Paseo Padre Parkway
Suite # 205
Fremont, CA 94538
Office: (510) 742-8120
Fax: (510) 742-8121
ramsaroay@hotmail.com

Amrik Chand (CPA)
Phone : 510-490-8200 Fax : 510-490-8202
Email : achand@pacbell.net
959 Corporate Way, Fremont, CA. 94539

Income Tax Preparatioin
(Individual, Corporation & LLC)
Payroll Services & Bank Keeping Services
• We are in this business since 1989.
Your satisfaction is our goal.
• Please call us for
Professional & reliable services at reasonable rates.



# ਸਪੇਨ ਵਿਚ ਮਨਾਇਆ ਗਿਆ ਬਾਬਾ ਸਾਹਿਬ ਦਾ ਜਨਮ ਦਿਹਾੜਾ ਤੇ ਬੁੱਧ ਜੈਅੰਤੀ

## ਵੱਡੀ ਗਿਣਤੀ ਵਿਚ ਪੁੱਜੇ ਸਪੈਨਿਸ਼ ਬੋਧੀ

ਬਾਰਸੀਲੋਨਾ- ਸਪੇਨ ਦੇ ਸ਼ਹਿਰ ਬਾਰਸੀਲੋਨਾ ਵਿਖੇ ਅੰਬੇਦਕਰਾਈਟ ਬੁਧਿਸਟ ਸੁਸਾਇਟੀ ਸਪੇਨ ਵੱਲੋਂ ਸੰਸਾਰ ਦੀ ਮਹਾਨ ਸ਼ਖਸੀਅਤ, ਔਰਤਾਂ ਦੇ ਹੱਕਾਂ ਲਈ ਲੜਨ ਵਾਲੇ, ਭਾਰਤੀ ਸੰਵਿਧਾਨ ਦੇ ਜਨਮਦਾਤਾ, ਬਹੁਜਨ ਸਮਾਜ ਦੇ ਮਸੀਹਾ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ ਅਤੇ ਸੰਸਾਰ ਦੀ ਸ਼ਾਂਤੀ ਦੇ ਪੁੰਜ ਮਹਾਤਮਾ ਬੁੱਧ ਜੀ ਦੀ ਜੈਅੰਤੀ ਮਨਾਈ ਗਈ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ੍ਰੀ ਐਮ. ਐਸ. ਬਹਿਲ ਪਹੁੰਚੇ।


ਇਸ ਸਮਾਗਮ ਦੀ ਸ਼ੁਰੂਆਤ ਤ੍ਰੀ-ਸ਼ਰਣ ਅਤੇ ਪੰਚਸ਼ੀਲ ਦੇ ਉਚਾਰਨ ਨਾਲ ਹੋਈ। ਮੁੱਖ ਮਹਿਮਾਨ ਵਜੋਂ ਪੁੱਜੇ ਸ੍ਰੀ ਬਹਿਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਹੁਜਨ ਸਮਾਜ ਸੰਸਾਰ ਵਿਚ ਕਿਤੇ ਵੀ ਬੈਠਾ ਜੋ ਸੁਖ-ਸਹੂਲਤਾਂ ਮਾਣ ਰਿਹਾ ਹੈ, ਉਹ ਸਿਰਫ ਤੇ ਸਿਰਫ ਬਾਬਾ ਸਾਹਿਬ ਦੀ ਬਦੌਲਤ ਹੈ। ਇਸ ਕਰਕੇ ਸਾਨੂੰ ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਹਰ ਇਕ ਨੂੰ ਪ੍ਰਣ ਲੈਣ ਦੀ ਲੋੜ ਹੈ, ਜਿਸ ਵਾਸਤੇ ਜਾਤੀ ਵਿਵਸਥਾ ਨੂੰ ਤੋੜਨਾ ਪਵੇਗਾ ਕਿਉਂਕਿ ਸਾਡਾ ਸਮਾਜ ਮਨੂੰ ਦੀ ਥੋਪੀ ਕੋਹੜ ਰੂਪੀ ਜਾਤੀ ਵਿਵਸਥਾ ਵਿਚ ਜਿਉਂ ਰਿਹਾ ਹੈ ਤੇ ਆਪਣੇ-ਆਪਣੇ ਜਾਤੀ ਦੇ ਮਹਾਂਪੁਰਖਾਂ ਦੇ ਨਾਮ 'ਤੇ ਝੰਡਾ ਚੁੱਕੀ ਫਿਰਦਾ ਹੈ। ਜਿਸ ਨਾਲ ਅਸੀਂ ਕਮਜ਼ੋਰ ਪੈ ਰਹੇ ਹਾਂ ਅਤੇ ਬ੍ਰਾਹਮਣਵਾਦੀ ਟੋਲਾ ਮਜ਼ਬੂਤ ਹੋ ਰਿਹਾ ਹੈ ਤੇ ਸਾਡੇ ਸਮਾਜ 'ਤੇ ਜੁਲਮਾਂ ਦੀ ਦਾਸਤਾਨ ਲੰਮੀ ਹੁੰਦੀ ਜਾ ਰਹੀ ਹੈ। ਜੇਕਰ ਇਹ ਖਤਮ ਕਰਨੀ ਹੈ ਤਾਂ ਸਾਨੂੰ ਆਪਣੇ ਆਲੇ ਦੁਆਲੇ ਜੋ ਮਨੂੰ ਦੀ ਥੋਪੀ ਕੋਹੜ ਰੂਪੀ ਜਾਤੀ ਦੀਆਂ ਕੰਧਾਂ ਉਸਾਰੀਆਂ ਹਨ, ਉਹਨਾਂ ਨੂੰ ਤੋੜਨਾ ਪਵੇਗਾ ਤਾਂ ਕਿ ਅਸੀਂ ਮਨੂੰਵਾਦ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਖਤਮ ਕਰਕੇ ਜਾਤੀ ਰਹਿਤ ਸਮਾਜ ਸਥਾਪਤ ਕਰਕੇ ਬਾਬਾ ਸਾਹਿਬ, ਸਾਹਿਬ ਕਾਂਸ਼ੀ ਰਾਮ ਦੇ ਸੁਪਨਿਆਂ ਦਾ ਭਾਰਤ ਸਿਰਜ ਸਕੀਏ।

ਇਹਨਾਂ ਤੋਂ ਉਪਰੰਤ ਪਵਨ ਕੁਮਾਰ ਮਹਿਮੀ ਨੇ ਵਿਚਾਰ ਪੇਸ ਕਰਦਿਆਂ ਕਿਹਾ ਕਿ ਬਹੁਜਨ ਸਮਾਜ ਦਾ ਰਾਜ ਭਾਗ ਲਿਆਉਣਾ ਹੈ ਤਾਂ ਸਾਨੂੰ ਅੱਖਾਂ ਮੀਟ ਕੇ ਨਾਮਦਾਨਾਂ ਦੀ ਲੋੜ ਨਹੀਂ, ਸਗੋਂ ਅੱਖਾਂ ਖੋਲ੍ਹ ਕੇ ਬਾਬਾ ਸਾਹਿਬ ਦੇ ਦਿੱਤੇ ਮਾਰਗ ਬੁੱਧ ਧਰਮ 'ਤੇ ਚੱਲ ਕੇ ਤੇ ਉਹਨਾਂ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾ ਕੇ ਸਮਾਜ ਨੂੰ ਤਿਆਰ ਕਰਕੇ ਹੀ ਅਸਲੀ ਮੰਦਰ ਸੰਸਦ 'ਤੇ ਕਬਜਾ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਲਾਲ ਜੀ ਅਤੇ ਰਾਜੀਵ ਮਹਿਮੀ ਹੁਰਾਂ ਨੇ ਬਾਬਾ ਸਾਹਿਬ ਅਤੇ ਤਥਾਗਤ ਬੁੱਧ ਬਾਰੇ ਕ੍ਰਾਂਤੀਕਾਰੀ ਗੀਤ ਪੇਸ਼ ਕੀਤੇ। ਬਲਵਿੰਦਰ ਜੱਖੂ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਨੂੰ ਸਿੱਖਿਆ 'ਤੇ ਵਧੇਰੇ ਜੋਰ ਦੇਣ ਦੀ ਲੋੜ ਹੈ ਤਾਂ ਹੀ ਸਾਡਾ ਸਮਾਜ ਜਾਗਰਿਤ ਹੋ ਸਕਦਾ ਹੈ ਤੇ ਤਥਾਗਤ ਬੁੱਧ, ਬਾਬਾ ਸਾਹਿਬ, ਸਾਹਿਬ ਕਾਂਸ਼ੀ ਰਾਮ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕਦਾ ਹੈ।

ਵਿਜੇ ਕੁਮਾਰ ਨੇ ਸਪੈਨਿਸ਼ ਵਿਚ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਦਾ ਦਿੱਤਾ ਮਾਰਗ ਸਾਨੂੰ ਸੰਸਾਰ ਨਾਲ ਜੋੜਦਾ ਹੈ ਤੇ ਸਾਡਾ ਭਾਈਚਾਰੇ ਕੁਝ ਖਿੱਤੇ ਤੱਕ ਨਹੀਂ ਸਗੋਂ ਸਮੁੰਦਰ ਦੀ ਤਰ੍ਹਾਂ ਵਿਸ਼ਾਲ ਸੰਸਾਰ ਦੇ ਬੁੱਧਮਈ ਭਾਈਚਾਰੇ ਨਾਲ ਜੋੜਦਾ ਹੈ। ਜਿਸ ਦੀ ਉਦਾਹਰਣ ਵੱਡੀ ਗਿਣਤੀ ਸਪੈਨਿਸ਼ ਬੋਧੀਆਂ ਦਾ ਸ਼ਾਮਲ ਹੋਣਾ ਹੈ। ਇਸ ਸਮਾਗਮ ਵਿਚ ਸੰਤ ਕੁਮਾਰ ਬੋਧ ਹੁਰਾਂ ਜਿੱਥੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ, ਉਥੇ ਨਾਲ-ਨਾਲ ਤਥਾਗਤ ਬੁੱਧ ਦੇ ਜੀਵਨ ਤੇ ਮਾਰਗ ਅਤੇ ਬਾਬਾ ਸਾਹਿਬ ਜੀ ਵੱਲੋਂ ਬਹੁਜਨ ਸਮਾਜ ਵਾਸਤੇ ਕੀਤੇ ਸੰਘਰਸ਼ਾਂ, ਘਾਲਣਾਵਾਂ ਅਤੇ ਵਿਚਾਰਧਾਰਾ 'ਤੇ ਚਾਨਣਾ ਪਾਇਆ। ਇਸ ਮੌਕੇ ਤਰਸੇਮ ਲਾਲ ਬੋਧ, ਨਰੇਸ਼ ਕੁਮਾਰ ਬੋਧ, ਦਲਵਿੰਦਰ ਕੁਮਾਰ ਮੋਮੀ, ਜੈ ਪ੍ਰਕਾਸ਼ ਬੋਧ, ਵਿਸਾਖਾ ਸਿੰਘ, ਨਜੀਰ ਮੁਹੰਮਦ ਭੱਟੀ, ਚਰਨਜੀਤ ਚੰਨੀ, ਰੋਸ਼ਨ ਲਾਲ, ਨਰਿੰਦਰ ਨੰਦੂ, ਜਸਬੀਰ ਸਿੰਘ, ਪਰਮਜੀਤ ਬਿਰਦੀ, ਬੰਟੀ, ਮਨਸਾ ਦੇਵ, ਸੁਰਿੰਦਰ ਕੌਰ, ਅਰਵਿੰਦਰ ਕੌਰ, ਕਿਸ਼ੋਰੀ ਲਾਲ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਸਮਾਗਮ ਵਿਚ ਇਕ ਖਾਸੀਅਤ ਇਹ ਵੀ ਰਹੀ ਕਿ ਤਥਾਗਤ ਬੁੱਧ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸਪੈਨਿਸ਼ ਬੋਧੀਆਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ ਅਤੇ ਉਹਨਾਂ ਕਿਹਾ ਕਿ ਤਥਾਗਤ ਬੁੱਧ ਦੇ ਦਿੱਤੇ ਪ੍ਰਗਿਆਨ, ਕਰੁਣਾ ਅਤੇ ਸ਼ੀਲ ਦੇ ਸੰਦੇਸ਼ ਨੂੰ ਅੱਜ ਇਕ ਦੇਸ ਨੂੰ ਹੀ ਨਹੀਂ ਸਗੋਂ ਪੂਰੇ ਸੰਸਾਰ ਨੂੰ ਲੋੜ ਹੈ ਤਾਂ ਕਿ ਪੂਰੇ ਸੰਸਾਰ ਵਿਚ ਆਜ਼ਾਦੀ, ਸਮਾਨਤਾ, ਭਾਈਚਾਰਾ ਸਥਾਪਤ ਹੋ ਸਕੇ।




## ਹੁਣ ਰਿਸ਼ਤੇ ਟੁੱਟਦੇ ਜਾਂਦੇ ਨੇ



ਹੁਣ ਰਿਸ਼ਤੇ ਟੁੱਟਦੇ ਜਾਂਦੇ ਨੇ
ਹੈ ਨਹੀਂ ਕਦਰ ਕੋਈ ਪਰਿਵਾਰਾਂ ਦੀ।
ਪਿੱਠ ਪਿੱਛੇ ਨਿੰਦਿਆ ਕਰਦੇ ਨੇ
ਮੋਹਰੇ ਕਰਦੇ ਕਦਰ ਵਿਚਾਰਾਂ ਦੀ।
ਛੁਰਾ ਪਿੱਠ ਵਿਚ ਮਾਰਕੇ ਔਹ ਜਾਂਦੇ
ਹੋਂਦ ਹੈ ਨਹੀ ਪੱਗ ਵੱਟ ਯਾਰਾਂ ਦੀ।
ਹੁਣ ਫੈਸਲੇ ਫੋਨਾਂ ਤੇ ਹੋ ਜਾਂਦੇ
ਲੋੜ ਹੈ ਨਹੀਂ ਹੁਣ ਦਰਬਾਰਾਂ ਦੀ।
ਜਿੱਥੇ ਹੁੰਦਾ ਵੱਡੇ ਦਾ ਸਤਿਕਾਰ ਨਹੀਂ
ਉਥੇ ਸ਼ਰਮ ਕੀ ਹੋਊ ਫਿਟਕਾਰਾਂ ਦੀ।
ਜਿੱਥੇ ਬੇਕਦਰਾਂ ਦੀ ਸਰਦਾਰੀ ਏ
ਉਥੇ ਆਸ ਕੀ ਹੋਊ ਸਤਿਕਾਰਾਂ ਦੀ।
ਖੁਦ ਚੁਣਦੇ ਖੁਦ ਹੀ ਭੰਡਦੇ ਨੇ
ਹੁਣ ਕਦਰ ਨਹੀਂ ਅਹੁਦੇਦਾਰਾਂ ਦੀ।
ਕਰਨਾ ਤਾਂ ਬੜਾ ਕੁਝ ਚਾਹੁੰਦੇ ਨੇ
ਜਾਂਦੀ ਪੇਸ਼ ਨਹੀਂ ਸਰਕਾਰਾਂ ਦੀ।
ਢਿੱਡ ਆਪਣਾ ਸਾਰੇ ਭਰਦੇ ਨੇ
ਕੋਈ ਫਿਕਰ ਨਹੀਂ ਬੇਰੁਜ਼ਗਾਰਾਂ ਦੀ।
ਰੋਜ਼ੀ ਰੋਟੀ ਦਾ ਕੋਈ ਸਾਧਨ ਨਹੀਂ
ਤੰਗੀ ਹੋ ਗਈ ਕੰਮਾਂ ਕਾਰਾਂ ਦੀ।
ਇੱਥੇ ਕਿਰਤੀ ਭੁੱਖਾ ਮਰਦਾ ਏ
ਚਾਂਦੀ ਹੈ ਸਰਮਾਏਦਾਰਾਂ ਦੀ।
ਇੰਟਰਨੈਟ ਤੇ ਬਿਜਨਸ ਚਲਦੇ ਨੇ
ਯੁਗਤੀ ਬਦਲ ਗਈ ਵਪਾਰਾਂ ਦੀ।
ਪੈਰੀਂ ਤੁਰਨਾ ਲੋਕੀ ਭੁੱਲ ਗਏ ਨੇ
ਸਵਾਰੀ ਰਹਿ ਗਈ ਮੋਟਰ ਕਾਰਾਂ ਦੀ।
ਧੱਕੇਸ਼ਾਹੀ ਹਰ ਥਾਂ ਚੱਲਦੀ ਏ
ਕਦਰ ਘੱਟ ਗਈ ਸਮਝਦਾਰਾਂ ਦੀ।
ਡਾਕੇ ਦਿਨ ਦਿਹਾੜੇ ਪੈਂਦੇ ਨੇ
ਕੋਈ ਪਰਵਾਹ ਨਹੀਂ ਪਹਿਰੇਦਾਰਾਂ ਦੀ।
ਕੀ ਰਾਖੀ ਹੋਊ ਉਥੇ ਲੋਕਾਂ ਦੀ
ਜਿੱਥੇ ਹਿਫਾਜ਼ਤ ਨਹੀਂ ਥਾਣੇਦਾਰਾਂ ਦੀ।
ਬੇਲਗਾਮ ਜਦ ਘੋੜਾ ਹੋ ਜਾਵੇ
ਖੈਰ ਨਹੀਂ ਫਿਰ ਘੋੜ ਸਵਾਰਾਂ ਦੀ।
ਦਿਨ ਵੋਟਾਂ ਦੇ ਜਦ ਆਉਂਦੇ ਨੇ
ਸਹੀ ਵਰਤੋਂ ਕਰੋ ਅਧਿਕਾਰਾਂ ਦੀ।
ਜੇ ਕੁਝ ਬਣਨਾ ਚਾਹੁੰਦੇ ਹੋ
ਅਨਪੜ੍ਹਤਾ ਦੂਰ ਕਰੋ ਪਰਿਵਾਰਾਂ ਦੀ।
"ਹੀਰਾ" ਤੂੰ ਵੀ ਕਿਸੇ ਤੋਂ ਲੈ ਸਿੱਖਿਆ
ਕਦਰ ਹੈ ਨਹੀਂ ਤੇਰੇ ਵਿਚਾਰਾਂ ਦੀ।
ਕਦਰ ਹੈ ਨਹੀਂ ਤੇਰੇ ਵਿਚਾਰਾਂ ਦੀ।

**– ਕਸ਼ਮੀਰ ਸਿੰਘ ਹੀਰਾ**
**(916-798-8142)**




# ਸੰਤ ਰਾਮਾਨੰਦ ਜੀ ਦੀ ਚੌਥੀ ਬਰਸੀ ਮਨਾਈ ਗਈ




















ਸੈਕਰਾਮੈਂਟੋ (ਡੀ. ਡੀ. ਬੀ.)- ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਡੇਰਾ ਸੱਚਖੰਡ ਬੱਲਾਂ (ਜਲੰਧਰ) ਦੇ ਸ਼ਹੀਦ ਸੰਤ ਰਾਮਾਨੰਦ ਜੀ ਦੀ ਚੌਥੀ ਬਰਸੀ 26 ਮਈ ਦਿਨ ਐਤਵਾਰ ਨੂੰ ਮਨਾਈ ਗਈ। ਇਸ ਸਬੰਧਤ 24 ਮਈ ਦਿਨ ਸ਼ੁੱਕਰਵਾਰ ਨੂੰ ਸਰਵਸ੍ਰੀ ਗਿਆਨ ਚੰਦ ਕਾਜਲਾ ਅਤੇ ਸੁੱਖ ਰਾਮ ਚੰਦੜ ਪਰਿਵਾਰਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਤੇ 26 ਮਈ ਦਿਨ ਐਤਵਾਰ ਨੂੰ ਕੀਰਤਨ ਦਰਬਾਰ ਸਜਾਏ ਜਾਣਗੇ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਨਿਰਮਲ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਜਸਪਾਲ ਸਿੰਘ ਜੀ ਨੇ ਸ਼ਬਦ ਗਾਇਨ ਅਤੇ ਸੰਗਤਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਥਾ ਵੀ ਕੀਤੀ। ਇਸ ਮੌਕੇ ਹੋਰਨਾਂ ਜਿਹਨਾਂ ਬੁਲਾਰਿਆਂ ਨੇ ਸੰਤਾਂ ਦੇ ਜੀਵਨ ਅਤੇ ਸ਼ਹਾਦਤ ਬਾਰੇ ਦੋ ਸ਼ਬਦ ਰੱਖੇ, ਉਹਨਾਂ ਵਿਚ ਸਰਵ ਸ੍ਰੀ ਸਤੀਸ਼ ਰੱਲ੍ਹ, ਕੇਵਲ ਬੋਲੀਨਾ, ਕੈਨੇਡਾ ਤੋਂ ਤੇਜਪਾਲ ਰੰਧਾਵਾ ਅਤੇ ਬੀਬੀ ਹਰਵਿੰਦਰ ਕੌਰ ਆਦਿ ਦੇ ਨਾਂ ਸ਼ਾਮਲ ਹਨ।

ਡੇਰਾ ਬੱਲ੍ਹਾਂ ਦੇ ਅਨਿਨ ਸੇਵਕ ਸਰਵ ਸ੍ਰੀ ਸੁੱਖ ਰਾਮ ਚੰਦੜ ਅਤੇ ਸ੍ਰੀ ਗਿਆਨ ਚੰਦ ਕਾਜਲਾ ਦੇ ਸਪੁੱਤਰ ਸ੍ਰੀ ਹੰਸ ਰਾਜ ਕਾਜਲਾ ਜੀ ਦਾ ਗੁਰੂ ਘਰ ਦੀ ਕਮੇਟੀ ਨੇ ਸ੍ਰੀ ਅਖੰਡ ਪਾਠ ਦੀ ਸੇਵਾ ਕਰਾਉਣ ਲਈ ਧੰਨਵਾਦ ਕਰਦਿਆਂ ਸਿਰੋਪਾਓ ਨਾਲ ਸਨਮਾਨ ਕੀਤਾ। ਸਟੇਜ ਦੀ ਸੇਵਾ ਰਮੇਸ਼ ਬੰਗੜ ਜੀ ਨੇ ਬਾਖੂਬੀ ਨਾਲ ਨਿਭਾਈ।

# ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਪਹਿਲੇ ਨਗਰ ਕੀਰਤਨ ਦੀਆਂ ਤਿਆਰੀਆਂ

ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਦੀ ਨਵੀਂ ਕਮੇਟੀ, ਜਿਸਨੇ ਗੁਰੂ ਘਰ ਦੀ ਸੇਵਾ ਨਵੰਬਰ 28 ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਤੋਂ ਸੰਭਾਲੀ ਹੈ, ਗੁਰੂ ਘਰ ਵਿਚ ਸੇਵਾ ਸੰਭਾਲਣ ਤੋਂ ਹੀ ਨਵੇਂ ਨਵੇਂ ਕੌਮ ਦੀ ਚੜ੍ਹਦੀ ਕਲਾ ਵਾਲੇ ਪ੍ਰੋਗਰਾਮ ਸੰਗਤਾਂ ਦੇ ਸਹਿਯੋਗ ਨਾਲ ਉਲੀਕ ਰਹੀ ਹੈ। ਜਿਵੇਂ ਕਿ ਪਿਛਲੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਗੋਬਿੰਦ ਸਿੰਘ ਜੀ, ਗੁਰੂ ਰਵਿਦਾਸ ਮਹਾਰਾਜ ਜੀ ਗੁਰੂ ਸਾਹਿਬਾਨ ਦੀ ਯਾਦ ਵਿਚ ਸਮਾਗਮ, ਡਾ. ਅੰਬੇਦਕਰ ਦੀ ਤੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਯਾਦ ਵਿਚ ਪ੍ਰੀ ਨਿਰਵਾਣ ਦਿਵਸ ਅਤੇ ਜਨਮ ਦਿਨ ਤੋਂ ਇਲਾਵਾ ਜਨਮ ਦਿਨ ਤੇ ਸਹੀਦੀ ਸਮਾਗਮ ਵੱਡੇ ਪੱਧਰ ਤੇ ਕੀਤੇ ਜਾ ਚੁੱਕੇ ਹਨ। ਕਵੀ ਦਰਬਾਰ, ਢਾਡੀ ਦਰਬਾਰ ਨਾਲ ਸੰਗਤਾਂ ਨੂੰ ਜੋੜਨ ਦੇ ਉਪਰਾਲੇ ਹੋਏ ਹਨ। ਹੁਣ ਕਮੇਟੀ ਨੇ ਸੰਗਤ ਦੇ ਸਹਿਯੋਗ ਨਾਲ ਸਤਿਗੁਰੂ ਦੀ ਕਿਰਪਾ ਨਾਲ ਨਗਰ ਕੀਰਤਨ ਜੋ ਕਿ 6 ਜੁਲਾਈ ਦਿਨ ਸ਼ਨੀਵਾਰ ਨੂੰ ਨਿਕਲਣਾ ਹੈ, ਉਸ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਹਨ। ਨਿਊਯਾਰਕ ਸਿਟੀ ਵੱਲੋਂ ਪਰਮਿਟ ਮਿਲ ਗਏ ਹਨ। ਇਕ ਜੁਲਾਈ ਤੋਂ 15 ਜੁਲਾਈ ਤੱਕ ਵਿਸ਼ੇਸ਼ ਸਮਾਗਮ ਰੱਖੇ ਗਏ ਹਨ। ਨਗਰ ਕੀਰਤਨ ਫਰਵਰੀ ਵਿਚ ਮੌਸਮ ਜ਼ਿਆਦਾ ਠੰਢਾ ਹੋਣ ਕਰਕੇ ਬਰਫ ਪੈ ਜਾਂਦੀ ਹੈ, ਇਸ ਕਰਕੇ ਨਹੀਂ ਨਿਕਲ ਸਕਦਾਸੀ, ਨਾਲੇ ਬੱਚਿਆਂ ਨੂੰ ਵੀ ਜਲਦੀ ਛੁੱਟੀਆਂ ਹੁੰਦੀਆਂ ਹਨ। ਇਸ ਕਰਕੇ ਜੁਲਾਈ ਵਿਚ ਰੱਖਿਆ ਹੈ। ਇਹਨਾਂ ਮਹਾਨ ਦੀਵਾਨਾਂ ਵਿਚ ਪ੍ਰਸਿੱਧ ਕੀਰਤਨੀਏ ਭਾਈ ਸਰਬਜੀਤ ਸਿੰਘ ਲਾਡੀ ਦਰਬਾਰ ਸਾਹਿਬ ਵਾਲੇ, ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ, ਕਥਾਵਾਚਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲੇ, ਢਾਡੀ ਭਾਈ ਹਰਬੰਸ ਸਿੰਘ ਬਿਲਗਾ ਵਾਲੇ ਅਤੇ ਹੋਰ ਵੀ ਜਥੇ ਪਹੁੰਚ ਰਹੇ ਹਨ। ਜਿੱਥੇ ਸੰਗਤਾਂ ਨੂੰ ਵੀ ਇਹਨਾਂ ਮਹਾਨ ਦੀਵਾਨਾਂ ਅਤੇ ਨਗਰ ਕੀਰਤਨਾਂ ਵਿਚ ਪਹੁੰਚਣ ਦੀ ਬੇਨਤੀ ਹੈ, ਉਥੇ ਕੀਮਤੀ ਸੁਝਾਵਾਂ ਦੀ ਵੀ ਬਹੁਤ ਲੋੜ ਹੈ। ਹੋਰ ਜਾਣਕਾਰੀ ਲਈ 718-898-8150, 347-538-8296, 917-405-1168 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਈ ਮਰਦਾਨਾ ਜੀ ਦੀ ਮਿੱਠੀ-ਯਾਦ ਵਿੱਚ ਕੀਰਤਨ ਦਰਬਾਰ ਸਜਾਏ ਗਏ

ਨਿਊਯਾਰਕ (ਇਕਬਾਲ ਜੱਬੋਵਾਲੀਆ)- ਸ੍ਰੀ ਗੁਰੂ ਰਵਿਦਾਸ ਗੁਰੂ-ਘਰ ਵਿਖੇ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੱਕੇ ਸਾਥੀ, ਬ੍ਰਹਮ ਗਿਆਨੀ, ਰਾਗ ਵਿਦਿਅਕ ਤੇ ਰਬਾਬ ਦੇ ਧਨੀ ਭਾਈ ਸਾਹਿਬ ਭਾਈ ਮਰਦਾਨਾ ਜੀ ਦੀ ਨਿਘੀ ਅਤੇ ਮਿੱਠੀ ਯਾਦ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ ਸਜਾਏ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਸਮੇਂ ਭਾਈ ਮਰਦਾਨਾ ਜੀ ਨਾਲ ਰਹੇ।ਉਦਾਸੀਆਂ ਕਰਦੇ ਸਮੇਂ ਉਹ ਕਾਂਸ਼ੀ, ਬਨਾਰਸ ਵੀ ਪਹੁੰਚੇ ਅਤੇ ਸਤਿਗੁਰ ਰਵਿਦਾਸ ਜੀ ਅਤੇ ਸਤਿਗੁਰ ਕਬੀਰ ਜੀ ਨੂੰ ਮਿਲੇ। ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਨਾਲੋਂ 9 ਸਾਲ 2 ਮਹੀਨੇ ਵੱਡੇ ਸਨ। ਗੁਰੂ ਨਾਨਕ ਦੇਵ ਜੀ ਕੀਰਤਨ ਨੂੰ ਬੜਾ ਪਿਆਰ ਕਰਦੇ ਸਨ।ਭਾਈ ਮਰਦਾਨਾ ਜੀ ਰਾਗ ਵਿਦਿਅਕ ਦੇ ਗਿਆਨਵਾਨ ਹੋਣ ਕਰਕੇ ਵੱਖ ਵੱਖ ਰਾਗਾਂ 'ਚ ਰਬਾਬ ਵਜਾਇਆ ਕਰਦੇ ਸਨ।ਰੱਬੀ ਰੂਹਾਂ ਦੀ 47 ਸਾਲ ਸਾਂਝ ਰਹੀ। ਭਾਈ ਮਰਦਾਨਾ ਜੀ ਨੂੰ ਸਮ੍ਰਪਿਤ ਗੁਰੂ-ਘਰ ਵਿਖੇ 17 ਤਰੀਕ ਸ਼ੁਕਰਵਾਰ 11 ਵਜੇ ਅਖੰਡਪਾਠ ਸਾਹਿਬ ਦੀ ਆਰੰਭਤਾ ਕੀਤੀ ਗਈ।ਸ਼ੁਕਰਵਾਰ , ਸ਼ਨੀਵਾਰ ਤੇ ਐਤਵਾਰ ਸਵੇਰ ਤੱਕ ਚਾਹ, ਪਕੌੜਿਆਂ ਦੇ ਲੰਗਰ ਚਲਦੇ ਰਹੇ।


ਐਤਵਾਰ 10:30 ਵਜੇ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ। ਉਘੇ ਕੀਰਤਨੀਏ ਭਾਈ ਬਲਕਾਰ ਸਿੰਘ ਜਲੰਧਰ ਵਾਲੇ, ਸਰਬਜੀਤ ਸਿੰਘ ਗੁਰਦਾਸਪੁਰ, ਭਾਈ ਗੁਰਤਾਰ ਸਿੰਘ ਅਤੇ ਕਥਾ ਵਾਚਕਾਂ ਭਾਈ ਜੋਗਿੰਦਰ ਸਿੰਘ, ਭਾਈ ਮੁਖਤਿਆਰ ਸਿੰਘ ਫ਼ਲੱਸ਼ਿਗ ਗੁਰੂ-ਘਰ, ਭਾਈ ਅਮਰੀਕ ਸਿੰਘ ਮੁਕੇਰੀਆਂ ਅਤੇ ਕਵੀਸ਼ਰੀ ਜਥਾ ਭਾਈ ਕੇਵਲ ਸਿੰਘ ਤੇ ਸਾਥੀਆਂ ਨੇ ਭਾਈ ਮਰਦਾਨਾ ਜੀ ਦੀ ਜੀਵਨੀ 'ਤੇ ਚਾਨਣਾ ਪਾਇਆ। ਸਮੂਹ ਕੀਰਤਨੀਆਂ ਅਤੇ ਕਥਾ ਵਾਚਕਾਂ ਨੇ ਗੁਰੂ-ਘਰ ਦੀ ਸਮੁੱਚੀ ਕਮੇਟੀ ਨੂੰ ਭਾਈ ਮਰਦਾਨਾ ਜੀ ਦੀ ਯਾਦ ਮਨਾਉਣ ਲਈ ਸ਼ਲਾਘਾਯੋਗ ਕਦਮ ਕਿਹਾ ਤੇ ਨਵੀਂ ਪਿਰਤ ਪਾਉਂਣ ਲਈ ਧੰਨਵਾਦ ਕੀਤਾ। ਸ੍ਰੀ ਗੁਰੂ ਰਵਿਦਾਸ ਵੈਲਫ਼ੇਅਰ ਸੁਸਾਇਟੀ ਅਤੇ ਭਾਈ ਦੇਸ ਰਾਜ ਸਿੰਘ ਦੇ ਯਤਨਾਂ ਸਦਕਾ ਸਿੱਖ ਕੌਮ ਦੇ ਪ੍ਰਸਿੱਧ ਕਥਾ-ਵਾਚਕ ਭਾਈ ਅਮਰੀਕ ਸਿੰਘ ਜੀ ਚੰਡੀਗੜ੍ਹ ਵਾਲੇ ਦੀ ਸੁਰੀਲੀ ਅਵਾਜ਼ ਵਿੱਚ ਨਵੇਂ ਇਤਿਹਾਸ ਦੀ ਛੋਹ ਪ੍ਰਾਪਤ 'ਭਾਈ ਮਰਦਾਨਾ ਜੀ ਦੀ ਜੀਵਨੀ' 'ਤੇ ਸਮ੍ਰਪਿਤ ਸੀ. ਡੀ. ਵੀ ਰੀਲੀਜ਼ ਕੀਤੀ ਗਈ।



ਲੰਗਰਾਂ ਦੀ ਸੇਵਾ ਭਾਈ ਮਲਕੀਤ ਸਿੰਘ ਤੇ ਸਮੂਹ ਪਰਿਵਾਰ ਵਲੋਂ ਬੱਚੀ ਮਨਦੀਪ ਕੌਰ ਦੇ ਅਮਰੀਕਾ ਪਹੁੰਚਣ 'ਤੇ ਸਤਿਗੁਰਾਂ ਦਾ ਸ਼ੁਕਰਾਨਾ ਕੀਤਾ ਤੇ ਸੇਵਕ ਪਰਿਵਾਰ ਨੂੰ ਗੁਰੂ-ਘਰ ਵਲੋਂ ਸਿਰੋਪਾਉ ਭੇਂਟ ਕੀਤਾ ਗਿਆ। ਸਟੇਜ਼ ਦੀ ਸੇਵਾ ਚਰਨਜੀਤ ਸਿੰਘ ਝੱਲੀ ਨੇ ਵਧੀਆ ਤਰੀਕੇ ਨਾਲ ਨਿਭਾਈ ਅਤੇ ਆਈ ਸਮੂਹ ਸੰਗਤ ਦਾ ਧੰਨਵਾਦ ਕੀਤਾ।

# ਸਤਿਗੁਰੂ ਕਬੀਰ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ

ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਸਮੁੱਚੀ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵਿਖੇ 7, 8 ਅਤੇ 9 ਜੂਨ ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਵਿਸ਼ੇਸ਼ ਦੀਵਾਨ ਸਜਾ ਕੇ ਮਨਾਏ ਜਾ ਰਹੇ ਹਨ। ਸਤਿਗੁਰੂ ਕਬੀਰ ਮਹਾਰਾਜ ਜੀ ਜਿਹਨਾਂ ਬਨਾਰਸ ਦੀ ਧਰਤੀ ਤੇ ਪ੍ਰਗਟ ਹੋ ਕੇ ਜਾਤ ਅਭਿਮਾਨੀ ਧਰਮ ਦੇ ਠੇਕੇਦਾਰਾਂ ਨੂੰ ਰੱਬੀ ਬਾਣੀ ਸਮਝਾਉਂਦਿਆਂ ਪਰਮਾਰਥ ਦੇ




ਰਸਤੇ 'ਤੇ ਪਾਇਆ।

ਗੁਰੂ ਘਰ ਵਿਖੇ ਸ਼ੁੱਕਰਵਰ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਐਤਵਾਰ ਭੋਗ ਪੈਣ ਉਪਰੰਤ ਐਤਵਾਰ ਦਾ ਸਾਰਾ ਦਿਨ ਦੀਵਾਨ ਸਜਣਗੇ। ਇਹਨਾਂ ਦੀਵਾਨਾਂ ਵਿਚ ਪੰਥ ਪ੍ਰਸਿੱਧ ਕੀਰਤਨੀ ਜਥੇ, ਪ੍ਰਚਾਰਕ, ਢਾਡੀ ਅਤੇ ਕਵੀਸਰ ਪਹੁੰਚ ਕੇ ਸੰਗਤਾਂ ਨੂੰ ਗੁਰੂ ਜਸ ਨਾਂਲ ਜੋੜਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸੰਗਤਾਂ ਨੂੰ ਵਧ ਚੜ੍ਹ ਕੇ ਗੁਰੂ ਘਰ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

# ਸ੍ਰੀ ਚਰਨਦਾਸ ਚੁੰਬਰ ਦੀ ਅਚਾਨਕ ਮੌਤ

ਸੈਕਰਾਮੈਂਟੋ (ਰਾਜ ਸੂਦ) ਸਾਬਕਾ ਡੀ. ਡੀ. ਪੀ. ਓ. ਸ੍ਰੀ ਚਰਨ ਦਾਸ ਚੁੰਬਰ 67 ਸਾਲ ਦੀ ਉਮਰ ਵਿਚ ਬੀਤੀ 21 ਮਈ ਨੂੰ ਦਿਲ ਦਾ ਦੌਰਾ ਪੈ ਜਾਣ ਕਾਰਨ ਅਚਾਨਕ ਅਕਾਲ ਚਲਾਣਾ ਕਰ ਗਏ। ਸਵਰਗੀ ਸ੍ਰੀ ਚਰਨ ਦਾਸ ਚੁੰਬਰ ਆਪਣੇ ਪਿੱਛੇ ਬਿਰਧ ਮਾਤਾ, ਦੋ ਬੇਟੇ, ਤਿੰਨ ਬੇਟੀਆਂ, ਪੋਤੇ ਪੋਤਰੀਆਂ ਅਤੇ ਦੋਹਤੇ-ਦੋਹਤਰੀਆਂ ਨੂੰ ਛੱਡ ਗਏ ਹਨ। ਆਪ ਨੇ ਐਮ. ਏ. ਤੱਕ ਦੀ ਵਿੱਦਿਆ ਹਾਸਲ ਕੀਤੀ ਅਤੇ ਇਕ ਕਲਰਕ ਵਜੋਂ ਨੌਕਰੀ ਦੀ ਸ਼ੁਰੂਆਤ ਕੀਤੀ ਅਤੇ ਆਪਣੀ ਮਿਹਨਤ ਅਤੇ ਇਮਾਨਦਾਰੀ ਨਾਲ ਬੀ. ਡੀ. ਪੀ. ਓ. ਦੇ ਅਹੁਦੇ ਤੋਂ ਨਵਾਂ ਸ਼ਹਿਰ ਤੋਂ ਰਿਟਾਇਰ ਹੋਏ ਸਨ। ਉਹ ਆਪਣੇ ਬੇਟੇ ਤੇ ਬੇਟੀ ਕੋਲ 10 ਸਾਲ ਤੋਂ ਸੈਕਰਾਮੈਂਟੋ ਵਿਚ ਰਹਿ ਰਹੇ ਸਨ।



ਉਹਨਾਂ ਦੇ ਅੰਤਿਮ ਦਰਸ਼ਨ ਮਿਤੀ 9 ਜੂਨ ਨੂੰ ਨੌਰਥ ਸੈਕਰਾਮੈਂਟੋ ਫਿਊਨਰਲ ਹੋਮ, 725 ਐਲਕਮੀਨੋ ਐਵਨਿਊ, ਸੈਕਰਾਮੈਂਟ ਵਿਖੇ ਦੁਪਹਿਰ 2 ਤੋਂ ਸ਼ਾਮੀ 4 ਵਜੇ ਤੱਕ ਹੋਣਗੇ। ਇਸ ਤੋਂ ਬਾਅਦ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਵਿੱਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਜਾਵੇਗੀ। ਉਹਨਾਂ ਦਾ ਅੰਤਿਮ ਸਸਕਾਰ ਲੁਧਿਆਣਾ ਵਿਖੇ ਕੀਤਾ ਜਾਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹਨਾਂ ਦੇ ਬੇਟੇ ਬਲਵਿੰਦਰ ਸਿੰਘ ਨਾਲ 916-889-1512 ਅਤੇ ਦਾਮਾਦ ਸ੍ਰੀ ਸਤਨਾਮ ਕਰਾ ਨਾਲ 916-256-7666 ਜਾਂ ਇੰਡੀਆ 95012-80900 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਬਾਣੀ ਸੰਥਿਆ ਵਿਚਾਰ ਕਲਾਸ 9 ਜੂਨ ਨੂੰ

ਹੇਵਰਡ- ਗੁਰਦੁਆਰਾ ਹੇਵਰਡ ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ. ਐਸ. ਏ. ਅਤੇ ਮੁੱਖ ਗ੍ਰੰਥੀ ਭਾਈ ਪ੍ਰਵੀਨ ਸਿੰਘ ਦੇ ਉਦਮ ਸਦਕਾ ਆਗਾਮੀ 9 ਜੂਨ ਨੂੰ ਸਥਾਨਕ ਗੁਰੂ ਘਰ ਵਿਖੇ ਦੁਪਹਿਰੇ 2 ਤੋਂ 3 ਵਜੇ ਤੱਕ ਹਰ ਦੂਜੇ ਐਤਵਾਰ ਗੁਰਬਾਣੀ ਸੰਥਿਆ ਕਲਾਸ ਲੱਗਿਆ ਕਰੇਗੀ।

ਇਸ ਸਬੰਧੀ ਹੋਰ ਜਾਣਕਾਰੀ ਲਈ 510-432-5827ਜਾਂ 510-888-1600 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ ਕੈਲੇਫੋਰਨੀਆ ਨੇ ਮਨਾਇਆ ਬਾਬਾ ਸਾਹਿਬ ਭੀਮ ਰਾਓ ਜੀ ਦਾ 122 ਵਾਂ ਜਨਮ ਉਤਸਵ

ਪਿਟਸਬਰਗ- ਬੀਤੀ ਮਈ 26 - 2013 ਨੂੰ ਆਈ . ਬੀ . ਓ . ਕੈਲੇਫੋਰਨੀਆਂ ਨੇ ਮਹਿਰਾਨ ਰੈਸਟੋਰੈਂਟ ਪਿਟਸਬਰਗ ਵਿਖੇ ਬਾਬਾ ਸਾਹਿਬ ਜੀ ਦਾ ਜਨਮ ਉਤਸਵ ਬਹੁਤ ਹੀ ਜੋਸ਼ੋ ਖਰੋਸ ਨਾਲ ਮਨਾਇਆ ਗਿਆ । ਇਸ ਸਮਾਗਮ ਦੀ ਸ਼ਾਨ ਮੋਹਣ ਨਿਰਲਾ ਜੀ ਸਨ। (ਏ.ਆਈ.ਸੀ.) ਅੰਬੇਦਕਰ ਇੰਟਰਨੈਸ਼ਨਲ ਸੈਂਟਰ ਦੇ ਪਰਧਾਨ ਮੋਹਣ ਨਿਰਾਲਾ ਜੀ ਵਾਸ਼ਿੰਗਟਨ ਡੀ. ਸੀ ਤੋਂ ਖਾਸ ਤੌਰ ਉਤੇ ਇਸ ਸਮਾਗਮ ਵਿਚ ਹਿੱਸਾ ਲੈਣ ਵਾਸਤੇ ਪਹੁੰਚੇ। ਸਭ ਤੋਂ ਪਹਿਲਾਂ ਬਾਬਾ ਸਾਹਿਬ ਜੀ ਨੂੰ ਸ਼ਰਧਾ ਦੇ ਤੌਰ ਉੱਤੇ ਮਾਲਾ ਮਹਿਨਾਈ ਗਈ । ਆਏ ਹੋਏ ਸਭ ਸਾਥੀਆਂ ਨੇ ਬਾਬਾ ਸਾਹਿਬ ਜੀ ਦੀ ਫੋਟੋ ਨੂੰ ਫੁੱਲ ਭੇਂਟ ਕੀਤੇ। ਪਰਧਾਨਗੀ ਮੰਡਲ ਵਿਚ ਸਰਵ ਸ਼ਿਰੀ ਮੋਹਣ ਨਿਰਾਲਾ ਜੀ (ਮੁੱਖ ਮਹਿਮਾਨ) ਸੁੱਚਾ ਰਾਮ ਭਾਰਟਾ ਜੀ (ਚੇਅਰਮੈਨ ਸ਼ਿਰੀ ਗੁਰੂ ਰਵਿਦਾਸ ਸਭਾ ਬੇ-ਏਰੀਆ) ਕੇਵਲ ਬੋਲੀਨਾ ਜੀ ਸੈਕਰਾਮੈਂਟੋ , ਆਰ.ਸੀ.ਪਾਲ ਜੀ (ਰਿਟਾਇਰ ਜੱਜ) ਅਤੇ ਮੋਹਣ ਗਿੱਲ ਜੀ ਯੂਬਾ ਸਿਟੀ (ਸਾਬਕਾ ਜਨਰਲ ਸਕੱਤਰ ਆਈ.ਬੀ.ਓ.) ਨੂੰ ਬਿਠਾਇਆ ਗਿਆ। ਇਹ ਸਾਰੇ ਸਤਿਕਾਰ ਯੋਗ ਸ਼ਖਸ਼ੀਅਤਾਂ ਬਾਬਾ ਸਾਹਿਬ ਅੰਬੇਦਕਰ ਜੀ ਦੇ ਮਿਸ਼ਨ ਨੂੰ ਸਮਰਪਿਤ ਹਨ। ਸਭ ਤੋਂ ਪਹਿਲਾਂ ਪੰਜਾਬੀ ਗਾਇਕ ਕੁਮਾਰ ਖਟਕੜ ਜੀ ਨੇ ਮਿਸ਼ਨਰੀ ਗੀਤ ਗਾ ਕੇ ਪਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਤੋਂ ਪਿੱਛੋਂ ਦਸ਼ਵਿੰਦਰ ਪਾਲ ਵਿੰਨੀ (ਚੇਅਰਮੈਨ ਆਈ.ਬੀ.ਓ. ਕੈਲੇਫੋਰਨੀਆਂ ) ਨੇ ਬਹੁਤ ਹੀ ਜੋਸ਼ੀਲੇ ਗੀਤਾਂ ਨਾਲ ਪਰੋਗਰਾਮ ਵਿਚ ਰੰਗ ਬੰਨ ਦਿੱਤਾ। ਤਕਰੀਰਾਂ ਦੀ ਸ਼ੁਰੂਆਤ ਵਾਸਤੇ ਸਭ ਤੋਂ ਪਹਿਲਾਂ ਗੁਰਬਚਨ ਚੋਪੜਾ (ਯੂਬਾ ਸਿਟੀ) ਜੀ ਨੂੰ ਸੱਦਾ ਦਿੱਤਾ ਗਿਆ। ਚੋਪੜਾ ਜੀ ਨੇ ਵੱਖ ਵੱਖ ਪਾਰਟੀਆਂ ਵਿਚ ਬੈਠੇ ਅਤੇ ਸੱਤਾ ਦਾ ਅਨੰਦ ਮਾਣ ਰਹੇ ਅਤੇ ਆਪਣੇ ਭਾਈਚਾਰੇ ਦੇ ਦੁੱਖਾਂ ਨੂੰ ਭੁੱਲ ਚੁੱਕੇ ਲੀਡਰਾਂ ਨੂੰ ਲੰਮੇ ਹੱਥੀਂ ਲਿਆ। "ਯੁਨਾਈਟਡ ਅਵੇਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਕੈਲੇਫੋਰਨੀਆ ਯੂ.ਐਸ.ਏ." ਵਲੋਂ ਖਾਸ ਤੌਰ ਉੱਤੇ ਸ਼ਾਮਿਲ ਹੋਣ ਵਾਸਤੇ ਆਏ ਹੰਸ ਰਾਜ ਕਾਜਲਾ ਜੀ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਸਾਨੂੰ ਅਮਰੀਕਾ ਵਿਚ ਆਪਣੇ ਬੱਚਿਆਂ ਨੂੰ ਆਪਣੇ ਵਿਰਸੇ ਅਤੇ ਰਹਿਬਰਾਂ ਬਾਰੇ ਸਾਹਿਤ ਉਪਲਬਧ ਕਰਵਾਉਣਾ ਚਾਹੀਦਾ ਹੈ ਤਾਂ ਜੋ ਨੇੜ ਭਵਿਖ ਵਿਚ ਉਹ ਇਸ ਪਰੰਪਰਾ ਨੂੰ ਜਾਰੀ ਰੱਖ ਸਕਣ। ਸੋਨੂੰ ਅੰਬੇਦਕਰ (ਸਾਬਕਾ ਪਰਧਾਨ ਆਈ. ਬੀ. ਓ.) ਨੇ ਗੱਲ ਨੂੰ ਅੱਗੇ ਤੋਰਦਿਆਂ ਦੱਸਿਆ ਕੇ ਬਾਬਾ ਸਾਹਿਬ ਦੇ ਪਾਏ ਪੂਰਨਿਆਂ ਤੇ ਚੱਲ ਕੇ ਹੀ ਅਸੀਂ ਆਪਣੀ ਮੰਜ਼ਿਲ (ਸੱਤਾਂ ਪ੍ਰਾਪਤੀ) ਤੇ ਪਹੁੰਚ ਸਕਦੇ ਹਾਂ।

ਪ੍ਰੇਮ ਕੁਮਾਰ ਚੁੰਬਰ (ਮੁੱ ਖ ਸੰਪਾਦਕ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ) ਜੀ ਨੇ ਵਿਦਿਆ ਦੇ ਪਸਾਰ ਵਾਸਤੇ ਯਤਨਾਂ ਉੱਤੇ ਜੋਰ ਦੇਣ ਵਾਸਤੇ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕੇ ਬਾਬਾ ਸਾਹਿਬ ਜੀ ਦੇ ਮਿਸ਼ਨ ਨੂੰ ਸਮਰਪਿਤ ਜਥੇਬੰਦੀ (ਆਈ. ਬੀ. ਓ. ਕੈਲੇਫੋਰਨੀਆ) ਇਸ ਉਪਰਾਲੇ ਵਾਸਤੇ ਵਧਾਈ ਦੀ ਪਾਤਰ ਹੈ ਰਕੇਸ਼ ਚੰਦਰ (ਸੈਕਰਾਮੈਂਟੋ) ਜੀ ਨੇ ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀ ਆਏ ਹੋਏ ਸਾਰੇ ਭਰਾਵਾਂ ਭੈਣਾਂ ਨੂੰ ਵਧਾਈ ਦਿੱਤੀ। ਆਈ.ਬੀ.ਓ.ਦੇ ਮੁਢਲੇ ਮੈਂਬਰ ਧਰਮ ਪਾਲ ਚੌਕੜੀਆਂ ਜੀ ਦੇ ਛੋਟੇ ਬੇਟੇ ਵਿਕਾਸ ਚੌਕੜੀਆਂ ਨੇ ਗਾਂਧੀ ਅਤੇ ਬਾਬਾ ਸਾਹਿਬ ਜੀ ਦੇ ਵਿਚਾਰਾਂ ਦੇ ਵੱਖਰੇਵਿਆਂ ਤੋਂ ਜਾਣੂ ਕਰਵਾਉਂਦੇ ਹੋਏ ਕਿਹਾ ਕੇ ਭਾਰਤ ਦਾ ਭਵਿਖ ਬਾਬਾ ਸਾਹਿਬ ਅੰਬੇਦਕਰ ਜੀ ਹਨ ਗਾਂਧੀ ਨਹੀਂ। ਪੰਜਾਬੀ ਗੀਤਕਾਰ ਰਾਜ ਕੁਮਾਰ ਸੂਦ ਜੀ ਨੇ ਕਿਹਾ ਕੇ ਆਪਣੇ ਜੀਵਨ ਵਿਚ ਬਾਬਾ ਸਾਹਿਬ ਜੀ ਦੇ ਵਿਚਾਰਾਂ ਨੂੰ ਅਪਣਾ ਕੇ ਉਨ੍ਹਾਂ ਤੇ ਚਲਣਾ ਸਮੇਂ ਦੀ ਮੁੱਖ ਲੋੜ ਹੈ।

ਗਿਆਨੀ ਹਰਬਲਾਸ ਸਿੰਘ ਜੀ (ਬਹੁਜਨ ਸਮਾਜ ਪਾਰਟੀ ਦੇ ਵਿਸ਼ੇਸ਼ ਕਾਡਰ) ਜੀ ਹਮੇਸ਼ਾਂ ਵਾਂਗ ਨਵੇਂ ਸੰਦੇਸ਼ ਲੈ ਕੇ ਹਾਜ਼ਰ ਹੋਏ। ਉਨ੍ਹਾਂ ਨੇ ਕਿਹਾ ਅਗਰ ਤੁਸੀਂ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਮੰਨਦੇ ਹੋ ਤਾਂ ਤੁਹਾਨੂੰ ਬਹੁਜਨ ਸਮਾਜ ਪਾਰਟੀ ਦੀ ਸਿੱਧੇ ਤੌਰ ਉੱਤੇ ਹਮਾਇਤ ਕਰਨੀ ਚਾਹੀਦੀ ਹੈ। ਬਹੁਜਨ ਸਮਾਜ ਪਾਰਟੀ ਦੀ ਸਰਕਾਰ ਬਣਨ ਤੋਂ ਬਗੈਰ ਸਾਡੇ ਦੁੱਖਾਂ ਦਾ ਕੋਈ ਹੱਲ ਨਹੀਂ ਹੋ ਸਕਦਾ। ਰਮੇਸ਼ ਬੰਗੜ ਸੈਕਰਾਮੈਂਟੋ ਜੀ ਨੇ ਦੱਸਿਆ ਕੇ ਬੇਸ਼ਕ ਉਨ੍ਹਾਂ ਨੇ ਕੁਝ ਦੇਰ ਤੋਂ ਹੀ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਮਿਸ਼ਨ ਬਾਰੇ ਪੜ੍ਹਨਾ ਸ਼ੁਰੂ ਕੀਤਾ ਹੈ ਪਰ ਮੇਰੀ ਤਾਂ ਸਾਰੀ ਸੋਚ ਹੀ ਬਦਲ ਗਈ ਹੈ। ਮੈਂ ਹੁਣ ਹੀ ਅਸਲੀਅਤ ਤੋਂ ਜਾਣੂ ਹੋ ਸਕਿਆ ਹਾਂ। ਕੇਵਲ ਬੋਲੀਨਾ ਜੀ ਨੇ ਦੱਸਿਆ ਕੇ ਬੇਸ਼ਕ ਉਹ ਬਚਪਨ ਤੋਂ ਹੀ ਬਾਬਾ ਸਾਹਿਬ ਜੀ ਦੇ ਮਿਸ਼ਨ ਨਾਲ ਜੁੜੇ ਰਹੇ ਹਨ। ਅਮਰੀਕਾ ਵਿਚ ਇਹ ਆਈ.ਬੀ.ਓ. ਦੀ ਹੀ ਦੇਣ ਹੈ ਕੇ ਅਸੀਂ ਇਸ ਯੋਗ ਹੋਏ ਹਾਂ ਕੇ ਆਪਣੀ ਗੱਲ ਫ਼ਖਰ ਨਾਲ ਕਰ ਸਕਦੇ ਹਾਂ। ਉਨ੍ਹਾਂ ਕਿਹਾ ਸਾਨੂੰ ਵੱਧ ਤੋਂ ਵੱਧ ਆਪਣੇ ਸਮਾਜ ਦੇ ਹਿਤਾਂ ਵਾਸਤੇ ਸੋਚਣ ਸਮਝਣ ਦੀ ਲੋੜ ਹੈ।

ਮੋਹਣ ਰਾਮ ਪਾਲ ਜੀ ਨੇ ਆਪਣੇ ਕੁੰਜੀਵਤ ਭਾਸਣ ਵਿਚ ਕੌਮਾਂ ਦੇ ਬਹੁਜਨ ਸਮਾਜ ਬਣਨ ਵਿਚ ਆ ਰਹੀਆਂ ਰੁਕਾਵਟਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਸੰਖੇਪ ਵਿਚ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕੇ ਕਿਸ ਤਰਾਂ ਭਾਰਤ ਵਰਸ਼ ਦੇ ਵਸਨੀਕਾਂ ਨੂੰ ਛੇ ਹਜ਼ਾਰ ਜਾਤਾਂ ਵਿਚ ਵੰਡ ਕੇ, ਉਨ੍ਹਾਂ ਵਿਚ ਵਿਤਕਰੇ ਭਰ ਕੇ, ਚਲਾਕ ਲੋਕਾਂ ਨੇ ਅਪਣਾ ਰਾਜ ਭਾਗ ਕਾਇਮ ਰੱਖਿਆ ਹੋਇਆ ਹੈ। ਮਿਸ਼ਨਰੀ ਗੀਤਕਾਰ ਅਮਰ ਦੜੋਚ ਨੇ ਗੁਰੂ ਰਵਿਦਾਸ ਜੀ ਦੇ ਸ਼ਲੋਕਾਂ ਨੂੰ ਮੁੱਖ ਰੱਖ ਕੇ ਦੱਸਿਆ ਕੇ ਜਦ ਤੱਕ ਅਸੀਂ ਇੱਕਮੁੱਠ ਹੋ ਕੇ ਸੰਘਰਸ਼ ਨਹੀਂ ਕਰਦੇ ਅਸੀਂ ਕਾਮਯਾਬ ਨਹੀਂ ਹੋ ਸਕਦੇ। ਸੁੱਚਾ ਰਾਮ ਭਾਰਟਾ ਜੀ ਨੇ ਆਪਣੇ ਭਾਸ਼ਨ ਵਿਚ ਕਿਹਾ ਕੇ ਸਾਨੂੰ ਆਪਣੇ ਘਰ ਦੀ ਲੋੜ ਹੈ ਜਿੱਥੇ ਬੈਠ ਕੇ ਅਸੀਂ ਵਿਚਾਰਾਂ ਅਤੇ ਗੋਸ਼ਟੀਆਂ ਕਰ ਸਕੀਏ। ਆਪਣੇ ਘਰ ਤੋਂ ਉਨ੍ਹਾਂ ਦਾ ਭਾਵ ਸੀ (ਅੰਬੇਦਕਰ ਭਵਨ ਦੀ ਸਥਾਪਨਾ) ਅੰਬੇਦਕਰ ਭਵਨ ਬਣਾਉਣ ਦਾ ਆਈ.ਬੀ.ਓ. ਦਾ ਸੁਪਨਾ ਸਾਨੂੰ ਪੂਰਾ ਕਰਨ ਵਾਸਤੇ ਯਤਨ ਕਰਨੇ ਚਾਹੀਦੇ ਹਨ। ਮੋਹਨ ਗਿੱਲ ਜੀ ਨੇ ਬਾਬਾ ਸਾਹਿਬ ਜੀ ਦੀ ਰਾਜਨੀਤਕ ਪਹੁੰਚ ਬਾਰੇ ਜਾਣ ਪਛਾਣ ਕਰਾਈ। ਉਨ੍ਹਾਂ ਨੇ ਕਿਹਾ ਬਾਬਾ ਸਾਹਿਬ ਦੇ ਦੱਸੇ ਮਾਰਗ ਉੱਤੇ ਚਲਣ ਤੋਂ ਬਗੈਰ ਸਾਡੇ ਕੋਲ ਹੋਰ ਕੋਈ ਵੀ ਚਾਰਾ ਨਹੀਂ ਹੈ। ਉਨ੍ਹਾਂ ਕਿਹਾ ਆਓ ਰਲ ਕੇ ਹੰਭਲਾ ਮਾਰੀਏ। ਸੁਖਵੀਰ ਹੀਰ (ਸਕੱਤਰ ਆਈ.ਬੀ.ਓ.) ਆਏ ਹੋਏ ਸਭ ਸਾਥੀਆਂ ਦਾ ਧੰਨਵਾਦ ਕੀਤਾ, ਕੇ ਜਿਨ੍ਹਾਂ ਨੇ ਇਸ ਸਮਾਗਮ ਵਿਚ ਪਹੁੰਚ ਕੇ ਇਸ ਪ੍ਰੋਗਰਾਮ ਨੂੰ ਸਫਲ ਬਣਾਇਆ ਹੈ।

ਮੋਹਨ ਨਿਰਾਲਾ ਜੀ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਸਲਾਇਡਾਂ ਰਾਹੀਂ ਬਹੁਜਨ ਸਮਾਜ ਤੇ ਹੋ ਰਹੇ ਜ਼ੁਲਮਾਂ ਦੀ ਦਾਸਤਾਨ ਦਿਖਾਈ । ਉਨ੍ਹਾਂ ਨੇ ਨਾਲ ਨਾਲ ਹੀ ਇਸ ਸਭ ਦੀ ਵਿਆਖਿਆ ਵੀ ਕੀਤੀ। ਉਨ੍ਹਾਂ ਦਾ ਇਹ ਪ੍ਰੋਗਰਾਮ ਬਹੁਤ ਹੀ ਸ਼ਲਾਘਾਯੋਗ ਸੀ ਅਤੇ ਗਿਆਨ ਭਰਪੂਰ ਅਤੇ ਜਾਣਕਾਰੀ ਭਰਪੂਰ ਵੀ ਸੀ। ਉਨ੍ਹਾਂ ਨੇ ਦੱਸਿਆ ਕੇ ਕਿਸ ਤਰਾਂ ਸਾਹਿਬ ਕਾਂਸ਼ੀ ਰਾਮ ਜੀ ਦੀਆ ਸਾਇਕਲ ਯਾਤਰਾਵਾਂ ਵਿਚ ਸਹਿਯੋਗ ਕੀਤਾ ਸੀ। ਦੇਸ਼ ਦੇ ਅਜ਼ਾਦ ਹੋ ਜਾਣ ਤੋਂ ਬਾਅਦ ਵੀ ਸਾਡੇ ਲੋਕ ਗੁਲਾਮ ਹੀ ਹਨ। ਅੱਤਿਆਚਾਰਾਂ ਦਾ ਸਿਲਸਿਲਾ ਬਦਸਤੂਰ ਜਾਰੀ ਹੈ। ਸਾਨੂੰ ਇਕੱਠੇ ਹੋ ਚੱਲਣਾ ਪੈਣਾ ਹੈ। ਯਾਦ ਰਹੇ ਮੋਹਣ ਨਿਰਾਲਾ ਜੀ ਵਾਸ਼ਿੰਗਟਨ .ਡੀ. ਸੀ. ਤੋਂ ਇਸ ਸਮਾਗਮ ਵਿਚ ਸ਼ਾਮਿਲ ਹੋਣ ਵਾਸਤੇ ਵਿਸ਼ੇਸ਼ ਤੌਰ ਉੱਤੇ ਆਏ ਸਨ। ਸਾਥੋਂ ਕੁਝ ਚਿਰ ਪਹਿਲਾਂ ਵਿੱਛੜ ਚੁੱਕੇ ਆਈ.ਬੀ.ਓ.ਦੇ ਬਾਨੀਆਂ ਵਿੱਚੋਂ ਇਕ (ਧਰਮ ਸਿੰਘ ਭਾਰਤੀ) ਜੀ ਦੀ ਪਤਨੀ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਵਿਸ਼ੇਸ਼ ਤੌਰ ਤੇ ਇਸ ਸਮਾਗਮ ਵਿਚ ਪੁੱਜੇ। ਉਨ੍ਹਾਂ ਨੂੰ ਇਕ ਯਾਦਗਾਰੀ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ। ਸੰਤੋਖ ਨਾਰ ਜੀ ਨੇ ਇਸ ਕੋਸ਼ਿਸ਼ ਵਾਸਤੇ ਆਈ.ਬੀ.ਓ. ਦਾ ਧੰਨਵਾਦ ਕੀਤਾ। ਬੀਬੀ ਕਰਤਾਂਰ ਕੌਰ ਜੀ ਨੇ ਇਸ ਕਾਫਲੇ ਨੂੰ ਚਲਦਾ ਰੱਖਣ ਵਾਸਤੇ ਆਪਣਾ ਆਸ਼ੀਰਵਾਦ ਦਿੱਤਾ। ਸੁਖਵੀਰ ਹੀਰ ਜੀ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਪ੍ਰੇਮ ਕੁਮਾਰ ਚੁੰਬਰ ਜੀ ਤੇ ਓਹਨਾਂ ਦੇ ਅਖਬਾਰਾਂ ਦੀ ਭਰਪੂਰ ਪਰਸੰਸਾ ਕਰਦਿਆਂ ਜਨਰਲ ਸਕੱਤਰ ਕਮਲਦੇਵ ਪਾਲ ਨੇ ਕਿਹਾ ਕਿ ਪ੍ਰੇਮ ਕੁਮਾਰ ਚੁੰਬਰ ਨੂੰ ਉਹਨਾਂ ਦੀ ਡਾ. ਅੰਬੇਦਕਰ ਅਤੇ ਉਹਨਾਂ ਦੇ ਮਿਸ਼ਨ ਪ੍ਰਤੀ ਸੱਚੀ ਲਗਨ ਨੂੰ ਦੇਖਦਿਆਂ ਆਈ ਬੀ ਓ ਉਹਨਾਂ ਦਾ ਪਲੈਕ ਨਾਲ ਸਨਮਾਨ ਕਰਦੀ ਹੈ। ਕੇਵਲ ਬੋਲੀਨਾ ਜੀ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਬਿੱਟੂ ਬੈਂਸ ਨੇ ਬਾਬਾ ਸਾਹਿਬ ਦੇ ਜੀਵਨ ਬਾਬਤ ਜਾਣਕਾਰੀ ਭਰਪੂਰ ਚਰਚਾ ਕੀਤੀ। ਰਵਿੰਦਰ ਜੱਖੂ ਜੀ ਨੇ ਬਹੁਤ ਹੀ ਜਾਣਕਾਰੀ ਭਰਪੂਰ ਤੱਥ ਸਾਹਮਣੇ ਲਿਆਂਦੇ। ਰਾਮ ਪਰਕਾਸ਼ ਰਾਜੂ ਜੀ ਨੇ ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀ ਸਭ ਨੂੰ ਵਧਾਈ ਦਿੱਤੀ। ਸ਼ਾਮਪਾਲ ਜੀ, ਸਰਪੰਚ ਦਿਆਲ ਨਾਰ ਜੀ ਯੂਬਾ ਸਿਟੀ, ਜੀਨਾ ਭਾਟੀਆ ਅਤੇ ਉਨ੍ਹਾਂ ਦੇ ਪਰਿਵਾਰ ਨੇ ਵਿਸ਼ੇਸ਼ ਤੌਰ ਉੱਤੇ ਹਾਜ਼ਰੀ ਲਗਵਾਈ।

ਰਿੱਕੀ ਡਿਜੀਟਲ ਸੈਂਟਰ ਕੈਲੀਫੋਰਨੀਆਂ ਨੇ ਇਸ ਸਮਾਗਮ ਪੂਰੀ ਕਵਰੇਜ਼ ਕੀਤੀ। ਹਮੇਸ਼ਾਂ ਵਾਂਗ ਇਹ ਉੱਦਮ ਉਸਨੇ ਆਪਣੇ ਖਰਚੇ ਉੱਪਰ ਕੀਤਾ । ਉਸਦੇ ਸਾਥੀ ਜੋ ਇਸ ਕਾਰਜ ਵਿਚ ਹਮੇਸ਼ਾ ਸਹਾਇਤਾ ਕਰਦੇ ਹਨ। ਜਿਵੇਂ ਹੇਮ ਰਾਜ ਲੱਧੜ , ਬਿੱਟੂ ਬੈਂਸ , ਸਨੀ ਦਾ ਖਾਸ ਤੌਰ ਉੱਤੇ ਧੰਨਵਾਦ ਕੀਤਾ ਗਿਆ। ਰਿੱਕੀ ਡਿਜੀਟਲ ਸੈਂਟਰ (ਉਪਿੰਦਰ ਪਾਲ) ਨੂੰ ਇਕ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਆਈ. ਬੀ. ਓ. ਕੈਲੇਫੋਰਨੀਆ ਉਸਦੇ ਇਸ ਨਿਸ਼ਕਾਮ ਕਾਰਜ ਵਾਸਤੇ ਉਸਦੀ ਬਹੁਤ ਬਹੁਤ ਧੰਨਵਾਦੀ ਹੈ। ਸਰਵ ਸਿਰੀ ਅਜੇ ਕਟਾਰੀਆ, ਧਰਮ ਪਾਲ ਚੌਕੜੀਆਂ, ਦਸ਼ਵਿੰਦਰ ਵਿਨੀ ਪਾਲ , ਸਤਪਾਲ ਸੁਰੀਲਾ , ਕਮਲ ਜੀਤ ਸੁਰੀਲਾ, ਕੁੰਦਨ ਲਾਲ ਪਾਲ, ਦਲਵਿੰਦਰ ਪਾਲ, ਵਿਨੋਦ ਚੁੰਬਰ, ਸੁਖਵੀਰ ਹੀਰ, ਸੰਤੋਖ ਸਿੰਘ ਸਰੋਆ, ਜਿਨ੍ਹਾਂ ਨੇ ਇਸ ਸਮਾਗਮ ਨੂੰ ਸਫਲ ਕਰਨ ਵਾਸਤੇ ਬਹੁਤ ਉਪਰਾਲੇ ਕੀਤੇ। ਇਸ ਪ੍ਰੋਗਰਾਮ ਦੀ ਸਫਲਤਾ ਤੋਂ ਬਹੁਤ ਖੁਸ਼ ਸਨ। ਇਸ ਸਫਲਤਾ ਤੋਂ ਪਿੱਛੋਂ ਅਜੇਹੇ ਹੋਰ ਪ੍ਰੋਗਰਾਮ ਉਲੀਕਣ ਵਾਸਤੇ ਉਨ੍ਹਾਂ ਵਿਚ ਜੋਸ਼ ਨਜ਼ਰ ਆ ਰਿਹਾ ਸੀ।

ਸਟੇਜ ਦਾ ਸੰਚਾਲਨ ਦਸ਼ਵਿੰਦਰ ਪਾਲ ਅਤੇ ਵਿਨੋਦ ਚੁੰਬਰ ਜੀ ਨੇ ਰਲ ਕੇ ਬਹੁਤ ਹੀ ਸੁੰਦਰ ਨਿਭਾਇਆ। ਸਾਂਝੀ ਸੋਚ ਅਖ਼ਬਾਰ ਦੇ ਸੰਪਾਦਕ ਬੂਟਾ ਬਾਸੀ ਜੀ ਨੇ ਇਸ ਸਮਾਗਮ ਵਿਚ ਸ਼ਾਮਿਲ ਹੋ ਕੇ ਸਾਰੇ ਸਮਾਗਮ ਦੀ ਕਵਰੇਜ਼ ਆਪ ਖੁਦ ਕੀਤੀ। ਜਿਸ ਵਾਸਤੇ ਆਈ. ਬੀ. ਓ. ਕੈਲੇਫੋਰਨੀਆ ਉਨ੍ਹਾਂ ਦਾ ਤਹਿ ਦਿਲ ਤੋਂ ਧੰਨਵਾਦ ਕਰਦੀ ਹੈ।

**"ਕਮਲ ਦੇਵ ਪਾਲ" ਜਨਰਲ ਸਕੱਤਰ**
**ਆਈ. ਬੀ. ਓ. ਕੈਲੇਫੋਰਨੀਆ**

# ਡਾ. ਅੰਬੇਦਕਰ ਦੀ ਮੂਰਤੀ ਤੋੜੀ, ਰੋਸ ਵਜੋਂ ਦਿੱਤਾ ਧਰਨਾ



ਵਾਰਾਨਸੀ- ਵਾਰਾਨਸੀ ਦੇ ਕਚਹਿਰੀ ਖੇਤਰ ਸਥਿਤ ਅੰਬੇਦਕਰ ਪਾਰਕ ਵਿਚ ਲੱਖਾਂ ਦੀ ਕੀਮਤ ਨਾਲ ਸਥਾਪਤ ਡਾ. ਭੀਮ ਰਾਓ ਅੰਬੇਦਕਰ ਦੀ ਮੂਰਤੀ ਦਾ ਕੁਝ ਹਿੱਸਾ ਸ਼ਰਾਰਤੀ ਅਨਸਰਾਂ ਨੇ ਤੋੜ ਦਿੱਤਾ। ਬੀਤੇ ਵੀਰਵਾਰ ਦੀ ਸ਼ਾਮ ਇਸਦੀ ਜਾਣਕਾਰੀ ਮਿਲਦੇ ਹੀ ਬਸਪਾ ਦੇ ਵਰਕਰਾਂ ਵਿਚ ਰੋਸ ਫੈਲ ਗਿਆ। ਵਿਧਾਇਕ ਉਦੈਲਾਲ ਮੋਰੀਆ ਦੀ ਅਗਵਾਈ ਵਿਚ ਲੋਕ ਧਰਨੇ 'ਤੇ ਬੈਠ ਗਏ। ਇਸ ਬਾਰੇ ਉਦੋਂ ਪਤਾ ਲੱਗਿਆ ਜਦੋਂ ਦੇਰ ਸ਼ਾਮ ਕੁਝ ਬਸਪਾ ਵਰਕਰ ਰੋਜ਼ਾਨਾ ਵਾਂਗ ਅੰਬੇਦਕਰ ਪਾਰਕ ਪਹੁੰਚੇ। ਮੂਰਤੀ ਦੇ ਕੋਲ ਪਹੁੰਚੇ ਤਾਂ ਦੇਖਿਆ ਕਿ ਡਾ. ਅੰਬੇਦਕਰ ਦੀ ਮੂਰਤੀ 'ਤੇ ਲੱਗਿਆ ਚਸ਼ਮਾ ਗਾਇਬ ਹੈ ਅਤੇ ਉਂਗਲੀ ਤੋੜੀ ਹੋਈ ਹੈ। ਦੇਖਦੇ ਹੀ ਦੇਖਦੇ ਉਥੇ ਦਰਜਨਾਂ ਲੋਕੀ ਆ ਗਏ। ਵਿਧਾਇਕ ਉਦੈਲਾਲ ਮੋਰੀਆ ਦੀ ਅਗਵਾਈ ਵਿਚ ਬਸਪਾ ਵਰਕਰ ਅੰਬੇਦਕਰ ਮੂਰਤੀ ਦੇ ਸਾਹਮਣੇ ਬੈਠ ਗਏ। ਜ਼ਿਲ੍ਹਾ ਅਧਿਕਾਰੀ ਨੂੰ ਬੁਲਾਉਣ ਅਤੇ ਦੋਸ਼ੀਆਂ ਵਿਰੁੱਧ ਕਰਵਾਈ ਨਾ ਹੋਣ ਤੱਕ ਚੱਕਾ ਜਾਮ ਕਰਨ ਦੀ ਧਮਕੀ ਦਿੱਤੀ ਗਈ।

ਡਾ. ਅੰਬੇਦਕਰ ਦੀ ਮੂਰਤੀ ਨੁਕਸਾਨੇ ਜਾਣ ਅਤੇ ਧਰਨੇ ਦੀ ਸੂਚਨਾ ਮਿਲਦੇ ਹੀ ਪੁਲਿਸ ਪ੍ਰਸ਼ਾਸਨਿਕ ਮਹਿਕਮੇ ਵਿਚ ਤੇਜੀ ਆ ਗਈ। ਖੇਤਰ ਅਧਿਕਾਰੀ ਕੈਂਟ ਅਤੇ ਏ.ਸੀ. ਐਮ. ਮੌਕੇ ਤੇ ਪਹੁੰਚ ਗਏ। ਵਰਕਰਾਂ ਨੇ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰਆਂ 'ਤੇ ਮੂਰਤੀ ਦੀ ਸੁਰੱਖਿਆ ਦੇ ਬਾਰੇ ਜਾਣ ਬੁੱਝ ਕੇ ਅਣਦੇਖੀ ਕਰਨ ਦਾ ਦੋਸ਼ ਲਗਾਇਆ। ਕਿਹਾ ਕਿ ਅਜਿਹੇ ਪ੍ਰਮੁੱਖ ਸਥਾਨ ਤੇ ਇਸ ਕਿਸਮ ਦੀ ਅਰਾਜਕਤਾ ਹੈ ਤਾਂ ਦੂਰ ਦੁਰਾਡੇ ਪਿੰਡਾਂ ਵਿਚ ਸੁਰੱਖਿਆ ਦੀ ਕੀ ਹਾਲਤ ਹੁੰਦੀ ਹੋਵੇਗੀ, ਇਸਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਧਰਨਾ ਦੇ ਰਹੇ ਲੋਕਾਂ ਨੇ ਅੰਬੇਦਕਰ ਪਾਰਕ ਵਿਚ ਦੋ ਸਿਪਾਹੀਆਂ ਦੀ ਰੈਗੂਲਰ ਡਿਊਟੀ ਅਤੇ ਪਾਰਕ ਵਿਚ ਸੀ. ਸੀ. ਕੈਮਰੇ ਲਗਾਉਣ ਦੀ ਮੰਗ ਕੀਤੀ। ਭਰੋਸਾ ਮਿਲਣ ਤੇ ਇਕ ਘੰਟੇ ਬਾਅਦ ਲੋਕਾਂ ਨੇ ਧਰਨਾ ਖਤਮ ਕੀਤਾ। ਦੂਜੇ ਪਾਸੇ ਅਰੁਣ ਕੁਮਾਰ ਪ੍ਰੇਮੀ ਨੇ ਇਸ ਮਾਮਲੇ ਵਿਚ ਕੈਂਟ ਥਾਣੇ ਵਿਚ ਮੁਕੱਦਮਾ ਦਰਜ ਕਰਵਾਇਆ ਹੈ। ਧਰਨੇ ਵਿਚ ਗਿਆਨ ਪਟੇਲ, ਅਸ਼ੋਕ ਮੌਰੀਆ, ਰਾਕੇਸ਼ ਸਿੰਘ, ਮੁਸਾਫਰ, ਡਾ. ਸੰਜੇ, ਅਸ਼ੋਕ ਕੁਮਾਰ ਵਿਜੇ ਸਮੇਤ ਅਨੇਕਾਂ ਲੋਕੀ ਸ਼ਾਮਲ ਸਨ।








ਵਿਕਰਮ ਸਰੋਏ ਸਪੁੱਤਰ ਸ਼੍ਰੀ ਸ਼ਾਮ ਲਾਲ ਸਰੋਏ ਤੇ ਰਾਜ ਰਾਣੀ ਸਰੋਏ ਅਤੇ ਅਜੀਤ ਰਾਮ ਬੰਗੜ ਤੇ ਹਰਬੰਸ ਕੌਰ ਬੰਗੜ ਦੇ ਦੋਹਤੇ ਅਤੇ ਰਮੇਸ਼ ਕੁਮਾਰ ਬੰਗੜ ਤੇ ਜੋਗਿੰਦਰੋ ਬੰਗੜ ਦੇ ਭਾਣਜੇ ਨੇ ਸਕੂਲ ਗ੍ਰੈਜੂਏਸ਼ਨ ਵਿਚੋਂ ਦੂਸਰਾ ਅਸਥਾਨ (Salutatorian) ਲੈ ਕੇ ਪਾਸ ਕੀਤੀ ਹੈ। ਅਤੇ ਹਾਈ- ਲੈਂਡ ਹਾਈ ਸਕੂਲ ਵਲੋਂ Salutatorian ਮੈਡਲ ਨਾਲ ਸਨਮਾਨਤ ਕੀਤਾ ਗਿਆ। ਅਦਾਰਾ ਦੇਸ਼ ਦੁਆਬਾ ਵਿਕਰਮ ਸਰੋਏ ਨੂੰ ਮੁਬਾਰਕਬਾਦ ਦਿੰਦਾ ਹੋਇਆ ਭਵਿੱਖ ਵਿਚ ਸਫਲਤਾ ਲਈ ਸ਼ੁਭ ਕਾਮਨਾ ਕਰਦਾ ਹੈ।

# ਨਿਸ਼ਾਨ-ਏ-ਸਿੱਖੀ ਦੇ ਵਿਦਿਆਰਥੀ ਜਾਣਗੇ ਬਾਹਰਲੇ ਸੂਬਿਆਂ 'ਚ ਸਿੱਖੀ ਦਾ ਪ੍ਰਚਾਰ ਕਰਨ

ਖਡੂਰ ਸਾਹਿਬ- ਬਾਬਾ ਸੇਵਾ ਸਿੰਘ ਕਾਰ ਸੇਵਾ ਵਾਲਿਆਂ ਦੀ ਯੋਗ ਅਗਵਾਈ ਹੇਠ ਕਾਰਜਸ਼ੀਲ ਅਤੇ ਸਮੁੱਚੀ ਮਾਨਵਤਾ ਲਈ ਚਾਨਣ ਮੁਨਾਰਾ ਸਾਬਤ ਹੋ ਰਹੀ ਸੰਸਥਾ 'ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ.) ਖਡੂਰ ਸਾਹਿਬ' ਅਧੀਨ ਚੱਲ ਰਹੇ ਸ਼੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼ ਵੱਲੋਂ ਨਿਵੇਕਲੀ ਪਹਿਲਕਦਮੀ ਕਰਦਿਆਂ ਆਪਣੇ ਐਮ.ਏ. (ਧਰਮ ਅਧਿਐਨ) ਭਾਗ ਪਹਿਲਾ ਦੇ ਵਿੱਦਿਆਰਥੀਆਂ ਨੂੰ ਇਕ ਵਿਸ਼ੇਸ਼ ਪ੍ਰਾਜੈਕਟ ਤਹਿਤ ਸਿੱਖੀ ਦੇ ਪ੍ਰਚਾਰ ਲਈ ਮੱਧ ਪ੍ਰਦੇਸ਼ ਭੇਜਿਆ ਜਾ ਰਿਹਾ ਹੈ, ਜਿਥੇ ਉਹ ਵੱਖ-ਵੱਖ ਇਲਾਕਿਆਂ ਵਿਚ ਧਰਮ ਪ੍ਰਚਾਰ ਕਰਨ ਤੋਂ ਇਲਾਵਾ ਉਥੇ ਵਸਦੇ ਸਿੱਖਾਂ ਦੇ ਵਸੇਬੇ ਅਤੇ ਵਿਕਾਸ ਬਾਰੇ ਜਾਣਕਾਰੀ ਵੀ ਇਕੱਠੀ ਕਰਨਗੇ।

ਇਸ ਸਬੰਧੀ ਪ੍ਰੈੱਸ ਕਾਨਫਰੰਸ ਵਿਚ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਇੰਸਟੀਚਿਊਟ ਦੇ ਡਾਇਰੈਕਟਰ ਤੇ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਸ. ਪਿਆਰਾ ਸਿੰਘ ਨੇ ਕਿਹਾ ਕਿ ਇਹਨਾਂ ਵਿੱਦਿਆਰਥੀ ਦਾ ਇਹ ਧਰਮ ਪ੍ਰਚਾਰ ਦੌਰਾ ਇਕ ਮਹੀਨਾ ਦਾ ਹੋਵੇਗਾ ਤੇ ਵਿੱਦਿਆਰਥੀ 2 ਜੂਨ ਨੂੰ ਖਡੂਰ ਸਾਹਿਬ ਤੋਂ ਗਵਾਲੀਅਰ (ਮੱਧ ਪ੍ਰਦੇਸ਼) ਲਈ ਰਵਾਨਾ ਹੋਣਗੇ।

ਖਬਰਾਂ ਮਾਲਵੇ ਦੀਆਂ/ (ਪ੍ਰੀਤੀ ਸ਼ਰਮਾ)

## ਲੁਧਿਆਣਾ ਵਿਖੇ ਅੰਬੇਦਕਰ ਭਵਨ ਬਣਾਉਣ ਲਈ ਨਗਰ ਨਿਗਮ ਨੇ ਦਰਖਾਸਤਾਂ ਮੰਗੀਆਂ

ਲੁਧਿਆਣਾ (ਪ੍ਰੀਤੀ ਸ਼ਰਮਾ) ਪੰਜਾਬ ਸਰਕਾਰ ਵੱਲੋਂ ਚਾਲੂ ਵਰ੍ਹੇ ਦੌਰਾਨ ਸੂਬੇ ਭਰ ਵਿੱਚ ਪਹਿਲਾਂ ਹੀ ਬਣੇ ਅੰਬੇਦਕਰ ਭਵਨਾਂ ਦੇ ਨਵੀਨੀਕਰਨ ਅਤੇ ਨਵੇਂ ਬਣਨ ਵਾਲੇ ਅੰਬੇਦਕਰ ਭਵਨਾਂ ਲਈ 28 ਕਰੋੜ ਰੁਪਏ ਖਰਚੇ ਜਾ ਰਹੇ ਹਨ। ਇਸੇ ਤਹਿਤ ਲੁਧਿਆਣਾ ਵਿਖੇ ਜਲੰਧਰ ਬਾਈਪਾਸ ’ਤੇ ਇਕ ਏਕੜ ਜਗ੍ਹਾ ਵਿੱਚ ਅਤਿ ਆਧੁਨਿਕ ਸਹੂਲਤਾਂ ਵਾਲਾ ਅੰਬੇਦਕਰ ਭਵਨ ਬਣਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਮਿਸ਼ਨਰ ਨਗਰ-ਨਿਗਮ ਸ੍ਰੀ ਰਾਕੇਸ਼ ਵਰਮਾ ਨੇ ਦੱਸਿਆ ਕਿ ਅੰਬੇਦਕਰ ਭਵਨ ਬਣਾਉਣ ਲਈ ਨਗਰ ਨਿਗਮ ਲੁਧਿਆਣਾ ਵੱਲੋਂ ਈ-ਟੈਂਡਰਿੰਗ ਰਾਹੀਂ ਦਰਖਾਸਤਾਂ ਮੰਗੀਆਂ ਗਈਆਂ ਹਨ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਰ ਕੰਮ ਪਾਰਦਰਸ਼ਤਾ ਨਾਲ ਕਰਨ ਲਈ ਈ-ਟੈਂਡਰਿੰਗ ਨੂੰ ਸ਼ੁਰੂ ਕੀਤਾ ਗਿਆ ਹੈ ਅਤੇ ਇਸੇ ਤਹਿਤ ਅੰਬੇਦਕਰ ਭਵਨ ਲਈ ਵੀ ਈ-ਟੈਂਡਰਿੰਗ ਰਾਹੀਂ ਦਰਖਾਸਤਾਂ ਮੰਗੀਆਂ ਗਈਆਂ ਹਨ।

ਕਮਿਸ਼ਨਰ ਨੇ ਦੱਸਿਆ ਕਿ ਲੁਧਿਆਣਾ ਵਿਖੇ ਜਲੰਧਰ ਬਾਈਪਾਸ ’ਤੇ ਅੰਬੇਦਕਰ ਭਵਨ ਲਈ ਇਕ ਏਕੜ ਜਗ੍ਹਾ ਰੱਖੀ ਗਈ ਹੈ ਜਿਹੜੀ ਕਿ ਨਗਰ ਨਿਗਮ ਨੇ ਪੰਜਾਬ ਐਗਰੋ ਇੰਡਸਟਰੀਜ਼ ਤੋਂ ਹਾਸਲ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਥੇ ਬਣਨ ਵਾਲੇ ਅਤਿ ਆਧੁਨਿਕ ਅੰਬੇਦਕਰ ਭਵਨ ਦੇ ਪਹਿਲੇ ਪੜਾਅ ਦੇ ਨਿਰਮਾਣ ਤੇ 6.07 ਕਰੋੜ ਰੁਪਏ ਖਰਚ ਕਰਕੇ ਇਸ ਵਿੱਚ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਸ ਭਵਨ ਨੂੰ ਦਸੰਬਰ 2014 ਤੋਂ ਪਹਿਲਾਂ ਹਰ ਹੀਲੇ ਮੁਕੰਮਲ ਕਰ ਲਿਆ ਜਾਵੇਗਾ।

## ਹੇਮਕੁੰਟ ਸਾਹਿਬ ਲਈ ਪਹਿਲੀ ਮੁਫਤ ਬੱਸ ਯਾਤਰਾ ਨੂੰ ਗੋਸ਼ਾ ਨੇ ਝੰਡੀ ਵਿਖਾ ਕੇ ਕੀਤਾ ਰਵਾਨਾ




ਲੁਧਿਆਣਾ (ਪ੍ਰੀਤੀ ਸ਼ਰਮਾ) ਚੰਦਰ ਨਗਰ ਦੀ ਸਮੂਹ ਸੰਗਤ ਵਲੋਂ ਲੁਧਿਆਣਾ ਤੋਂ ਸ੍ਰੀ ਹੇਮਕੁੰਟ ਸਾਹਿਬ ਲਈ ਪਹਿਲੀ ਮੁਫਤ ਬੱਸ ਯਾਤਰਾ ਨੂੰ ਯੂਥ ਅਕਾਲੀ ਦਲ ਦੇ ਸੀਨੀਅਰ ਆਗੂ ਗੁਰਦੀਪ ਸਿੰਘ ਗੋਸ਼ਾ ਝੰਡੀ ਵਿਖਾ ਕੇ ਸ਼ਨਿਚਰਵਾਰ ਨੂੰ ਰਵਾਨਾ ਕੀਤਾ। ਇਸ ਮੌਕੇ ਤੇ ਗੁਰਦੀਪ ਸਿੰਘ ਗੋਸ਼ਾ ਨੇ ਯਾਤਰਾ ਦੇ ਆਯੋਜਕਾਂ ਸਤਨਾਮ ਸਿੰਘ, ਗੁਰਦੀਪ ਸਿੰਘ ਟੋਨੀ, ਮਨਦੀਪ ਸਿੰਘ, ਹਰਜੀਤ ਸਿੰਘ, ਹਰਵਿੰਦਰ ਸਿੰਘ, ਤਰਲੋਚਨ ਸਿੰਘ, ਅਮਰਿੰਦਰ ਸਿੰਘ ਪ੍ਰਿੰਸ, ਸੁਖਪਾਲ ਸਿੰਘ, ਗੁਰਦੇਵ ਸਿੰਘ, ਕਰਮਜੀਤ ਸਿੰਘ ਜੋਗਾ, ਗੁਰਪਾਲ ਸਿੰਘ ਅਹੂਜਾ ਵਲੋਂ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਮੁਫਤ ਭੇਜੀਆਂ ਜਾ ਰਹੀਆਂ ਦੋ ਬੱਸਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਗੁਰਧਾਮਾਂ ਦੇ ਦਰਸ਼ਨ ਕਰਨ ਤੋਂ ਵੱਡਾ ਪੁੰਨ ਦਾ ਕੰਮ ਕਿਸੇ ਨੂੰ ਗੁਰਧਾਮਾਂ ਦੀ ਯਾਤਰਾ ਅਤੇ ਦਰਸ਼ਨ ਕਰਵਾਉਣਾ ਹੈ। ਉਹ ਵੀ ਅਜਿਹੇ ਵਿੱਚ ਜਦ ਯਾਤਰਾ ਸੈਕੜੇਂ ਸੰਗਤਾਂ ਨਾਲ ਵਾਹਿਗੁਰੂ ਨਾਮ ਦਾ ਸਿਮਰਨ ਕਰਦੇ ਹੋਏ ਕੀਤੀ ਜਾਵੇ। ਉਨ੍ਹਾਂ ਯਾਤਰਾ ਦੇ ਆਯੋਜਕਾਂ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਸ ਯਾਤਰਾ ਲਈ ਆਉਣ-ਜਾਣ ਅਤੇ ਰਸਤੇ ਦਾ ਖਰਚ ਆਯੋਜਕਾਂ ਵਲੋਂ ਕੀਤਾ ਜਾਵੇਗਾ। ਉਨ੍ਹਾਂ ਅਪਣੇ ਵਲੋਂ ਯਾਤਰਾ ਆਯੋਜਨ ਸੋਸਾਇਟੀ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਭਵਿੱਖ ਵਿੱਚ ਜਦ ਵੀ ਕਦੀ ਅਜਿਹੀ ਯਾਤਰਾ ਦਾ ਪ੍ਰਬੰਧ ਕਰਨ ਤਾਂ ਉਸ ਵਿੱਚ ਉਨ੍ਹਾਂ ਦੀ ਸੇਵਾ ਜਰੂਰ ਲਗਾਉਣ ਜੋ ਵੀ ਸੇਵਾ ਉਨ੍ਹਾਂ ਨੂੰ ਲਗਾਈ ਜਾਵੇਗੀ ਉਸ ਨੂੰ ਉਹ ਨਿਮਰਤਾ ਪੂਰਵਕ ਨਿਭਾਉਣਗੇ। ਇਸ ਮੌਕੇ ਤੇ ਕੰਵਲਜੀਤ ਕੌਰ, ਜੋਗਿੰਦਰ ਕੌਰ, ਜਸਬੀਰ ਕੌਰ, ਜਤਿੰਦਰ ਕੌਰ, ਹਰਬੰਸ ਕੌਰ, ਚਰਨਜੀਤ ਕੌਰ, ਤਰਨ ਕੌਰ, ਰਵਿੰਦਰ ਕੌਰ, ਬਲਵਿੰਦਰ ਕੌਰ ਅਤੇ ਜਸਵਿੰਦਰ ਕੌਰ ਸਮੇਤ ਹੋਰ ਵੀ ਮੌਜੂਦ ਸਨ।

# ਅਕਾਲੀ ਰਾਜ ’ਚ ਸਕੂਲਾਂ ਤੋਂ ਜ਼ਿਆਦਾ ਠੇਕੇ ਖੁੱਲ੍ਹੇ: ਦੀਵਾਨ

## ਸ਼ਿਮਲਾਪੁਰੀ ’ਚ ਸ਼ਰਾਬ ਦੇ ਠੇਕੇ ਦੇ ਵਿਰੋਧ ’ਚ ਧਰਨਾ

ਲੁਧਿਆਣਾ (ਪ੍ਰੀਤੀ ਸ਼ਰਮਾ) ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਦੇ ਪ੍ਰਧਾਨ ਪਵਨ ਦੀਵਾਨ ਨੇ ਅਕਾਲੀ ਭਾਜਪਾ ਸਰਕਾਰ ’ਤੇ ਪੰਜਾਬ ’ਚ ਸਿੱਖਿਆ ਦੇ ਸਥਾਨ ’ਤੇ ਨਸ਼ਿਆਂ ਨੂੰ ਹੱਲਾਸ਼ੇਰੀ ਦੇਣ ਦਾ ਦੋਸ਼ ਲਗਾਇਆ ਹੈ। ਜਿਸਦੇ ਚੱਲਦੇ ਅੱਜ ਪੰਜਾਬ ’ਚ ਸਕੂਲਾਂ ਦੀ ਗਿਣਤੀ ਘੱਟ ਅਤੇ ਠੇਕਿਆਂ ਦੀ ਗਿਣਤੀ ਕਈ ਗੁਣਾ ਵੱਧਦੀ ਜਾ ਰਹੀ ਹੈ। ਦੀਵਾਨ ਸ਼ਿਮਲਾਪੁਰੀ ਵਿਖੇ ਮੈੜ ਦੀ ਚੱਕੀ ਦੇ ਕੋਲ ਖੋਲ੍ਹੇ ਜਾ ਰਹੇ ਠੇਕੇ ਦੇ ਵਿਰੋਧ ’ਚ ਸਥਾਨਕ ਨਿਵਾਸੀਆਂ ਆਯੋਜਿਤ ਧਰਨੇ ਨੂੰ ਸੰਬੋਧਨ ਕਰ ਰਹੇ ਸਨ। ਧਰਨੇ ’ਚ ਵੱਡੀ ਗਿਣਤੀ ’ਚ ਇਲਾਕੇ ਦੀਆਂ ਔਰਤਾਂ ਵੀ ਹਿੱਸਾ ਲੈ ਰਹੀਆਂ ਹਨ। ਜਿਨ੍ਹਾ ਨੇ ਇਸ ਦੌਰਾਨ ਪੰਜਾਬ ਸਰਕਾਰ ਦੇ ਵਿਰੁੱਧ ਨਾਅਰੇਬਾਜੀ ਵੀ ਕੀਤੀ।

ਜ਼ਿਲ੍ਹਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਅੱਜ ਪੰਜਾਬ ਦੇ ਲੋਕ ਨਸ਼ਿਆਂ ਦੇ ਦਲਦਲ ’ਚ ਧੱਸਦੇ ਜਾ ਰਹੇ ਹਨ, ਜਿਹੜਾ ਸੂਬਾ ਕਦੇ ਦੁਨੀਆਂ ’ਚ ਆਪਣੀ ਸਰੀਰਿਕ ਤਾਕਤ ਦੀ ਬਦੌਲਤ ਜਾਣਿਆ ਜਾਂਦਾ ਸੀ। ਅਕਾਲੀ ਭਾਜਪਾ ਸਰਕਾਰ ’ਚ ਹਰ ਗਲੀ ਦੀ ਨੁੱਕੜ ’ਚ ਸ਼ਰਾਬ ਦਾ ਠੇਕਾ ਖੁੱਲ੍ਹ ਚੁੱਕਾ ਹੈ। ਲੋਕ ਆਪਣੀ ਕਮਾਈ ਦਾ ਵੱਡਾ ਹਿੱਸਾ ਨਸ਼ਿਆਂ ’ਤੇ ਉਡਾ ਰਹੇ ਹਨ ਅਤੇ ਸ਼ਰਾਬ ਪਰਿਵਾਰਾਂ ਦੇ ਟੁੱਟਣ ਦਾ ਬਹੁਤ ਵੱਡਾ ਕਾਰਨ ਬਣਦੀ ਜਾ ਰਹੀ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਅਕਾਲੀ ਭਾਜਪਾ ਗਠਜੋੜ ਦੇ ਪਿਛਲੇ ਛੇ ਸਾਲਾਂ ਦੇ ਸ਼ਾਸਨਕਾਲ ਦੌਰਾਨ ਸਕੂਲਾਂ ਦੇ




ਮੁਕਾਬਲੇ ਠੇਕਿਆਂ ਦੀ ਗਿਣਤੀ ’ਚ ਲਗਾਤਾਰ ਵਾਧਾ ਦੇਖਣ ਨੂੰ ਮਿਲਿਆ ਹੈ। ਸ਼ਾਇਦ ਸੂਬਾ ਸਰਕਾਰ ਵਾਸਤੇ ਪੰਜਾਬ ਦੇ ਭਵਿੱਖ ਨਾਲੋਂ ਸ਼ਰਾਬ ਦੀ ਵਿਕ੍ਰੀ ਜ਼ਿਆਦਾ ਮਹੱਤਵ ਰੱਖਦੀ ਹੈ। ਇਸ ਮੌਕੇ ਠੇਕੇ ਦੇ ਵਿਰੋਧ ’ਚ ਦਵਿੰਦਰ ਸਿੰਘ ਭੁੱਖ ਹੜ੍ਹਤਾਲ ’ਤੇ ਬੈਠੇ।

ਉਨ੍ਹਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਲੋਕਾਂ ਦੇ ਹੱਕ ਦੀ ਲੜਾਈ ਲੜਦੀ ਰਹੇਗੀ। ਚਾਹੇ ਇਸ ਲਈ ਉਨ੍ਹਾਂ ਨੂੰ ਸੜਕਾਂ ’ਤੇ ਹੀ ਕਿਉਂ ਨਾ ਉਤਰਨਾ ਪਵੇ। ਇਸ ਮੌਕੇ ’ਤੇ ਬਲਾਕ ਪ੍ਰਧਾਨ ਪਲਵਿੰਦਰ ਸਿੰਘ ਤੱਗੜ, ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਬਲਵਿੰਦਰ ਸਿੰਘ ਬੇਦੀ, ਕਮਲ ਸ਼ਰਮਾ ਵਾਰਡ ਪ੍ਰਧਾਨ, ਡਾ. ਓਂਕਾਰ ਚੰਦ ਸ਼ਰਮਾ, ਹਰਜਿੰਦਰ ਸਿੰਘ ਓਮ, ਯਸ਼ਪਾਲ ਸ਼ਰਮਾ, ਹਰਦੇਵ ਸਿੰਘ ਮਣਕੂ, ਬੀਬੀ ਜਰਨੈਲ ਕੌਰ, ਅਮਰਜੀਤ ਕੌਰ ਗਾਬੜੀਆ, ਪਰਮਜੀਤ ਸਿੰਘ ਮਠਾੜੂ, ਜਸਵਿੰਦਰ ਸਿੰਘ ਵੜੈਚ, ਸੁਲਤਾਨ ਸਿੰਘ ਸੋਢੀ, ਗੁਰਚਰਨ ਸਿੰਘ ਸੱਗੂ, ਮਨਜੀਤ ਸਿੰਘ ਮਠਾੜੂ, ਬਹਾਦਰ ਸਿੰਘ ਰਿਐਤ, ਬੀਬੀ ਪਰਮਜੀਤ ਕੌਰ ਵੀ ਧਰਨੇ ’ਤੇ ਬੈਠੇ।

# ਦਲਿਤ ਲਾੜਿਆਂ ਨੂੰ ਘੋੜੀ ਤੇ ਚੜਨ ਤੋਂ ਰੋਕਣਾ ਭਾਰਤੀ ਸਵਿੰਧਾਨ ਦਾ ਖੁੱਲਮ ਖੁੱਲ੍ਹਾ ਉਲੰਘਣਾ- ਗੁਰੂ ਅਰੁਣ ਸਿੱਧੂ

ਲੁਧਿਆਣਾ, (ਪ੍ਰੀਤੀ ਸ਼ਰਮਾ) ਡਾ. ਅੰਬੇਦਕਰ ਨੌਜਵਾਨ ਸਭਾ ਨੇ ਰਾਜਸਥਾਨ ਅਤੇ ਹਰਿਆਣਾ ਵਿੱਚ ਦਲਿਤ ਸਮਾਜ ਦੇ ਦੂਲਹੇ ਨੂੰ ਘੋੜੀ ਤੇ ਚੜਨ ਤੇ ਰੋਕਣ ਅਤੇ ਮੱਧ ਪ੍ਰਦੇਸ਼ ’ਚ ਹਾਥੀ ਤੇ ਸਵਾਰ ਹੋ ਕੇ ਬਾਰਾਤ ਵਿੱਚ ਜਾ ਰਹੇ ਦੂਲਹੇ ਤੇ ਕੀਤੀ ਪੱਥਰਬਾਜੀ ਦੀ ਘਟਨਾ ਦੀ ਸਖਥ ਸ਼ਬਦਾਂ ਵਿੱਚ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਦੋਸ਼ੀਆਂ ਤੇ ਅਨੁਸੂਚਿਤ ਜਾਤੀ ਅਤੇ ਜਨਜਾਤੀ ਐਕਟ ਅਧੀਨ ਮਾਮਲਾ ਦਰਜ ਕਰਕੇ ਅਜਿਹਿਆਂ ਘਟਨਾਵਾਂ ਨੂੰ ਰੋਕਣ ਦੀ ਕੇਂਦਰ ਸਰਕਾਰ ਨੂੰ ਅਪੀਲ ਕੀਤੀ। ਧਰਮ ਗੁਰੂ ਅਰੁਣ ਸਿੱਧੂ, ਅੰਬੇਦਕਰ ਨੌਜਵਾਨ ਸਭਾ ਦੇ ਮੁੱਖ ਸੰਚਾਲਕ ਅਰੁਣ ਭੱਟੀ ਅਤੇ ਬਹੁਜਨ ਸਮਾਜ ਮੋਰਚਾ ਦੇ ਪ੍ਰਧਾਨ ਚੌਧਰੀ ਚਰਨਦਾਸ ਤਲਵੰਡੀ ਨੇ ਤਿੰਨਾਂ ਘਟਨਾਵਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਰਾਜਸਥਾਨ ਦੇ ਬਰਬਾਸ ਜਿਲ੍ਹੇ ਵਿੱਚ ਘੋੜੇ ਤੇ ਸਵਾਰ ਹੋਣ ਤੋਂ ਰੋਕਣ ਵਾਲੇ ਗੁੱਜਰ ਸਮਾਜ ਦੇ ਲੋਕ ਖੁਦ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੇ ਹਨ ਅਜਿਹੇ ਵਿੱਚ ਗੁਜਰ ਸਮਾਜ ਵਲੋਂ ਦਲਿਤਾਂ ਨੂੰ ਘੋੜੀ ਤੇ ਚੜਨ ਤੇ ਰੋਕਣਾ ਬੇਹੱਦ ਸ਼ਰਮਨਾਕ ਗੱਲ ਹੈ।



ਉਨ੍ਹਾਂ ਕੇਂਦਰੀ ਐਸ.ਸੀ./ ਐਸ.ਟੀ. ਕਮਿਸ਼ਨ ਦੀ ਇਸ ਮਾਮਲੇ ਵਿੱਚ ਚੁੱਪੀ ਦਾ ਨੋਟਿਸ ਲੈਂਦਿਆਂ ਕਿਹਾ ਕਿ ਜੇਕਰ ਐਸ.ਸੀ./ ਐਸ.ਟੀ. ਕਮਿਸ਼ਨ ਦਲਿਤਾਂ ਦੇ ਅਧਿਕਾਰਾਂ ਦੀ ਰੱਖਿਆ ਨਹੀਂ ਕਰ ਸਕਦਾ ਤਾਂ ਤਿਆਗ ਪੱਤਰ ਦੇ ਕਰ ਘਰ ਬੈਠ ਜਾਵੇ।

ਧਰਮ ਗੁਰੂ ਅਰੁਣ ਸਿੱਧੂ ਨੇ ਕਿਹਾ ਕਿ ਡਾ. ਬੀ. ਆਰ. ਅੰਬੇਦਕਰ ਜੀ ਵਲੋਂ ਲਿਖੇ ਗਏ ਭਾਰਤੀ ਸੰਵਿਧਾਨ ਵਿੱਚ ਦੇਸ਼ ਹਰ ਵਰਗ ਨੂੰ ਚਾਹੇ ਉਹ ਦਲਿਤ ਹੋਣ ਜਾਂ ਉਚ ਜਾਤੀ ਨਾਲ ਸਬੰਧਿਤ, ਸਭ ਨੂੰ ਬਰਾਬਰਤਾ ਦਾ ਅਧਿਕਾਰ ਪ੍ਰਾਪਤ ਹੈ। ਅਜਿਹੇ ਵਿੱਚ ਦਲਿਤਾਂ ਨੂੰ ਉਤਪੀੜਨ ਕਰਨਾ ਭਾਰਤੀ ਸੰਵਿਧਾਨ ਦਾ ਸਿੱਧਾ ਉਲੰਘਣਾ ਹੈ, ਜੋ ਦਲਿਤ ਸਮਾਜ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰੇਗਾ।

ਉਨ੍ਹਾਂ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਦਲਿਤ ਸਮਾਜ ਦੇ ਲੋਕਾਂ ਨੂੰ ਘੋੜੀ ਤੇ ਚੜਨ ਤੋਂ ਰੋਕਣ ਵਾਲੇ ਸ਼ਰਾਰਤੀ ਅਨਸਰਾਂ ਤੇ ਕਾਰਵਾਈ ਨਾ ਹੋਈ ਤਾਂ ਦਲਿਤ ਸਮਾਜ ਸੜਕਾਂ ਤੇ ਉਤਰ ਕੇ ਅੰਦੋਲਨ ਕਰਨ ਲਈ ਮਜਬੂਰ ਹੋਵੇਗਾ। ਇਸ ਮੌਕੇ ਸੰਜੀਵ ਆਦਿਵੰਸ਼ੀ, ਅਮਨ ਵਾਲੀਆ, ਬਬੱਲੂ ਅਨਾਰੀਆ ਸਮੇਤ ਹੋਰ ਵੀ ਹਾਜਰ ਸਨ।

## ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਉਲੀਕੀਆਂ ਸਕੀਮਾਂ-ਪਹਿਲ ਦੇ ਅਧਾਰ ਤੇ ਲਾਗੂ ਕੀਤੀਆਂ ਜਾਣ-ਰਾਜੇਸ਼ ਬਾਘਾ

ਲੁਧਿਆਣਾ (ਪ੍ਰੀਤੀ ਸ਼ਰਮਾ) ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਰਾਜੇਸ਼ ਬਾਘਾ ਨੇ ਡਾ. ਭੀਮ ਰਾਓ ਅੰਬੇਦਕਰ ਚੌਂਕ ਨਜ਼ਦੀਕ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਹਨਾਂ ਨੂੰ ਹੱਲ ਕਰਨ ਦਾ ਭਰੋਸਾ ਦਿਵਾਇਆ। ਉਹਨਾਂ ਦੱਸਿਆ ਕਿ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਉਲੀਕੀਆਂ ਸਕੀਮਾਂ ਪਹਿਲ ਦੇ ਅਧਾਰ ਤੇ ਲਾਗੂ ਕੀਤੀਆਂ ਜਾਣ। ਉਹਨਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਪੋਸਟ ਮੈਟ੍ਰਿਕ ਸਕਾਲਸ਼ਿਪ ਸਕੀਮ ਦਾ ਲਾਭ ਉਠਾ ਕੇ ਉਚੇਰੀ ਸਿੱਖਿਆ ਹਾਸਲ ਕਰਨ। ਉਹਨਾਂ ਦੱਸਿਆ ਕਿ ਇਸ ਸਕੀਮ ਅਧੀਨ ਸਾਲ 2011-12 ਅਤੇ ਸਾਲ 2012-13 ਲਈ ਕੇਂਦਰ ਸਰਕਾਰ ਵੱਲੋਂ ਬਣਦੀ ਰਾਸ਼ੀ 186.74 ਕਰੋੜ ਰੁਪਏ ਅਜੇ ਤੱਕ ਜਾਰੀ ਨਹੀਂ ਕੀਤੀ ਗਈ। ਜਿਸ ਕਾਰਨ ਪੰਜਾਬ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਵਿੱਤੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਟਿਊਸ਼ਨ ਫੀਸ ਅਤੇ ਹੋਰ ਫੀਸਾਂ ਨਹੀਂ ਲਈਆਂ ਜਾ ਰਹੀਆਂ, ਜਿਸ ਕਾਰਨ ਕਾਲਜ਼ਾਂ ਨੂੰ ਵੀ ਵਿੱਤੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦੱਸਿਆ ਕਿ ਕਾਲਜ਼ਾਂ ਵੱਲੋਂ ਵੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਲਈ ਟਾਲ-ਮਟੋਲ ਕੀਤੀ ਜਾਂਦੀ ਹੈ। ਉਹਨਾਂ ਦੱਸਿਆ ਕਿ ਇਹ ਰਾਸ਼ੀ ਜਾਰੀ ਕਰਵਾਉਣ ਲਈ ਕਮਿਸ਼ਨ ਵੱਲੋਂ ਉਹਨਾਂ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਲਿਖ ਕੇ ਮੰਗ ਕੀਤੀ ਗਈ ਹੈ ਕਿ ਇਸ ਸਕਾਲਰਸ਼ਿਪ ਦੀ ਰਾਸ਼ੀ ਨੂੰ ਤੁਰੰਤ ਜਾਰੀ ਕੀਤਾ ਜਾਵੇ ਤਾਂ ਜੋ ਵਿਦਿਅਰਥੀ ਇਸ ਸਕੀਮ ਦਾ ਲਾਭ ਉਠਾ ਸਕਣ।

## ਡਾਕਟਰ ਅੰਬੇਦਕਰ ਫਾਊਂਡੇਸ਼ਨ ਵੱਲੋਂ ਲੇਖ ਮੁਕਾਬਲਿਆਂ ਲਈ 15 ਜੁਲਾਈ ਤੱਕ ਅਰਜ਼ੀਆਂ ਮੰਗੀਆਂ ਗਈਆਂ

ਲੁਧਿਆਣਾ (ਪ੍ਰੀਤੀ ਸ਼ਰਮਾ) ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਤਿਵਾੜੀ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸ਼ਸ਼ਕਤੀਕਰਨ ਅਧੀਨ ਆਉਂਦੀ ਡਾ. ਅੰਬੇਦਕਰ ਫਾਊਂਡੇਸ਼ਨ ਵੱਲੋਂ ਸਾਲ 2013 ਲਈ ਰਾਸ਼ਟਰ ਪੱਧਰ ਦੇ ਲੇਖ ਮੁਕਾਬਲੇ ਕਰਵਾਏ ਜਾ ਰਹੇ ਹਨ।

ਉਹਨਾਂ ਦੱਸਿਆ ਕਿ ਇਹਨਾਂ ਮੁਕਾਬਲਿਆਂ ਦੀਆਂ ਦੋ ਕੈਟਾਗਰੀਆਂ ਹੋਣਗੀਆਂ। ਜਿਨਾਂ ਵਿੱਚੋਂ ਪਹਿਲੀ ਕੈਟਾਗਰੀ ਵਿੱਚ ਮਾਨਤਾ ਪ੍ਰਾਪਤ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ 9ਵੀਂ ਜਮਾਤ ਤੋਂ 12ਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਇਸ ਕੈਟਾਗਰੀ ਵਿੱਚ "ਡਾਕਟਰ ਅੰਬੇਦਕਰ ਇੱਕ ਸਮਾਜ ਸੁਧਾਰਕ'' ਵਿਸੇਤੇ 2000 ਹਜ਼ਾਰ ਸ਼ਬਦਾਂ ਦਾ ਲੇਖ ਲਿਖ ਸਕਦੇ ਹਨ। ਇਹ ਲੇਖ ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਲਿਖੇ ਜਾ ਸਕਦੇ ਹਨ।

ਇਹਨਾਂ ਮੁਕਬਲਿਆਂ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ ਨੂੰ 25 ਹਜ਼ਾਰ ਰੁਪਏ, ਦੂਜੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ ਨੂੰ 15 ਹਜ਼ਾਰ ਰੁਪਏ ਅਤੇ ਤੀਜੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ ਨੂੰ 10 ਹਜਾਰੁਪਏ ਦਾ ਇਨਾਮ ਦਿੱਤਾ ਜਾਵੇਗਾ।

ਸ੍ਰੀ ਤਿਵਾੜੀ ਨੇ ਦੱਸਿਆ ਕਿ ਦੂਜੀ ਕੈਟਾਗਰੀ ਵਿੱਚ ਮਾਨਤਾ ਪ੍ਰਾਪਤ ਕਾਲਜ਼, ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਇਸ ਕੈਟਾਗਰੀ ਵਿੱਚ "ਡਾਕਟਰ ਅੰਬੇਦਕਰ ਅਤੇ ਮਹਿਲਾ ਸ਼ਸ਼ਕਤੀਕਰਨ'' ਵਿਸ਼ੇ ਤੇ 3500 ਸ਼ਬਦਾਂ ਦਾ ਲੇਖ ਲਿਖਿਆ ਜਾ ਸਕਦਾ ਹੈ।

ਇਹ ਲੇਖ ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਲਿਖੇ ਜਾ ਸਕਦੇ ਹਨ। ਇਹਨਾਂ ਮੁਕਬਲਿਆਂ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ ਨੂੰ 1 ਲੱਖ ਰੁਪਏ, ਦੂਜੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ ਨੂੰ 50 ਹਜ਼ਾਰ ਰੁਪਏ ਅਤੇ ਤੀਜੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ ਨੂੰ 25 ਹਜਾਰੁਪਏ ਦਾ ਇਨਾਮ ਦਿੱਤਾ ਜਾਵੇਗਾ।

ਇਹਨਾਂ ਮੁਕਾਬਲਿਆਂ ਵਿੱਚ ਲੇਖ ਭੇਜਣ ਦੀ ਆਖਰੀ ਮਿਤੀ 15 ਜੁਲਾਈ 2013 ਹੈ। ਇਹਨਾਂ ਮੁਕਾਬਲਿਆਂ ਵਿੱਚ ਭਾਗ ਲੈਣ ਸਬੰਧੀ ਸ਼ਰਤਾਂ ਅਤੇ ਦਾਖਲਾ ਫਾਰਮ ਫਾਊਂਡੇਸ਼ਨ ਦੀ ਵੈਬਸਾਈਟ www.ambedkar-foundation.nic.in ਤੇ ਉਪਲਭਦ ਹੈ।

# ਸ਼ਰਧਾਂਜਲੀ ਮੱਖਣ ਸੈਂਪਲੇ ਨੂੰ ਭਾਰਤੀ ਅਤੇ ਫਿਜ਼ੀਅਨ ਅਮੈਰੀਕਨ ਭਾਈਚਾਰੇ ਵੱਲੋਂ ਭਰਪੂਰ ਸ਼ਰਧਾਂਜਲੀਆਂ

ਸਵਰਗੀ ਗੁਰਬਚਨਾ ਸੈਂਪਲੇ ਦੇ ਸਪੁੱਤਰ ਸ੍ਰੀ ਮੱਖਣ ਸੈਂਪਲੇ ਦਾ 19 ਮਈ ਨੂੰ ਇਕ ਸੰਖੇਪ ਬਿਮਾਰੀ ਪਿੱਛੋਂ ਦੇਹਾਂਤ ਹੋ ਗਿਆ ਸੀ। ਸ੍ਰੀ ਮੱਖਣ ਸੈਂਪਲੇ ਸੈਕਰਾਮੈਂਟੋ ਨਾਲ ਲੱਗਦੇ ਸ਼ਹਿਰ ਐਲਕ ਗਰੋਵ 'ਚ ਆਪਣੇ ਪਰਿਵਾਰ ਸਮੇਤ ਰਹਿੰਦੇ ਸਨ, ਜਿਹਨਾਂ ਦਾ ਪਿਛਲਾ ਪਿੰਡ ਮਾਹਿਲ ਖੁਰਦ ਨੇੜੇ ਔੜ ਜ਼ਿਲ੍ਹਾ ਸ. ਸ਼ਹੀਦ ਭਗਤ ਸਿੰਘ ਨਗਰ (ਪੰਜਾਬ) ਭਾਰਤ ਸੀ। ਸ੍ਰੀ ਸੈਂਪਲੇ 54 ਸਾਲ ਦੀ ਉਮਰ ਵਿਚ ਆਪਣੇ ਪਿੱਛੇ ਧਰਮ ਪਤਨੀ, ਤਿੰਨ ਲੜਕੀਆਂ ਅਤੇ ਦੋ ਹੋਣਹਾਰ ਲੜਕਿਆਂ ਨੂੰ ਛੱਡ ਗਏ। ਇਸੇ ਸਾਲ ਮਾਰਚ ਮਹੀਨੇ ਸ੍ਰੀ ਸੈਂਪਲੇ ਦੀ ਜ਼ਿੰਦਗੀ 'ਚ ਐਸਾ ਵੀ ਦਿਨ ਆਇਆ ਜਦੋਂ ਡਾਕਟਰਾਂ ਨੇ ਵੀ ਜਵਾਬ ਦੇ ਦਿੱਤਾ ਸੀ ਕਿ ਇਸ ਦਾ ਬਚਣਾ ਹੁਣ ਜ਼ਿਆਦਾ ਦੇਰ ਸੰਭਵ ਨਹੀਂ ਪਰ ਕੁਦਰਤ ਨੇ ਸ੍ਰੀ ਮੱਖਣ ਸੈਂਪਲੇ ਦੇ ਜੀਵਨ ਵਿਚ ਲੱਗਭੱਗ ਦੋ-ਢਾਈ ਮਹੀਨੇ ਹੋਰ ਜਿਉਣ ਦਾ ਮੌਕਾ ਦਿੱਤਾ ਪਰ ਹੋਣੀ ਨੂੰ ਕੌਣ ਟਾਲ ਸਕੇ। ਸਾਹਿਬ ਸ੍ਰੀ ਅਕਾਲ ਪੁਰਖ ਵੱਲੋਂ ਬਖਸ਼ੇ ਸੁਆਸਾਂ ਨੂੰ ਭੋਗਦੇ ਆਖਿਰ ਆਪਣੇ ਪਰਿਵਾਰ, ਸਕੇ ਸਬੰਧੀਆਂ, ਰਿਸ਼ਤੇਦਾਰਾਂ, ਦੋਸਤਾਂ ਤੇ ਭਾਈਚਾਰੇ ਨੂੰ ਅਲਵਿਦਾ ਆਖ ਗਏ ਤੇ ਉਹਨਾਂ ਦਾ ਸੈਕਰਾਮੈਂਟੋ ਵਿਖੇ ਅੰਤਿਮ ਸਸਕਾਰ ਕਰ ਦਿੱਤਾ ਗਿਆ, ਜਿਸ ਮੌਕੇ ਬਹੁਤ ਭਾਰੀ ਗਿਣਤੀ ਵਿਚ ਸਨੇਹੀਆਂ ਨੇ ਵਿਛੜੀ ਰੂਹ ਨੂੰ ਦੁਖੀ ਹਿਰਦਿਆਂ ਨਾਲ ਸ਼ਰਧਾਂਜਲੀ ਦਿੰਦਿਆਂ ਆਖਰੀ ਸਲਾਮ ਕੀਤੀ।

ਯਾਦ ਰਹੇ ਸ੍ਰੀ ਮੱਖਣ ਸੈਂਪਲੇ ਇਕ ਬਹੁਤ ਹੀ ਨੇਕ ਦਿਲ ਇਨਸਾਨ ਸਨ ਤੇ ਉਹ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਸਾਬਕਾ ਚੇਅਰਮੈਨ ਤੇ ਮੌਜੂਦਾ ਪੀ. ਆਰ. ਓ. ਤੇ ਪ੍ਰਸਿੱਧ ਪ੍ਰਮੋਟਰ ਸ੍ਰੀ ਜਸਵਿੰਦਰ ਬੰਗਾ ਜੀ ਦੇ ਮਾਮਾ ਜੀ ਦੇ ਲੜਕੇ ਸਨ ਤੇ ਸਾਬਕਾ ਪ੍ਰਧਾਨ ਤੇ ਉਘੇ ਸਮਾਜ ਸੇਵਕ ਸ੍ਰੀਮਾਨ ਪ੍ਰਮਜੀਤ ਭੁੱਟਾ ਜੀ ਦੇ ਭਾਣਜੇ ਅਤੇ ਸਾਬਕਾ ਪ੍ਰਧਾਨ ਸ੍ਰੀ ਕੇਵਲ ਬੋਲੀਨਾ ਜੀ ਦੇ ਖਾਸ ਨਜ਼ਦੀਕੀ ਰਿਸ਼ਤੇਦਾਰ ਸਨ। ਸਮਾਜਿਕ ਵਿਵਹਾਰ ਲਈ ਉਹ ਸਭ ਦੇ ਚਹੇਤੇ ਸਨ।

ਸਵਰਗੀ ਸ੍ਰੀ ਮੱਖਣ ਸੈਂਪਲੇ ਦੀ ਅੰਤਿਮ ਅਰਦਾਸ ਲਈ ਨਮਿਤ ਪਾਠ ਦਾ ਭੋਗ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ 2 ਜੂਨ ਦਨ ਐਤਵਾਰ ਨੂੰ ਪਾਏ ਗਏ। ਇਸ ਮੌਕੇ ਸੈਂਪਲੇ ਪਰਿਵਾਰ ਨਾਲ ਹਮਦਰਦੀ ਰੱਖਣ ਵਾਲਿਆਂ ਨੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਇਕੱਠੇ ਹੋ ਕੇ ਸ੍ਰੀ ਅਕਾਲ ਪੁਰਖ ਅੱਗੇ ਬੇਨਤੀਆਂ ਕੀਤੀਆਂ। ਇਸ ਦੌਰਾਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਨਿਰਮਲ ਸਿੰਘ ਤੇ ਉਹਨਾਂ ਦੇ ਸਾਥੀ ਗ੍ਰੰਥੀ ਭਾਈ ਸਾਹਿਬ ਜਸਪਾਲ ਸਿੰਘ ਨੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਸ਼ਬਦ ਗਾਇਨ ਦੇ ਨਾਲ ਨਾਲ ਅਰਦਾਸ ਕੀਤੀ ਅਤੇ ਉਹਨਾਂ ਦੇ ਨਾਲ ਭਾਈ ਜਸਵਿਦਰ ਮਹਾਜਨ ਜੀ ਨੇ ਸਾਥ ਦਿੱਤਾ।

ਇਸ ਤੋਂ ਇਲਾਵਾ ਇੰਡੀਆ ਤੋਂ ਆਏ ਨਾਮਵਰ ਗਾਇਕ ਸ੍ਰੀ ਸੁਰਿੰਦਰ ਖਾਨ ਨੇ ਸ੍ਰੀ ਜਸਵਿੰਦਰ ਬੰਗਾ ਵੱਲੋਂ ਬੇਨਤੀ ਕਰਨ ਤੇ ਦੋ ਸ਼ਬਦ ਨਾਲ ਹਾਜ਼ਰੀ ਭਰਦਿਆਂ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਜ਼ੋਈ ਕੀਤੀ। ਗਾਇਕ ਸ੍ਰੀ ਖਾਨ ਨੇ ਦੋ ਸ਼ਬਦਾਂ ਦੇ ਨਾਲ ਜੋ ਸੰਗਤਾਂ ਖਾਸ ਕਰਕੇ ਦੁਖੀ ਪਰਿਵਾਰ ਨਾਲ ਜੋ ਹਮਦਰਦੀ ਦਿਖਾਈ, ਬਹੁਤ ਹੀ ਦਿਲ ਦੀ ਗਹਿਰਾਈ ਤੋਂ ਸੀ। ਉਹਨਾਂ ਪਹਿਲਾਂ:



ਨਾ ਧੁੱਪ ਰਹਿਣੀ ਨਾ ਛਾਂ ਬੰਦਿਆ
ਨਾ ਪਿਓ ਰਹਿਣਾ ਨਾ ਮਾਂ ਬੰਦਿਆ
ਹਰ ਸ਼ੈਅ ਨੇ ਆਖਿਰ ਮੁੱਕ ਜਾਣਾ..
ਤੇ ਦੂਸਰਾ
ਲੰਮੀਆਂ ਵਾਟਾਂ ਤੇ ਜਿਹੜੇ ਪਏ ਜਿੰਦੇ ਮੇਰੀਏ
ਉਹ ਮੁੜਦੇ ਕਦੇ ਨਹੀਂ ਜਿਹੜੇ ਗਏ ਜਿੰਦੇ ਮੇਰੀਏ।

ਨੇ ਤਾਂ ਸੰਗਤਾਂ ਦੀਆਂ ਦੁਖੀ ਅੱਖੀਆਂ ਨੂੰ ਨਮ ਕਰ ਦਿੱਤਾ ਅਤੇ ਨਮ ਅੱਖੀਆਂ 'ਚੋਂ ਨੀਰ ਵਹਾ ਦਿੱਤਾ। ਸਮੇਂ ਦੇ ਅਨੁਕੂਲ ਤੇ ਸ਼ਬਦਾਂ ਦੀ ਬਣਤਰ ਤੇ ਗਾਇਕ ਦੀ ਗਾਇਕੀ ਨੇ ਸਭ ਦੇ ਦਿਲਾਂ ਵਿਚ ਜਗ੍ਹਾ ਬਣਾ ਲਈ।

ਇਹਨਾਂ ਤੋਂ ਇਲਾਵਾ ਜਿਹਨਾਂ ਹੋਰ ਵਿਅਕਤੀਆਂ ਨੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਦੋ ਸ਼ਬਦ ਰੱਖੇ, ਉਹਨਾਂ ਵਿਚ ਸਰਵ ਸ੍ਰੀ ਰਮੇਸ਼ ਬੰਗੜ, ਪ੍ਰੇਮ ਪਾਲ, ਡਾਕਟਰ ਹਰਮੇਸ਼ ਕੁਮਾਰ ਅਤੇ ਸਤੀਸ਼ ਰੱਲ੍ਹ ਆਦਿ ਦੇ ਨਾਂ ਵਰਣਨਯੋਗ ਹਨ। ਸ੍ਰੀ ਪ੍ਰੇਮ ਪਾਲ ਜੋ ਧਾਰਮਿਕ ਬਿਰਤੀ ਦੇ ਮਾਲਕ ਹਨ, ਨੇ ਦੁਖੀ ਪਰਿਵਾਰ ਤੇ ਦੁੱਖ ਵਿਚ ਸ਼ਰੀਕ ਹੋਏ ਭਾਈਚਾਰੇ ਨੂੰ ਇਕ ਸਤਿਸੰਗਤ ਦੀ ਤਰ੍ਹਾਂ ਗੁਰਬਾਣੀ ਦੀ ਓਟ ਲੈਂਦਿਆਂ ਉਸ ਪਰਵਰਦਗਾਰ ਦੇ ਭਾਣੇ ਨੂੰ ਮੰਨਦਿਆਂ ਉਸ ਦੀ ਰਜ਼ਾ ਵਿਚ ਰਹਿਣਾ ਹੀ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਸਹੀ ਅਰਦਾਸ ਦੱਸਿਆ।

ਡਾਕਟਰ ਹਰਮੇਸ਼ ਕੁਮਾਰ ਜੋ ਜਿੱਥੇ ਆਪਣੇ ਪ੍ਰੋਫੈਸ਼ਨ ਦੇ ਮਾਹਿਰ ਹਨ, ਉਥੇ ਧਾਰਮਿਕ, ਸਮਾਜਿਕ, ਰਾਜਨੀਤਿਕ ਤੇ ਆਰਥਿਕ ਮਾਮਲਿਆਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ, ਨੇ ਕਿਹਾ ਕਿ ਲੋਕ ਕਿਸੇ ਦੇ ਮਰਨ ਤੇ ਕਹਿੰਦੇ ਅਤੇ ਲਿਖਦੇ ਹਨ ਕਿ ਸਵਰਗੀ ਜਾਂ ਸਵਰਗਵਾਸੀ। ਦਰਅਸਲ ਇਸ ਦਾ ਭਾਵ ਹੈ- ਕਿ ਮਰਨ ਵਾਲਾ ਵਿਅਕਤੀ ਸਵਰਗਾਂ 'ਚ ਚਲਾ ਗਿਆ ਹੈ, ਉਹ ਐਸੀ ਜਗ੍ਹਾ ਜਾਂ ਅਵਸਥਾ ਹੈ ਜਿੱਥੇ ਪਾਤਸ਼ਾਹਾਂ ਦੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਆਪਣੇ ਪਾਵਨ ਸ਼ਬਦ ਬੇਗ਼ਮਪੁਰਾ ਸਹਰ.. ਜਾਂ ਫਿਰ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪਣੇ ਹਲੇਮੀ ਰਾਜ ਬਾਰੇ ਜੋ ਸਮੂਹ ਲੋਕਾਈ ਨੂੰ ਵਿਸਥਾਰ ਪੂਰਵਕ ਵਰਣਨ ਕਰਦੇ ਹਨ, ਉਸ ਦਾ ਮਤਲਬ ਹੈ ਕਿ ਉਸ ਜਗ੍ਹਾ ਕਿਸੇ ਕਿਸਮ ਦਾ ਕੋਈ ਗ਼ਮ, ਕਲੇਸ਼, ਦੁੱਖ, ਊਚ ਨੀਚ, ਛੋਟਾ ਵੱਡਾ ਦਾ ਸਵਾਲ ਹੀ ਨਹੀਂ, ਉਥੇ ਸਭ ਬਰਾਬਰ ਹਨ। ਸਭਨਾਂ ਵਿਚ ਇਤਨਾ ਪਿਆਰ ਹੈ ਕਿ ਇਕ ਗੱਲ ਭਲੀ-ਭਾਂਤ ਸਮਝਦੇ ਹਨ ਕਿ ਸਭ ਇਕ ਦੂਸਰੇ ਦੇ ਪਰਮ ਮਿੱਤਰ ਭਾਵ ਜੋ ਹਮ ਸਹਰੀ ਸੋ ਹਮੀਤ ਹਮਾਰਾ- ਵਾਲਾ ਮਾਹੌਲ ਹੈ।

ਉਪਰੋਕਤ ਵਰਣਨ ਕਰਦਿਆਂ ਡਾ. ਹਰਮੇਸ਼ ਕੁਮਾਰ ਜੀ ਨੇ ਕਿਹਾ ਕਿ ਅੱਜ ਜੇਕਰ ਅਸੀਂ 'ਅੱਜ' ਨੂੰ ਚੰਗੀ ਤਰ੍ਹਾਂ ਸਮਝ ਜਾਈਏ, ਗੁਰਬਾਣੀ ਅਨੁਸਾਰ ਆਪਣਾ ਜੀਵਨ ਢਾਲ ਲਈਏ ਤਾਂ ਸਵਰਗ ਅਸੀਂ ਜਿਉਂਦੇ ਜੀ ਦੇਖ ਹੀ ਨਹੀਂ ਬਲਕਿ ਹੰਢਾ ਸਕਦੇ ਹਾਂ।

ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੇ ਜਨਰਲ ਸਕੱਤਰ ਸ੍ਰੀ ਰਮੇਸ਼ ਬੰਗੜ ਜੀ ਨੇ ਸਟੇਜ ਦੀ ਸੇਵਾ ਨਿਭਾਉਂਦਿਆਂ ਦੁਖੀ ਪਰਿਵਾਰ ਨਾਲ ਤੇ ਦੁੱਖ ਦੀ ਘੜੀ ਵਿਚ ਸ਼ਰੀਕ ਹੋਈਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਹ ਸੰਸਾਰ, ਫਾਨੀ ਸੰਸਾਰ ਹੈ, ਇੱਥੇ ਕੁਝ ਵੀ ਸਥਿਰ ਨਹੀਂ, ਗੁਰਬਾਣੀ ਵੀ ਵਾਰ ਵਾਰ ਸੰਦੇਸ਼ ਦਿੰਦੀ ਹੈ ਕਿ ਜੋ ਉਪਜੇ ਸੋ ਬਿਨਸੇ, ਇਕ ਉਸ ਸ੍ਰੀ ਅਕਾਲ ਪੁਰਖ ਦਾ ਸੱਚਾ ਨਾਮ (ਸਤਿਨਾਮ) ਹੀ ਆਧਾਰ ਹੈ ਜੋ ਸਭ ਦਾ ਉਦਾਰ ਕਰ ਸਕਦਾ ਹੈ। ਅਜਿਹਾ ਜਾਂ ਅਜਿਹੇ ਭਾਣੇ ਵਰਤਦੇ ਆਏ ਹਨ ਤੇ ਵਰਤਦੇ ਰਹਿਣੇ ਹਨ ਪਰ ਅਸੀਂ ਉਸ ਮਾਲਿਕ ਦੀ ਰਜ਼ਾ ਵਿਚ ਰਹਿੰਦਿਆਂ ਉਸ ਦਾ ਭਾਣਾ ਮਿੱਠਾ ਕਰਕੇ ਮੰਨਦੇ ਹੋਏ ਆਉਣ ਵਾਲੇ ਕੱਲ੍ਹ ਬਾਰੇ ਸੋਚਣਾ ਹੈ ਕਿ ਉਸ ਤੋਂ ਅਸੀਂ ਕਿੰਨਾ ਕੁ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਬਣਾ ਸਕਦੇ ਹਾਂ।

ਗੁਰੂ ਘਰ ਦੇ ਮੁੱਖ ਸੇਵਾਦਾਰ ਸ੍ਰੀਮਾਨ ਸਤੀਸ਼ ਰੱਲ੍ਹ ਜੀ ਨੇ ਅਖੀਰ ਵਿਚ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਜਿੱਥੇ ਦੁਖੀ ਪਰਿਵਾਰ ਨਾਲ ਆਪਣੀ ਹਮਦਰਦੀ ਜਤਾਈ, ਉਥੇ ਦੁੱਖ ਦੀ ਘੜੀ ਵਿਚ ਸ਼ਰੀਕ ਹੋਈਆਂ ਸਮੂਹ ਸੰਗਤਾਂ ਕੋਟਿਨ ਕੋਟਿ ਧੰਨਵਾਦ ਕਰਦਿਆਂ ਪਾਵਨ ਗੁਰਬਾਣੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਿਊਣਾ ਝੂਠ ਹੈ ਤੇ ਮਰਨਾ ਸੱਚ ਹੈ। ਆਓ ਆਪਾਂ ਸਾਰੇ ਇਸ ਸੱਚ ਨੂੰ ਸਵੀਕਾਰੀਏ।

ਇਸ ਉਪਰੰਤ ਦੁਖੀ ਪਰਿਵਾਰ ਨੇ ਆਪਣੀਆਂ ਸਮਾਜਿਕ ਰਸਮਾਂ ਨੂੰ ਪੂਰਾ ਕੀਤਾ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਓਟ ਲੈਂਦਿਆਂ ਸਮੂਹ ਪਰਿਵਾਰ ਦੇ ਅੱਛੇ ਭਵਿੱਖ ਲਈ ਦੁਆਵਾਂ ਮੰਗੀਆਂ। ਯਾਦ ਰਹੇ ਸ੍ਰੀ ਸੈਂਪਲੇ ਪਰਿਵਾਰ ਚੋ ਦੋ ਲੜਕੀਆਂ ਮੈਡੀਕਲ ਦੀ ਪੜ੍ਹਾਈ ਕਰ ਰਹੀਆਂ ਹਨ ਤੇ ਜਲਦੀ ਹੀ ਡਾਕਟਰ ਬਣਨ ਜਾ ਰਹੀਆਂ ਹਨ, ਇਹਨਾਂ ਵਿਚੋਂ ਇਕ ਲੜਕੀ ਨੀਲਮ ਸੈਂਪਲੇ ਨੇ ਪਿਛਲੇ ਮਹੀਨੇ ਭਾਵ 12 ਮਈ ਨੂੰ "ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾ-ਸੀਆ ਕਮਿਊਨਿਟੀ ਕੈਲੇਫੋਰਨੀਆ ਯੂ. ਐਸ. ਏ.'' ਵੱਲੋਂ ਕੈਪੀਟਲ ਬਿਲਡਿੰਗ ਸੈਕਰਾਮੈਂਟੋ ਵਿਖੇ ਇਕ ਨਿਵੇਕਲਾ ਅਤੇ ਪਲੇਠਾ "ਕਮਿਊਨਿਟੀ ਅਵੇਅਰਨੈਸ'' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਸੀ ਤੇ ਨੀਲਮ ਸੈਂਪਲੇ ਨੇ ਵਿੱਦਿਆ ਸਬੰਧਤ ਇਕ ਸੰਖੇਪ ਭਾਸ਼ਣ ਵਿਚ ਨੌਜਵਾਨ ਬੱਚੇ-ਬੱਚੀਆਂ ਨੂੰ ਵਿੱਦਿਆ ਦੀ ਅਹਿਮੀਅਤ ਤੋਂ ਜਾਣੂ ਕਰਵਾਉਂਦਿਆਂ ਉੱਚੀ ਤੋਂ ਉੱਚੀ ਵਿੱਦਿਆ ਹਾਸਲ ਕਰਨ ਲਈ ਅਪੀਲ ਕੀਤੀ ਸੀ।

ਅੱਜ ਇਸ ਦੁੱਖ ਦੀ ਘੜੀ ਵਿਚ ਬਹੁਤ ਸਾਰੇ ਲੋਕਾਂ ਨੂੰ ਸ੍ਰੀ ਪ੍ਰਮਜੀਤ ਭੁੱਟਾ ਦੀ ਨਾਮੌਜੂਦਗੀ ਦੀ ਘਾਟ ਮਹਿਸੂਸ ਕੀਤੀ ਗਈ। ਉਸ ਦੀ ਵਜ੍ਹਾ ਹੈ ਕਿ ਮੱਖਣ ਸੈਂਪਲੇ ਦੇ ਦੇਹਾਂਤ ਤੋਂ ਕੁਝ ਦਿਨ ਪਹਿਲਾਂ ਹੀ ਸ੍ਰੀ ਭੁੱਟਾ ਕੁਝ ਖਾਸ ਰੁਝੇਵਿਆਂ ਲਈ ਭਾਰਤ ਗਏ ਹੋਏ ਹਨ। ਉਹਨਾਂ ਨਾਲ ਜਦੋਂ ਅਦਾਰਾ 'ਅੰਬੇਦਕਰ ਟਾਈਮਜ਼'' ਅਤੇ "ਦੇਸ਼ ਦੁਆਬਾ'' ਵੱਲੋਂ ਸਵਰਗੀ ਮੱਖਣ ਸੈਂਪਲੇ ਬਾਰੇ ਕੁਝ ਜਾਨਣਾ ਚਾਹਿਆ ਤਾਂ ਸ੍ਰੀ ਭੁੱਟਾਂ ਦਾ ਮਨ ਇੰਨਾ ਦੁਖੀ ਸੀ ਕਿ ਗ਼ਲਾ ਵੀ ਕੁਝ ਕਹਿਣ ਤੋਂ ਇੰਨਾ ਅਸਮਰੱਥ ਸੀ ਕਿ ਵਰਣਨ ਨਹੀਂ ਕੀਤਾ ਜਾ ਸਕਦਾ। ਜੋ ਹੋਰਨਾਂ ਲਈ ਮਰਨ ਵਾਲਾ ਆਪਣਿਆਂ ਤੋਂ ਕਿਵੇਂ ਦੂਰ ਰਹਿ ਸਕਦਾ ਹੈ? ਉਸ ਲਈ ਤੇ ਇਹ ਅੱਜ ਪਰਦੇਸਾਂ ਦੇ ਦੁੱਖ ਵਾਲੀ ਘੜੀ ਹੋ ਨਿੱਬੜੀ। ਬੜੀ ਮੁਸ਼ਕਿਲ ਨਾਲ ਉਹਨਾਂ ਕਿਹਾ ਕਿ ਜੇ ਮੈਨੂੰ ਪਤਾ ਹੁੰਦਾ ਕਿ ਇੰਨੀ ਜਲਦੀ ਮੱਖਣ ਸੈਂਪਲੇ ਨੇ ਤੁਰ ਜਾਣਾ ਹੈ ਤਾਂ ਮੈਂ ਭਾਰਤ ਅਜੇ ਨਾ ਆਉਂਦਾ। ਫਿਰ ਵੀ ਪ੍ਰੇਮ ਕੁਮਾਰ ਚੁੰਬਰ ਨੇ ਅਦਾਰਾ "ਅੰਬੇਦਕਰ ਟਾਈਮਜ਼'' ਅਤੇ "ਦੇਸ਼ ਦੁਆਬਾ'' ਵੱਲੋਂ ਹਾਜ਼ਰੀ ਭਰਦਿਆਂ ਆਪਣੇ ਵੱਲੋਂ ਸੱਚੀ ਸ਼ਰਧਾਂਜਲੀ ਇਹ ਸਮਝੀ ਕਿ ਸਭਨਾਂ ਨੂੰ ਸੁਣਿਆ ਜਾਵੇ ਤੇ ਉਸ ਨੂੰ ਖੁਦ ਕਲਮਬੰਦ ਕਰੇ। ਫਿਰ ਵੀ ਸ੍ਰੀ ਚੁੰਬਰ ਅਦਾਰਾ "ਅੰਬੇਦਕਰ ਟਾਈਮਜ਼'' ਅਤੇ "ਦੇਸ਼ ਦੁਆਬਾ'' ਦੁਖੀ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੁੰਦਾ ਹੋਇਆ ਸਦਾ ਸਦਾ ਲਈ ਵਿਛੜੇ ਨੇਕ ਦਿਲ ਇਨਸਾਨ ਮੱਖਣ ਸੈਂਪਲੇ ਨੂੰ ਉਸ ਨਾਲ ਗੁਰੂ ਘਰ ਅੰਦਰ ਹੋਈਆਂ ਚੰਦ ਮੁਲਾਕਾਤਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਦਿੰਦਾ ਹੈ।

**- ਪ੍ਰੇਮ ਕੁਮਾਰ ਚੁੰਬਰ**

# ਨਾਪਾ ਵਲੋਂ ਕਰਵਾਇਆ ਗਿਆ ਸਭਿਆਚਾਰਕ ਤੇ ਖੇਡ ਮੇਲਾ ਯਾਦਗਾਰੀ ਤੇ ਇਤਿਹਾਸਕ ਹੋ ਨਿਬੜਿਆ

ਪ੍ਰੋਗਰਾਮਾਂ ਨੂੰ ਸਫਲਤਾ ਸਹਿਤ ਨੇਪਰੇ ਚਾੜਨ ਲਈ ਜਸਮੀਤਾ ਕੇ ਸਿੰਘ, ਹਰਦੀਪ ਕੇ ਸਿੰਘ, ਅਮਰਪ੍ਰੀਤ ਕੌਰ, ਹਰਜਿੰਦਰ ਕੇ ਸੰਧੂ, ਮੁਸਕਾਨ ਕੇ ਸੰਧੂ, ਸੁਖਪ੍ਰੀਤ ਕੌਰ, ਕਮਲਪ੍ਰੀਤ ਕੌਰ





ਨੇ ਦਿਨ ਰਾਤ ਇਕ ਕਰਕੇ ਕੰਮ ਕੀਤਾ। ਇਸ ਮੌਕੇ ਤੇ ਔਰਤਾਂ ਦੀਆਂ ਵੱਖ ਵੱਖ ਟੀਮਾਂ ਦੇ ਖੇਡ ਮੁਕਾਬਲੇ ਵੀ ਕਰਵਾਏ ਗਏ ਜਿਸਦਾ ਦਰਸ਼ਕਾਂ ਨੇ ਬਹੁਤ ਅਨੰਦ ਮਾਣਿਆ।ਔਰਤਾਂ ਦੇ ਇਹਨਾਂ ਖੇਡ ਮੁਕਾਬਲਿਆਂ ਨੂੰ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕਰਨ ਲਈ ਕਿਰਨਦੀਪ .ਕੇ .ਸਿੱਧੂ, ਨਵਨੀਤ ਕੌਰ ਰਿੰਪੀ, ਮਿੰਨੀ ਕੌਰ ਤੇ ਪ੍ਰਵਿੰਦਰ ਕੌਰ ਵਿਰਕ ਨੇ ਆਪੋ ਆਪਣੀ ਅਹਿਮ ਭੂਮਿਕਾ ਨਿਭਾਈ।ਕਬੱਡੀ ਦੀਆਂ ਖੇਡਾਂ ਵਿਚ ਸ਼ਿਕਾਗੋ,ਨਿਊਯਾਰਕ,ਕੈਲੀਫੋਰਨੀਆ,ਡਾਲਸ ਤੇ ਟੈਕਸਸ ਆਦਿ ਦੀਆਂ ਅੱਠ ਟੀਮਾਂ ਨੇ ਆਪੋ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕੀਤਾ ਜਿਸ ਦੌਰਾਨ ਨਾਪਾ ਟੈਕਸਾਸ ਸਟੇਟ ਦੀ ਕਬੱਡੀ ਟੀਮ ਨੇ ਸ਼ਿਕਾਗੋ ਦੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਪਰਾਪਤ ਕੀਤਾ ਜਿਸ ਕਾਰਣ 5100 ਡਾਲਰ ਦਾ ਪਹਿਲਾ ਇਨਾਮ ਨਾਪਾ ਟੈਕਸਸ ਸਟੇਟ ਦੀ ਟੀਮ ਦੇ ਹਿੱਸੇ ਆਇਆ ਤੇ 3100 ਡਾਲਰ ਦਾ ਦੂਸਰਾ ਇਨਾਮ ਸ਼ਿਕਾਗੋ ਦੀ ਕਬੱਡੀ ਟੀਮ ਦੀ ਝੋਲੀ ਪਿਆ।ਤੇ ਗਿਆਰਾਂ ਸੌ ਡਾਲਰ ਦੇ ਇਨਾਮ ਕਬੱਡੀ ਦੀਆਂ ਖੇਡਾਂ ਵਿਚ ਹਿਸਾ ਲੈਣ ਵਾਲੀਆਂ ਟੀਮਾਂ ਨੂੰ ਦਿਤੇ ਗਏ। ਇਸੇ ਤਰ੍ਹਾਂ ਕਬੱਡੀ ਟੀਮ (21 ਸਾਲ) ਦਾ ਪਹਿਲਾ ਇਨਾਮ 2100 ਡਾਲਰ ਤੇ ਦੂਜਾ ਇਨਾਮ 1500 ਡਾਲਰ ਦਿੱਤਾ ਗਿਆ। ਇਸੇ ਤਰ੍ਹਾਂ ਵਧੀਆ ਰੇਡਰ ਅਤੇ ਬੈਸਟ ਸਟਾਪਰ ਨੂੰ ਪਹਿਲਾ ਇਨਾਮ 1500-1500 ਡਾਲਰ ਦਿੱਤੇ ਗਏ ।ਇਹਨਾਂ ਇਨਾਮਾਂ ਦੀ ਵੰਡ ਨਾਪਾ ਦੇ ਕੌਮੀ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ,ਡਾ.ਗੁਰਦੀਪ ਸਿੰਘ ਬੁਟਰ, ਸ਼: ਗੁਰਨਾਮ ਸਿੰਘ ਸੰਧਰ, ਸਤਨਾਮ ਸਿੰਘ ਚਾਹਲ,ਡਾ.ਅਜੰਦਰ ਸਿੰਘ ਢੱਟ, ਡਾ.ਜਸਵੰਤ ਸਿੰਘ ਪੰਧੇਰ,ਪਾਲ ਮੋਰ,ਦਲਜੀਤ ਸਿੰਘ, ਅਮਰਜੀਤ ਢਿਲੋਂ ਤੇ ਸ: ਹਰਦਿਆਲ ਸਿੰਘ ਮਾਂਗਟ ਨੇ ਆਪਣੇ ਕਰ ਕਮਲਾਂ ਨਾਲ ਕੀਤੀ।ਕਬੱਡੀ ਤੇ ਖੇਡ ਮੇਲਿਆਂ ਵਿਚ ਆਪਣੀ ਸ਼ਾਨਦਾਰ ਕਮੈਂਟਰੀ ਕਰਨ ਲਈ ਸੰਸਾਰ ਪੱਧਰ ਤੇ ਨਾਮਣਾ ਖਟਣ ਵਾਲੇ ਅਮਰਜੀਤ ਢਿਲੋਂ,ਸੁਖਵਿੰਦਰ ਸੰਘੇੜਾ ਤੇ ਇਕਬਾਲ ਗਾਲਿਬ ਨੇ ਸ਼ਾਨਦਾਰ



ਕੁਮੈਂਟਰੀ ਕਰਕੇ ਆਪੋ ਆਪਣੀ ਕਲਾ ਦਾ ਸ਼ਾਂਨਦਾਰ ਪ੍ਰਦਰਸ਼ਨ ਕੀਤਾ। ਕਬੱਡੀ ਦੀਆਂ ਖੇਡਾਂ ਨੂੰ ਸ਼ਾਂਨਦਾਰ ਤਰੀਕੇ ਨਾਲ ਕਰਵਾਉਣ ਲਈ ਸ: ਮਨਜੀਤ ਸਿੰਘ ਢੀਂਡਸਾ ਤੇ ਬੰਬੇ ਸਵੀਟਸ ਵਾਲੇ ਸੁਖਦੇਵ ਸਿੰਘ ਤੋਂ ਇਲਾਵਾ ਦਲਜੀਤ ਸਿੰਘ, ਸੁਰਿੰਦਰ ਸਿੰਘ, ਨਛੱਤਰ ਲਹਿਗਾ, ਗੁਰਦੇਵ ਸਿੱਧੂ, ਜਰਨੈਲ ਸਿੰਘ, ਗੁਰਪ੍ਰੀਤ ਤੂਰ, ਇੰਦਰਬੀਰ ਮਾਨ, ਕਮਲਜੀਤ ਮਾਨ, ਕਾਬਲ ਸਿੰਘ ਬਟਾਲਾ, ਗੁਰਚਰਨ ਸਿੰਘ ਸਿੱਧੂ, ਤੇ ਮੁਖਤਿਆਰ ਸਿੰਘ ਸਾਰਾ ਦਿਨ ਪਬਾਂ ਭਾਰ ਹੋਏ ਰਹੇ।ਇਸ ਮੌਕੇ ਤੇ ਵੱਖ ਵੱਖ ਉਮਰ ਦੇ ਦੌੜਾਕਾਂ ਦੀਆਂ ਦੌੜਾਂ ਵੀ ਕਰਵਾਈਆਂ ਗਈਆਂ ਜਿਸ ਵਿਚ 65 ਸਾਲ ਤੋਂ ਜਿਆਦਾ ਉਮਰ ਦੀਆਂ ਦੌੜਾਂ ਵਿਚ ਭਾਗ ਲੈ ਕੇ ਪਹਿਲਾ ਇਨਾਮ ਮੇਲੇ ਦੇ ਗਰੈਂਡ ਸਪਾਂਸਰ ਤੇ ਇਸ ਖੇਤਰ ਦੀ ਉਘੀ ਸ਼ਖਸ਼ੀਅਤ ਸ: ਹਰਦਿਆਲ ਸਿੰਘ ਮਾਂਗਟ ਨੇ ਜਿਤਿਆ।ਘੋੜ ਸਵਾਰੀ ਵਿਚ ਪਹਿਲਾ ਇਨਾਮ ਸਾਹਿਬ ਸਿੰਘ ਦੇ ਹਿੱਸੇ ਆਇਆ ਤੇ ਦੂਸਰਾ ਇਨਾਮ ਅਮਰੀਕਨ ਮੂਲ ਦੀ ਇਕ ਕੁੜੀ ਨੇ ਪਰਾਪਤ ਕੀਤਾ।

ਇਸ ਮੌਕੇ ਵਾਲੀਬਾਲ ਦੀਆਂ ਖੇਡਾਂ ਦੇ ਮੁਕਾਬਲੇ ਵੀ ਕਰਵਾਏ ਗਏ ਜਿਸ ਵਿਚ ਨੌਂ ਟੀਮਾਂ ਨੇ ਭਾਗ ਲਿਆ।ਇਹਨਾਂ ਖੇਡ ਮੁਕਾਬਲਿਆਂ ਵਿਚ ਪਹਿਲਾ ਸਥਾਨ ਡਾਲਸ ਦੀ ਟੀਮ ਏ ਤੇ ਦੂਸਰਾ ਸਥਾਨ ਡਾਲਸ ਟੀਮ ਬੀ ਦੀ ਟੀਮ ਨੇ ਪਰਾਪਤ ਕੀਤਾ।ਪਾਣੀ ਦੀ ਸੇਵਾ ਸਾਰਾ ਦਿਨ ਜਗਜੀਤ ਸਿੰਘ ਮਾਨ, ਸੌਦਾਗਰ ਸਿੰਘ ਵਿਰਕ ਤੇ ਬਲਜਿੰਦਰ ਸਿੰਘ ਵਲੋਂ ਕੀਤੀ ਜਾਂਦੀ ਰਹੀ ।

ਇਸ ਮੌਕੇ ਤੇ ਔਰਤਾਂ ਤੇ ਉਹਨਾਂ ਦੀਆਂ ਧੀਆਂ ਵਿਚਕਾਰ ਰਸਾਕੱਸ਼ੀ ਦੇ ਮੁਕਾਬਲੇ ਵੀ ਕਰਵਾਏ ਗਏ ਜਿਸ ਵਿਚ ਧੀਆਂ ਨੇ ਆਪਣੀਆਂ ਮਾਵਾਂ ਨੂੰ ਪਛਾੜ ਕੇ ਪਹਿਲਾ ਸਥਾਨ ਪਰਾਪਤ ਕੀਤਾ।ਮੇਲੇ ਦੀ ਸ਼ਾਂਨਦਾਰ ਸਫਲਤਾ ਲਈ ਨਾਪਾ ਯੂਥ ਵਿੰਗ ਦੇ ਜਿਹੜੇ ਆਗੂਆਂ ਨੇ ਵਿਸ਼ੇਸ਼ ਭੂਮਿਕਾ ਨਿਭਾਈ।

**ਪਿਛਲੇ ਦੋ ਅੰਕਾਂ ਵਿਚ ਹੇਠਾਂ ਦਰਸਾਇਆ ਡਿਸਕਲੇਮਰ ਭੁਲੇਖੇ ਵੱਸ ਛਪਣੋਂ ਰਹਿ ਗਿਆ ਸੀ। ਇਸ ਅੰਕ ਦੇ ਡਿਸਕਲੇਮਰ ਨੂੰ ਉਹਨਾਂ ਅੰਕਾਂ ਦੇ ਨਾਲ ਸਮਝਿਆ ਜਾਵੇ।**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਤਵੀਆਂ ਤੇ ਦੇਗਾਂ ਨੂੰ ਠਾਰਨ ਵਾਲਿਆ- ਮੈਂ ਪੁੱਛਦਾ ਹਾਂ

-ਡਾ.ਅਮਰਜੀਤ ਸਿੰਘ ਟਾਂਡਾ

ਮਨੁੱਖਤਾ ਦੇ ਸਹਾਰਿਆ, ਇਨਸਾਨੀਅਤ ਦੇ ਸੂਰਜਾ, ਤੱਤੀਆਂ ਤਵੀਆਂ 'ਤੇ ਹੱਸ-ਹੱਸ ਬੈਠਣ ਤੇ ਗਾਉਣ ਵਾਲਿਆ, ਓਹਦੇ ਭਾਣੇ ਨੂੰ ਮਿੱਠਾ ਕਰਕੇ ਸਵੀਕਾਰ ਕਰਨ ਵਾਲਿਆ-ਕਈ ਸਾਲ ਲੰਘ ਗਏ ਹਨ, ਅਥਾਹ ਪਾਣੀ ਤੇਰੇ ਪੰਜਾਬ ਦੇ ਪੁਲਾਂ ਹੇਠ ਦੀ ਲੰਘ ਚੁੱਕਾ ਹੈ- ਤੈਨੂੰ ਸ਼ਾਇਦ ਯਾਦ ਹੋਵੇ ਕਿ ਤੇਰੇ ਹੀ ਮਹਾਨ ਸ਼ਹੀਦੀ ਦਿਵਸ ਤੇ ਤੇਰੇ ਹੀ ਚਰਨਾਂ ਨੂੰ ਪ੍ਰਣਾਮ ਕਰਨ ਗਏ ਕਈ ਬੇਗੁਨਾਹ ਮਾਂਵਾਂ ਦੇ ਪੁੱਤ, ਮਤਾਵਾਂ, ਭੈਣਾਂ ਤੇ ਕਈ ਬਜ਼ੁਰਗ ਬਾਪ ਸਮੇਂ ਨੇ ਪਲਾਂ 'ਚ ਹੀ ਮੌਤ ਦੀ ਗੋਦ 'ਚ ਸੁਆ ਦਿਤੇ ਸਨ। ਅੱਜ ਵੀ ਜਦੋਂ ਓਹੀ ਪਲ ਯਾਦ ਆਉਂਦੇ ਹਨ-ਜਦੋਂ ਮਨ ਝੰਜੋੜੇ ਗਏ ਸਨ, ਤਨ ਵਲੂੰਧਰੇ ਗਏ ਸਨ। ਉਸ ਦੁਖਾਂਤ ਨੇ ਇਨਸਾਨੀਅਤ ਨੂੰ ਮਿੱਟੀ ਚ ਰੋਲਿਆ ਸੀ- ਸੰਗੀਨਾਂ ਨੇ ਕਾਨੂੰਨ ਨੂੰ ਹੱਥ ਚ ਲੈ ਕੇ ਇਨਸਾਨੀਅਤ ਦਾ ਸ਼ਰੇਆਮ ਕਤਲੇਆਮ ਕੀਤਾ। ਜ਼ਾਲਮਾਂ ਨੇ ਨਿੱਕੇ-ਨਿੱਕੇ ਬੱਚਿਆਂ ਦੀਆਂ ਚੀਕਾਂ ਵੀ ਨਾ ਸੁਣੀਆਂ, ਔਰਤਾਂ ਨਾਲ ਸ਼ਰੇਆਮ ਬਦਸਲੂਕੀ ਕੀਤੇ, ਤੇਰੇ ਹੀ ਹਰਿਮੰਦਰ 'ਚ ਉਹਨਾਂ ਤਬਾਹੀ ਮਚਾਈ, ਇਹ ਓਦੋਂ ਦੀ ਗੱਲ ਹੈ ਜਦੋਂ ਅਰਸ਼ ਵੀ ਹੁੱਬਕੀਂ ਰੋਇਆ ਸੀ-ਇਕ ਪਾਸੇ ਸਾਰੇ ਦੇਸ਼ ਦੀ ਫੌਜ ਤੇ ਦੂਜੇ ਪਾਸੇ ਤੇਰੇ ਕੁਝ ਕੁ ਸੀਸ ਤਲੀ ਤੇ ਧਰ ਕੇ ਬੈਠੇ ਭੁੱਖੇ ਪਿਆਸੇ ਸ਼ੇਰਾਂ ਦੇ ਪੁੱਤ। ਇੱਕੀ ਸਾਲਾਂ ਬਾਦ ਤੇਰੀ ਹੀ ਗੋਦ ਚ ਅੱਗ ਲਾਉਣ ਵਾਲੇ, ਤੇਰੇ ਉਸਾਰੇ ਹੋਏ ਅੰਮ੍ਰਿਤ ਦੇ ਸਰੋਵਰ ਦੇ ਆਲੇ ਦੁਆਲੇ, ਦੁਨੀਆਂ ਭਰ ਚ ਇੱਕ ਅੱਤ ਘਿਣਾਉਣੇ ਕਹਿਰ ਨੂੰ ਰਚਣਹਾਰੇ, ਹਜ਼ਾਰਾਂ ਸੂਰਜਾਂ ਨੂੰ ਮਿੱਟੀ 'ਚ ਮਿਲਾਉਣ ਵਾਲੇ, ਅਜੇ ਵੀ ਬੇਖੌਫ਼ ਘੁੰਮ ਰਹੇ ਹਨ-ਸੰਗੀਨਾਂ ਦੀ ਛਾਂ ਹੇਠ ਤੇਰੇ ਸ਼ੇਰਾਂ ਦੇ ਬੱਚਿਆਂ ਤੋਂ ਡਰਦੇ।

ਇਹ ਉਦੋਂ ਦੀ ਗੱਲ ਹੈ ਜਦੋਂ ਹਰ ਪਿੰਡ ਸ਼ਹਿਰ ਦੀ ਮਿੱਟੀ ਲਹੂ ਨਾਲ ਭਿੱਜ ਗਈ ਸੀ। ਹਰ ਪਾਸੇ ਦਹਿਸ਼ਤ ਗਰਦੀ ਦਾ ਦੌਰ ਸੀ, ਕਲਮਾਂ ਤੜਫ਼-ਤੜਫ਼ ਹਵਾਵਾਂ ਨੂੰ ਕਹਿੰਦੀਆਂ ਰਹੀਆਂ ਕਿ ਕੋਈ ਪੰਜਾਬ ਨੂੰ ਲੱਗੀ ਨਜ਼ਰ ਉਤਾਰੋ। ਰੋਜ਼ ਨੀਂਦਰ ਦੀ ਗੋਦ ਤਿੜਕਦੀ ਸੀ, ਬਾਹਰ ਹਰ ਪਾਸੇ ਚੀਕਾਂ ਦੀ ਕਿਣਮਿਣ ਸੀ। ਹਰ ਪਾਸੇ ਵੈਣ ਹੀ ਵੈਣ ਸਨ, ਘਰਾਂ ਵਿਚ ਨਿੱਤ ਖੌਫ਼ ਰਿੱਝਦੇ ਸਨ, ਚੁਫੇਰੇ ਤਲਵਾਰਾਂ, ਗੋਲੀਆਂ ਤੇ ਅਸਾਲਟਾਂ ਦਾ ਪਹਿਰਾ ਸੀ। ਲੋਕਾਂ ਨੇ ਬਹੁਤ ਅਰਜ਼ਾਂ ਕੀਤੀਆਂ ਕਿ ਇਹ ਰੁੱਤ ਬਦਲ ਜਾਵੇ ਤੇ ਬਿਰਖਾਂ ਨੂੰ ਉਹਨਾਂ ਦੀ ਉਮਰ ਮਿਲੇ ਤੇ ਡਾਲੀਆਂ ਦੇ ਜਿਸਮਾਂ ਤੇ ਹਰੀਆਂ ਕਰੂੰਬਲਾਂ ਖਿੜ੍ਹ ਪੈਣ। ਕਦੇ ਕਿਸੇ ਨੇ ਇਹ ਸੋਚਿਆ ਵੀ ਨਹੀਂ ਸੀ ਕਿ ਇਸ ਦੌਰ ਦੀ ਸੀਮਾ ਹਰਫ਼ਾਂ ਨੂੰ ਵੀ ਟੱਪ ਜਾਵੇਗੀ-ਸਾਰਾ ਕੁਝ ਮੱਥੇ ਦੀਆਂ ਲਕੀਰਾਂ ਤੋਂ ਪਰੇ ਜੇਹੇ ਹੋਇਆ।

ਮੈਂ ਪੁੱਛਦਾ ਹਾਂ ਤਵੀਆਂ ਤੇ ਦੇਗਾਂ ਨੂੰ ਠਾਰਨ ਵਾਲਿਆ, ਕਿ ਓਸ ਵੇਲੇ ਮੇਰੇ ਕੋਲ ਤੇਰੇ ਤੋਂ ਵੱਡਾ ਕਿਹੜਾ ਸਹਾਰਾ ਸੀ-ਬਾਪੂ ਦੇ ਵੇਲੇ ਦੀ ਗੱਲ ਸੰਨ ਸੰਤਾਲੀ ਚੇਤੇ ਕਰਵਾ ਦਿਤਾ ਇਹਨਾਂ ਜ਼ਾਲਮਾਂ ਨੇ। ਆਪਣੇ ਹੀ ਘਰ ਨੂੰ ਅੱਗ ਲਾ ਕੇ ਖਬਰੇ ਕਿਹੜੀ ਕੁਲੱਛਣੀ-ਕਬਰਾਂ ਨੂੰ ਤੁਰ ਗਈ ਸੀ। ਓਦੋਂ ਵੀ ਕਈ ਕਲਮਾਂ ਰੋਈਆਂ ਸਨ- ਓਦੋਂ ਵੀ ਲੋਕਾਂ ਵਾਰਿਸ ਸ਼ਾਹ ਨੂੰ ਹਾਕਾਂ ਮਾਰੀਆਂ ਸਨ-ਤੇ ਹੀਰ ਦੀ ਮਜ਼ਾਰ ਤੇ ਧਾਗੇ ਬੰਨ੍ਹ ਕੇ ਰਾਂਝੇ ਨੂੰ ਉਡੀਕ-ਉਡੀਕ ਬੁੱਢੀਆਂ ਹੋ ਗਈਆਂ ਹਨ, ਬਿਲਕੁਲ ਏਸੇ ਤਰ੍ਹਾ ਹੀ ਜੂਨ ਚੁਰਾਸੀ 'ਚ ਵੀ ਕਈ ਸੁਹਾਗ ਉਜਾੜੇ ਗਏ, ਹਰ ਦਰ ਲਹੂ ਨਾਲ ਭਿੱਜਿਆ। ਰਾਵੀ ਚ ਟੁੱਬੀ ਮਾਰ ਕੇ ਛੁਪ ਜਾਣ ਵਾਲਿਆ, ਸਾਨੂੰ ਤੇਰੇ ਤੇ ਬਹੁਤ ਆਸਾਂ ਹਨ, ਆ ਕੇ ਆਪਣੇ ਅੰਮ੍ਰਿਤਸਰ ਦਾ ਹਾਲ ਤਾਂ ਪੁੱਛ ਜਾ, ਕੀ ਬੀਤਿਆ ਤੇਰੇ ਪੰਜਾਬ ਨਾਲ। ਉਂਜ ਏਥੇ ਹਰ ਪਾਸੇ ਜ਼ਾਲਮਾਂ ਦੇ ਪਹਿਰੇ ਹਨ ਤੇ ਘੇਰੇ ਵਿੱਚ ਤੇਰਾ ਸ਼ੇਰ ਰਾਂਝੇ ਵਾਂਗ ਕੱਲਾ ਖੜ੍ਹਾ ਹੈ ਜੂਝਦਾ। ਅੱਜ ਤੇਰੇ ਸ਼ਹਿਰ ਵਿੱਚ ਫਿਰ ਤੇਰੇ ਮਿਰਜ਼ੇ ਸ਼ੇਰਾਂ ਦੇ ਤੀਰ ਗੁਆਚ ਗਏ ਹਨ ਤੇ ਨਿੱਤ ਤੇਰੀਆਂ ਸਾਹਿਬਾਂ ਵਰਗੀਆਂ ਧੀਆਂ/ਕੁੜੀਆਂ ਦੀਆਂ ਡੋਲੀਆਂ ਦਿਨ ਦਿਹਾੜੇ ਲੁੱਟੀਆਂ ਜਾ ਰਹੀਆਂ ਹਨ। ਹਰ ਪਾਸੇ ਹਨੇਰਾ ਹੀ ਹਨੇਰਾ ਹੈ ਤੇ ਰਾਵੀ ਝਨ੍ਹਾਂ ਦੇ ਪਾਣੀਆਂ ਚ ਤੂਫਾਨ ਆਏ ਹੋਏ ਨੇ, ਉਜੜੇ ਲੋਕ ਅੱਜ ਤੱਕ ਹੱਕ ਮੰਗਦੇ- ਮੰਗਦ ਥੱਕ ਗਏ ਨੇ। ਸੋਹਣੀਆਂ ਵਾਂਗ ਹੱਥ ਚ ਕੁਝ ਵੀ ਨਹੀਂ ਹੈ। ਸਿਰਫ਼ ਕੱਚੇ ਘੜੇ ਦਾ ਸਹਾਰਾ ਹੇ-ਪਰ ਉਹਨੇ ਦਰਿਆ 'ਚ ਵੀ ਠੱਲਣਾ ਹੈ।



ਅੱਜ ਫੇਰ ਤੇਰੇ ਵਸਾਏ ਸ਼ਹਿਰ ਤੇ ਪੰਜਾਬ ਦੀ ਹਵਾ ਬਹੁਤ ਔਖੇ ਸਾਹ ਭਰ ਰਹੀ ਹੈ। ਏਥੇ ਓਹੀ ਕੁਝ ਹੋ ਰਿਹਾ ਹੈ ਜੋ ਕਦੇ ਸਦੀਆਂ ਪਹਿਲਾਂ ਹੋਇਆ ਸੀ। ਅਸੀਂ ਆਪਣੇ ਘਰ ਵਿਚ ਹੀ ਜਲਾਵਤਨ ਹੋਏ ਬੈਠੇ ਹਾਂ ਤੇਰੇ ਇੱਕ ਨਾਂ ਦਾ ਸਹਾਰਾ ਲੈਂਦੇ। ਘਰ-ਘਰ ਸੁੰਨ੍ਹਾ ਹੋਇਆ ਦਿਸਦਾ ਹੈ। ਗਭਰੂਆਂ ਦੀਆਂ ਟੋਲੀਆਂ ਜਾਂ ਤਾਂ ਰਹੀਆਂ ਨਹੀਂ ਜਾਂ ਕਈ ਵਿਚਾਰੇ ਛੁਪ ਕੇ ਬਦੇਸ਼ਾਂ ਚ ਜਾ ਵਸੇ ਤੇਰੇ ਸ਼ਹਿਰ ਦੇ ਹਾਕਮ ਦੀਆਂ ਗੋਲੀਆਂ ਤੋਂ ਰਾਹ ਖਹਿੜੇ ਬੇਗੁਨਾਹ ਵਿੰਨ੍ਹ ਹੋ ਜਾਣ ਤੋਂ ਡਰਦੇ। ਇਥੇ ਰੋਜ਼ ਬੇਕਸੂਰ ਸਲੀਬਾਂ ਤੇ ਟੰਗੇ ਜਾ ਰਹੇ ਹਨ, ਜਾਬਰਾਂ ਨੇ ਅੱਤ ਚੁੱਕੀ ਹੋਈ ਹੈ। ਨਿੱਤ ਮੁਗਲੀਏ ਦੁੱਲੇ ਭੱਟੀ ਦੇ ਘਰਾਂ ਨੂੰ ਲਾਂਬੂ ਲਾ ਰਹੇ ਹਨ ਤੇ ਤੇਰੇ ਪੰਜਾਬ ਦੀਆਂ ਮਾਵਾਂ ਦੇ ਹੱਥ ਰੱਸੀਆਂ ਨਾਲ ਬੰਨ੍ਹ-ਬੰਨ੍ਹ ਕਿਸੇ ਔਰੰਗੇ ਦੇ ਸਿਪਾਹੀ ਜੋਰੋ ਜ਼ਰਬੀ ਲਈ ਜਾ ਰਹੇ ਹਨ। ਸੱਚ ਤੇ ਪਹਿਰਾ ਦੇਣ ਵਾਲੇ ਤੇ ਮੁਹੱਬਤ ਦੇ ਗੀਤ ਗਾਉਣ ਵਾਲਿਆਂ ਨੂੰ ਤੇਰੇ ਵਾਂਗ ਹੀ ਬਲਦੀਆਂ ਦੇਗਾਂ ਚ ਪਾ ਕੇ ਉਬਾਲਿਆ ਜਾ ਰਿਹਾ ਹੈ। ਜੇਲ੍ਹਾਂ ਚ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਖ਼ਤਮ ਕੀਤਾ ਜਾ ਰਿਹਾ ਹੈ। ਸਿੱਖਾਂ ਨੂੰ ਹੀ ਮੂਹਰੇ ਕਰ-ਕਰ ਭਰਾਵਾਂ ਨਾਲ ਲੜਾਇਆ ਜਾ ਰਿਹਾ ਹੈ-ਅਦਾਲਤ ਅੰਨ੍ਹੀ ਹੋ ਗਈ ਹੈ। ਕਿਸੇ ਪਾਸੇ ਕੋਈ ਅਰਜ਼ ਨਹੀਂ ਸੁਣਦਾ-ਕਿਸੇ ਪਾਸੇ ਫਰਿਆਦ ਨਹੀਂ ਹੈ,ਹਰ ਪਾਸੇ ਜੰਗਲ ਦਾ ਰਾਜ ਹੈ। ਤਾਰੀਖ ਦੇ ਵਰਕੇ ਪਿਛਾਂਹ ਵੱਲ, ਦੇਖ-ਦੇਖ ਬੇਸਹਾਰਾ ਝਾਕ ਰਹੇ ਹਨ।

ਤੂੰ ਕਹੇਂਗਾ ਮੈ ਕੌਣ ਹਾਂ-ਮੈਂ ਇਸ ਜ਼ਬਰ ਜ਼ਨਾਹ 'ਚ ਲਿਤਾੜੀ ਜਾ ਰਹੀ ਲੋਕਾਂ ਦੀ ਅਵਾਜ਼ ਹਾਂ। ਆਪਣੀਆਂ ਹੀ ਰਾਤਾਂ ਦਾ ਇੱਕ ਗੁਆਚਾ ਜੇਹਾ ਸੁਪਨਾ ਤੇ ਤੂੰ 'ਨੇਰ੍ਹੇ ਚ ਕੁਫ਼ਰ ਤੇ ਜ਼ੁਲਮ ਦੀ ਇਸ ਰੁੱਤ ਚ ਚੁੱਪ ਬੈਠਾ ਦੇਖ ਰਿਹਾ ਏਂ। ਤੇਰੇ ਤੋਂ ਤਾਂ ਜ਼ਾਬਰ ਕੰਬਦੇ ਸਨ, ਤੇਰੀ ਲੀਹ ਤੋਂ ਤਾਂ ਪਰਬਤ ਡਰਦੇ ਸਨ-ਤੂੰ ਵੀ ਜਹਾਂਗੀਰੀਏ ਦੇ ਕਹੇ ਤੱਤੀ ਰੇਤਾ ਚ ਨ੍ਹਾਉਣਾ, ਲਿਸ਼ਕਦੀਆਂ ਤੇਗਾਂ ਦਾ ਰਾਹ ਦਸਦਾ,. ਬਲਦੀਆਂ ਉਬਲਦੀਆਂ ਦੇਗਾਂ ਦਾ ਰਾਹ ਅਪਣਾ ਲਿਆ। ਤੂੰ ਸ਼ਵੀਆਂ ਉੱਤੇ ਨੱਚਦਾ ਰਿਹਾ, ਤਵੀਆਂ ਉੱਤੇ ਹੱਸਦਾ ਰਿਹਾ। ਤੇਰੀ ਓਸ ਯਾਦ ਨੂੰ ਲੈ ਕੇ ਸੀਨੇ ਵਿੱਚ ਇੱਕ ਚੀਸ ਜੇਹੀ ਪੈਂਦੀ ਹੈ ਤੇ ਤੜਫ਼ਦੇ ਆਂਦਰ ਕਈ ਕੁਝ ਨਿੱਤ ਕਹਿੰਦੀ ਹੈ। ਉਹ ਰਾਹ ਜੋ ਤੇਰਾ ਨਵਾਂ ਨਰੋਆ ਜੇਹਾ ਸੀ, ਉਹ ਸਬਕ ਜੋ ਸੱਜਰਾ ਸੀ, ਕਿੱਥੇ ਚਲਾ ਗਿਆ ਹੈ?

ਭਾਵੇਂ ਇਹ ਸੱਚ ਹੈ ਕਿ ਹਰਫ਼ ਤਕਦੀਰ ਨਹੀਂ ਬਦਲ ਸਕਦੇ, ਤੇ ਕਲਮ ਕੁਫਰ ਦੀ ਹੋਣੀ ਨੂੰ ਕੀ ਕਹੇ। ਸਿਆਲਾਂ ਵਾਲੀ ਕੁੜੀ ਦੀ ਕਿਹੜਾ ਕੋਈ ਮੱਥੇ ਦੀ ਲਕੀਰ ਬਦਲ ਸਕਿਆ ਸੀ, ਪਰ ਉਹਨੇ ਓਸ ਲਕੀਰ ਨੂੰ ਪੰਜਾਬ ਦਾ ਹੱਕ ਵੀ ਨਹੀਂ ਸੀ ਸਮਝਿਆ। ਜਿਵੇਂ ਤੂੰ ਨਹੀਂ ਸੀ ਕੁਫਰ ਕਬੂਲ ਕੀਤਾ ਤੇ ਜੇ ਇਹ ਸੱਭ ਕੁਝ ਸਵੀਕਾਰ ਕਰ ਲੈਂਦਾ ਤਾਂ ਸਾਡੇ ਵਰਗਾ ਹੋ ਜਾਣਾ ਸੀ। ਤੂੰ ਤਾਂ ਸਮੇਂ ਨੂੰ ਵੀ ਗੋਲ ਕਰ ਦਿਤਾ, ਓਦੋਂ ਸਮਾਂ ਵੀ ਰੁਕ ਗਿਆ ਸੀ ਜਦੋਂ ਤੂੰ ਤੱਤੀ ਰੇਤ ਚ ਨਾਤ੍ਹਾ ਸੀ, ਤਪਦੀ ਸੁਰਖ ਤਵੀ ਉੱਤੇ ਹੱਸਿਆ ਸੀ, ਬਲਦੀ ਉਬਲਦੀ ਦੇਗ ਨੂੰ ਠਾਰਿਆ ਸੀ।

ਲਹਿਰ ਦੀ ਛਾਂ ਹੇਠ ਕਈ ਲੋਟੂ ਟੋਲਿਆਂ ਨੇ ਕੰਜ਼ਕਾਂ ਦੇ ਬਲਾਤਕਾਰ, ਨਿਰਦੋਸ਼ਾਂ ਦੇ ਕਤਲ ਤੇ ਲੁੱਟਾਂਮਾਰਾਂ ਕਰ ਕੇ ਲਹਿਰ ਨੂੰ ਪੂਰਾ ਬਦਨਾਮ ਕੀਤਾ। ਰੁੱਤਾਂ ਦਾ ਰੱਜਵਾਂ ਚੀਰ ਹਰਣ ਹੋਇਆ। ਦਿਨ ਨਿੱਜੀ ਕਿੜਾਂ ਕੱਢਣ ਲੱਗ ਪਏ ਸਨ ਤੇ ਏ ਕੇ ਸੰਤਾਲੀ ਹੀ ਚਾਰ ਚੁਫੇਰੇ ਉੱਗ ਪਈ ਸੀ। ਸਿਧਾਂਤ ਕਿਤੇ ਦੂਰ ਤੁਰ ਗਿਆ ਤੇ ਬੇਗੁਨਾਹ ਮਾਵਾਂ ਦੇ ਲਾਡਲਿਆਂ ਨੂੰ ਕਿਸੇ ਚੰਦਰੇ ਪਲਾਂ ਦੀਆਂ ਕੀਤੀਆਂ ਦਾ ਫ਼ਲ ਭੁਗਤਣਾ ਪਿਆ। ਦਿੱਲੀ ਤੇ ਹੋਰ ਕਈ ਸ਼ਹਿਰਾਂ ਦੀਆਂ ਗਲੀਆਂ ਰੋਈਆਂ, ਮੌਤ ਅਰਸ਼ ਤੇ ਚੜ੍ਹ ਨਗਨ ਨੱਚਦੀ ਰਹੀ। ਅਜੇ ਤੀਕ ਜੂਨ ਨਵੰਬਰ 1984 ਦੇ ਦੋਸ਼ੀ ਵੀ ਆਮ ਤੁਰੇ ਫਿਰਦੇ ਹਨ।

ਅੱਜ ਫਿਰ ਰਾਤ ਦਿਨ ਸਾਜਿਸ਼ਾਂ ਘੜ੍ਹ ਰਹੇ ਹਨ ਤੇ ਔਰੰਗੇ ਦਾ ਰੂਪ ਧਾਰ ਰਹੇ ਹਨ। ਅਸੀਂ ਤੇਰਾ ਸ਼ਹੀਦੀ ਦਿਨ-30 ਮਈ, 1606 ਵੀ ਭੁੱਲ ਗਏ ਹਾਂ-ਹੁਣ ਤੇਰਾ ਕੀਆ ਮੀਠਾ ਲਾਗੇ ਨੂੰ ਛੱਡ ਅਸੀਂ ਕੱਚੀ ਮਿੱਠੀ ਲੱਸੀ ਪੀ ਕੇ ਮਾਣ ਕਰ ਲਈ ਦਾ ਤੇਰੀ ਮਹਾਨ ਕੁਰਬਾਨੀ 'ਤੇ। ਪੰਜਾਬ ਦੀ ਨਿਮਾਣੀ ਮਿੱਟੀ ਬੇਕਸੂਰਾਂ ਦੇ ਰੱਤ 'ਚ ਭਿੱਜਦੀ ਜਾ ਰਹੀ ਹੈ। ਤੈਨੂੰ ਪਤਾ ਹੀ ਹੈ ਕਿ ਅੱਜ ਲੱਖਾਂ ਸੁਪਨੇ, ਆਵਾਜ਼ਾਂ, ਗੀਤ ਤੇ ਨਜ਼ਮਾਂ ਕਿਰ-ਕਿਰ ਮਰ ਰਹੀਆਂ ਹਨ।

ਬਹੁਤ ਚਿਰ ਹੋ ਗਿਆ ਹੈ ਤੈਨੂੰ ਚੁੱਭੀ ਮਾਰ ਕੇ ਸਾਥੋਂ ਅਲੋਪ ਹੋਏ ਨੂੰ- ਚੱਲ ਆ ਰਾਵੀ ਚੋਂ ਬਾਹਰ ਤੇ ਸਾਰੀ ਤਵਾਰੀਖ ਮੁੜ ਕੇ ਸਿਰਜੀਏ, ਲਿਖੀਏ ਉਹਨਾਂ ਔਝੜ ਵੇਲਿਆਂ ਦੇ ਨਾਂ, ਤਾਂ ਕਿ ਕੋਈ ਮੁੜ ਤੱਤੀਆਂ ਤਵੀਆਂ ਤੇ ਤੇਰੇ ਵਰਗੇ ਨਾਨਕ ਦੇ ਪਿਆਰੇ ਨੂੰ ਬੈਠਣ ਲਈ ਨਾ ਕਹੇ। ਹੁਣ ਸਾਡੇ ਕੋਲੋਂ ਨਹੀਂ ਇੰਜ਼ ਬੇਗੁਨਾਹ ਹੁੰਦਿਆਂ ਸਵੀਕਾਰਿਆ ਜਾਂਦਾ ਤੇਰੇ ਵਾਂਗ ਤੱਤੀਆਂ ਤਵੀਆਂ ਤੇ ਬੈਠਣਾਂ ਤੇ ਨਾ ਹੀ ਇਹਨਾਂ ਚੰਡਾਲਾਂ ਦੇ ਸੁਣੇ ਜਾਂਦੇ ਨੇ ਹੁਕਮ ਉਬਲਦੀਆਂ ਦੇਗਾਂ ਚ ਬੈਠ ਕੇ-

ਅਸੀਂ ਤਾਂ ਉਹ ਹੱਥ ਭੰਨਣਾਂ ਲੋਚਦੇ ਹਾਂ
ਜੋ ਸਾਡੇ ਲਈ ਅਜਿਹੇ ਦਰਿਸ਼ ਸਿਰਜਣਗੇ-
ਅਸੀਂ ਆਪਣੀ ਚਾਲੇ ਵਗਦੇ ਸ਼ਾਂਤ ਦਰਿਆ
ਸਿਰਾਂ ਲਈ ਤੱਤੀ ਰੇਤ ਦੇ ਮੀਂਹ ਨਹੀਂ ਮੰਗਦੇ-
ਅਸੀ ਤਾਂ ਅਜੇਹੀਆਂ 'ਨੇਰੀਆਂ ਰਾਤਾਂ 'ਚ
ਕੋਈ ਚਿੱਟੇ ਚੰਨ ਦੀ ਲੋਅ ਬੀਜਣੀ ਚਾਹੁੰਦੇ ਹਾਂ।
ਘਰਾਂ ਦੇ ਬਨੇਰਿਆਂ ਤੇ
ਤੇਰੇ ਤੇ ਨਾਨਕ ਦੇ ਸ਼ਬਦ ਰੂਪੀ ਦੀਵੇ ਸਜਾਉਣ ਦਾ ਮੋਹ ਹੈ ਸਾਡੇ ਦਿਲਾਂ ਚ।
ਆ ਕੋਈ ਪੰਜਾਬ ਤੇ ਦੁਨੀਆਂ ਦੇ ਵਿਹੜੇ ਚ
ਕੋਈ ਚਿੱਟੇ ਗੁਲਾਬ ਵਰਗੀ ਦੁਪਹਿਰ ਬਣ ਖਿੜ੍ਹੀਏ
ਤਾਂ ਕਿ ਮਾਵਾਂ ਨੂੰ ਮਾਰੇ ਗਏ ਪੁੱਤਾਂ ਦੇ ਵਿਗੋਚੇ ਨਾ ਖਾ ਜਾਣ-
ਐਤਕੀਂ ਤੇਰੇ ਸ਼ਹੀਦੀ ਦਿਵਸ ਤੇ
ਮੇਰੀ ਕਲਮ ਦੀ ਇਹੀ ਇੱਕ ਨਿੱਕੀ ਜੇਹੀ ਅਰਜ਼ ਹੈ- ਕਬੂਲ ਕਰੀਂ।


# ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵਲੋਂ ਮਾਨ ਦੀ ਪੁਸਤਕ 'ਗਦਰ ਦੀ ਸ਼ਾਨ' ਜਾਰੀ

(ਸ਼ਿਵ ਕੁਮਾਰ ਬਾਵਾ)

ਮਾਹਿਲਪੁਰ- ਸੁਰ ਸੰਗਮ ਵਿਦਿਅਕ ਟਰੱਸਟ ਮਾਹਿਲਪੁਰ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਵਸ ਮੌਕੇ ਪੁਸਤਕ ਰਿਲੀਜ਼ ਸਮਾਗਮ ਦਾ ਅਯੋਜਨ ਕਰੂੰਬਲਾਂ ਭਵਨ ਮਾਹਿਲਪੁਰ ਵਿਚ ਪ੍ਰਿੰ.ਮਨਜੀਤ ਕੌਰ ਦੀ ਅਗਵਾਈ ਵਿਚ ਕਰਵਾਇਆ ਗਿਆ।

ਬਲਜਿੰਦਰ ਮਾਨ ਦੁਆਰਾ ਸੰਪਾਦਿਤ ਅਤੇ ਗੁਰਚਰਨ ਕੌਰ ਚਪਰਚਿੜੀ ਦੁਆਰਾ ਰਚਿਤ ਪੁਸਤਕ 'ਗਦਰ ਦੀ ਸ਼ਾਨ' ਨੂੰ ਜਾਰੀ ਕਰਦਿਆਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਬੀਬੀ ਰਣਜੀਤ ਕੌਰ ਅਤੇ ਨਗਰ ਕੌਂਸਲ ਦੀ ਸਾਬਕਾ ਪ੍ਰਧਾਨ ਬੀਬੀ ਗੁਰਮੀਤ ਕੌਰ ਬੈਂਸ ਨੇ ਕਿਹਾ ਕਿ ਬਲਜਿੰਦਰ ਮਾਨ ਨੇ ਆਪਣੇ ਸ਼ਾਨਦਾਰ ਕਾਰਜਾਂ ਨਾਲ ਮਾਹਿਲਪੁਰ ਦੇ ਨਾਂ ਨੂੰ ਸਾਹਿਤ, ਵਿਸ਼ੇਸ਼ ਕਰਕੇ ਬਾਲ ਸਾਹਿਤ ਜਗਤ ਵਿਚ ਚਮਕਾ ਦਿੱਤਾ ਹੈ।

ਦੇਸ਼ ਭਗਤਾਂ ਬਾਰੇ ਪੁਸਤਕ ਦਾ ਪ੍ਰਕਾਸ਼ਨ ਕਰਨ ਦਾ ਉਦੇਸ਼ ਅਜੋਕੀ ਪਨੀਰੀ ਨੂੰ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ ਨਾਲ ਜੋੜ ਕੇ ਉਨ੍ਹਾਂ ਅੰਦਰ ਦੇਸ਼ ਪਿਆਰ ਉਜਾਗਰ ਕਰਨਾ ਹੈ।ਇਸ ਤੋਂ ਪਹਿਲਾਂ ਵੀ ਮਾਨ ਨੇ ਬਾਲਾਂ ਲਈ ਪੰਜਾਹ ਦੇ ਕਰੀਬ ਬਾਲ ਪੁਸਤਕਾਂ ਦੀ ਸਿਰਜਣਾ, ਸੰਪਾਦਨਾ ਅਤੇ ਅਨੁਵਾਦ ਕੀਤੇ ਹਨ। ਉਹ ਰਚਨਾਤਮਿਕ ਸੋਚ ਦਾ ਮਾਲਕ ਹੋਣ ਕਰਕੇ ਕਦੀ ਸਵਾਰਥੀ ਨਹੀਂ ਬਣਦਾ ਸਗੋਂ ਸਮਾਜ ਦੀ ਬਿਹਤਰੀ ਲਈ ਦਿਨ ਰਾਤ ਕਾਰਜਸ਼ੀਲ ਰਹਿੰਦਾ ਹੈ।



ਬਲਜਿੰਦਰ ਮਾਨ ਦੀ ਪੁਸਤਕ ਗਦਰ ਦੀ ਸ਼ਾਨ ਜਾਰੀ ਕਰਦੇ ਹੋਏ ਬੀਬੀ ਰਣਜੀਤ ਕੌਰ, ਪ੍ਰੋ. ਅਪਿੰਦਰ ਸਿੰਘ, ਬੱਗਾ ਸਿੰਘ ਅਤੇ ਬੀਬੀ ਗੁਰਮੀਤ ਕੌਰ ਬੈਂਸ ਆਦਿ।

ਪੁਸਤਕ ਬਾਰੇ ਵਿਚਾਰ ਪੇਸ਼ ਕਰਦਿਆਂ ਕੁਲਵਿੰਦਰ ਕੌਰ ਰੂਹਾਨੀ ਨੇ ਕਿਹਾ ਕਿ ਗਦਰ ਦੀ ਸ਼ਾਨ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨੀ ਤੋਂ ਇਲਾਵਾ ਗਦਰ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਸ ਨਾਲ ਬੱਚੇ ਆਪਣੇ ਦੇਸ਼ ਪ੍ਰਤੀ ਸਮਰਪਿਤ ਹੋ ਕੇ ਕੰਮ ਕਰਨਗੇ।

ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸਾਬਕਾ ਬਲਾਕ ਪ੍ਰਾਇਮਰੀ ਸਿਖਿਆ ਅਧਿਕਾਰੀ ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਨੇ ਨਰੋਏ ਸਾਹਿਤ ਰਾਹੀਂ ਬਾਲਾਂ ਨੂੰ ਚੰਗੇ ਸ਼ਹਿਰੀ ਬਣਾਉਣ ਦਾ ਬੀੜਾ ਚੁੱਕਿਆ ਹੋਇਆ ਹੈ। ਇਸੇ ਕੜੀ ਵਿਚ ਅੱਠ ਸਾਲਾ ਬੱਚੀ ਸੁਖਚੰਚਲ ਕੌਰ ਦਾ ਕਹਾਣੀ ਸੰਗ੍ਰਹਿ 'ਨੱਨੂੰ ਦਾ ਬਗੀਚਾ' ਜਾਰੀ ਕਰਕੇ ਰਿਕਾਰਡ ਕਾਇਮ ਕੀਤਾ ਹੈ।

ਮੁੱਖ ਅਧਿਆਪਕ ਸਰਵਣ ਰਾਮ ਭਾਟੀਆ ਅਤੇ ਗੁਰਦੇਵ ਸਿੰਘ ਨੇ ਪ੍ਰਕਾਸ਼ਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਹਿਤ ਦੀ ਸਿਰਜਣਾ ਤੇ ਫਿਰ ਪ੍ਰਕਾਸ਼ਨਾ ਕਰਨੀ ਕੋਈ ਸੁਖਾਲਾ ਕਾਰਜ ਨਹੀਂ ਹੈ। ਇਸ ਮਹਾਨ ਕਾਰਜ ਵਿਚ ਜੁਟਿਆ ਕਰੂੰਬਲਾਂ ਪਰਿਵਾਰ ਵਧਾਈ ਦਾ ਪਾਤਰ ਹੈ। ਇਹਨਾਂ ਦੇ ਸਿਰੜ ਅੱਗੇ ਸਾਡਾ ਸਿਰ ਝੁਕਦਾ ਹੈ।


ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਦੀਪ ਕੌਰ ਬੈਂਸ, ਤਨਵੀਰ ਮਾਨ, ਅਮਨਦੀਪ ਬੈਂਸ, ਅਰਜਨ ਅਵਾਰਡੀ ਮਾਧਰੀ ਏ ਸਿੰਘ ਤੋਂ ਇਲਾਵਾ ਕਈ ਹੋਰ ਸਾਹਿਤ ਪ੍ਰੇਮੀ ਅਤੇ ਬੱਚੇ ਹਾਜ਼ਰ ਸਨ।

ਸਭ ਦਾ ਧੰਨਵਾਦ ਕਰਦਿਆਂ ਬਲਜਿੰਦਰ ਮਾਨ ਨੇ ਕਿਹਾ ਕਿ ਉਹਨਾਂ ਨੇ ਇਹ ਸਾਰਾ ਕੁਝ ਆਪ ਸਭ ਦੀਆਂ ਦੁਆਵਾਂ ਨਾਲ ਹੀ ਪ੍ਰਾਪਤ ਕੀਤਾ ਹੈ।

# ਨਿੱਕੀਆਂ ਕਰੂੰਬਲਾਂ ਦਾ 100 ਵਾਂ ਅੰਕ ਬਾਲ ਲੇਖਕ ਵਿਸ਼ੇਸ਼ ਅੰਕ ਹੋਵੇਗਾ

ਮਾਹਿਲਪੁਰ (ਤਨਵੀਰ ਮਾਨ)- ਸੁਰ ਸੰਗਮ ਵਿਦਿਅਕ ਟਰੱਸਟ ਮਾਹਿਲਪੁਰ ਵਲੋਂ ਪਿਛਲੇ 18 ਸਾਲਾਂ ਤੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦਾ 100ਵਾਂ ਅੰਕ ਬਾਲ ਲੇਖਕ ਵਿਸ਼ੇਸ਼ ਅੰਕ ਹੋਵੇਗਾ।ਇਹ ਫੈਸਲਾ ਪ੍ਰੋ ਬਲਦੇਵ ਸਿੰਘ ਬੱਲੀ ਦੀ ਪ੍ਰਧਾਨਗੀ ਹੇਠ ਟਰੱਸਟ ਦੀ ਹੋਈ ਇਕ ਮੀਟਿੰਗ ਵਿਚ ਕੀਤਾ ਗਿਆ।ਪ੍ਰੋ ਬੱਲੀ ਨੇ ਕਿਹਾ ਕਿ ਪੂਰੇ ਪੰਜਾਬ ਅਤੇ ਚੰਡੀਗੜ ਵਿਚੋਂ ਬੱਚਿਆਂ ਲਈ ਛਪਣ ਵਾਲਾ ਨਿੱਜੀ ਖੇਤਰ ਦਾ ਇਹ ਇਕੋ ਇਕ ਬਾਲ ਰਸਾਲਾ ਹੈ। ਜੋ ਸਤਾਰਾਂ ਸਾਲਾਂ ਤੋਂ ਨਿਰੰਤਰ ਛਪ ਰਿਹਾ ਹੈ।ਇਸਦੇ ਪਾਠਕ ਪੰਜਾਬ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਹਨ। ਰਸਾਲੇ ਦੇ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਬਾਲ ਰਸਾਲੇ ਦਾ ਪ੍ਰਕਾਸ਼ਨ ਕਰਨਾ ਘਰ ਫੂਕ ਤਮਾਸ਼ਾ ਦੇਖਣ ਵਾਲੀ ਗੱਲ। ਸਰਕਾਰੀ ਸਰਪ੍ਰਸਤੀ ਨਾ ਹੋਣ ਕਰਕੇ ਇਸ ਖੇਤਰ ਵੱਲ ਕੋਈ ਹੋਰ ਮੂੰਹ ਨਹੀਂ ਕਰ ਰਿਹਾ। ਸਾਡੀ ਕੋਸ਼ਿਸ਼ ਹੈ ਕਿ ਨਰੋਏ ਬਾਲ ਸਾਹਿਤ ਨਾਲ ਚੰਗੇ ਨਾਗਰਿਕ ਪੈਦਾ ਕੀਤੇ ਜਾਣ। 100 ਵੇਂ ਅੰਕ ਵਿਚ ਬਾਲ ਲਿਖਾਰੀਆਂ ਦੀਆਂ ਕਵਿਤਾਵਾਂ, ਕਹਾਣੀਆਂ, ਲੇਖ, ਚਿੱਤਰ ਅਤੇ ਹੋਰ ਵੰਨਗੀਆਂ ਸ਼ਾਮਿਲ ਕੀਤੀਆਂ ਜਾਣਗੀਆਂ। ਉਹ ਆਪਣੀਆ ਰਚਨਾਵਾਂ ਸਕੂਲ ਮੁਖੀ ਤੋਂ ਤਸਦੀਕ ਕਰਵਾ ਕੇ ਇਕ ਮਹੀਨੇ ਅੰਦਰ ਸੰਪਾਦਕ ਨੂੰ ਮਾਹਿਲਪੁਰ (ਹਸ਼ਿਆਰਪੁਰ) ਪੰਜਓਬ ਦੇ ਪਤੇ ਤੇ ਭੇਜ ਸਕਦੇ ਹਨ। ਇਸ ਮੀਟਿੰਗ ਵਿਚ ਹੋਰਨਾ ਤੋਂ ਇਲਾਵਾ ਬੱਗਾ ਸਿੰਘ ਆਰਟਿਸਟ, ਕੁਲਵਿੰਦਰ ਕੌਰ ਰੂਹਾਨੀ, ਸਰਵਣ ਰਾਮ ਭਾਟੀਆਂ, ਤਨਵੀਰ ਮਾਨ ਅਸ਼ੋਕ ਪੁਰੀ, ਗੁਰਦੇਵ ਸਿੰਘ, ਕੁਲਦੀਪ ਕੌਰ ਬੈਂਸ ਅਤੇ ਮਨਦੀਪਕ ਬਿੱਲਾ ਹਾਜ਼ਰ ਸਨ।

# ਸਾਹਿਤਕ ਗਾਇਕੀ ਦਾ ਖਿੜਿਆ ਗੁਲਾਬ-ਪ੍ਰੋ. ਅਜੀਤ



**ਬਲਜਿੰਦਰ ਮਾਨ**

ਪੂਰੀ ਦੁਨੀਆਂ ਇਕ ਮੰਡੀ ਬਣ ਜਾਣ ਕਰਕੇ ਹਰ ਵਸਤੂ ਨੂੰ ਮੰਡੀ ਦੇ ਮਾਲ ਵਾਂਗ ਹੀ ਤਿਆਰ ਕੀਤਾ ਜਾਣ ਲੱਗ ਪਿਆ ਹੈ। ਪਰ ਭਾਰਤੀ ਗੀਤ ਸੰਗੀਤ ਦੀ ਗੱਲ ਪੂਰੇ ਸੰਸਾਰ ਵਿਚ ਚੱਲ ਰਹੀ ਹੈ।ਹਿੰਦੀ ਫਿਲਮਾਂ ਨੂੰ ਪੰਜਾਬੀ ਰੰਗਤ ਤੇ ਹਿੰਦੀ ਗੀਤਾਂ ਨੂੰ ਪੰਜਾਬੀ ਲੋਕ ਬੋਲੀਆਂ ਦੀ ਪਾਣ ਦਿੱਤੀ ਜਾਂਦੀ ਹੈ। ਤੇ ਪੰਜਾਬੀ ਸੰਗੀਤ ਘਰਾਣਿਆਂ ਨੂੰ ਬੜੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਅਜੋਕੀ ਪੰਜਾਬੀ ਗਾਇਕੀ ਵਿਚੋਂ ਪੰਜਾਬੀਅਤ ਦਾ ਮੂਲ ਗੁਆਚ ਜਾਣ ਕਰਕੇ ਕੁਝ ਬੁੱਧੀਮਾਨ ਲੋਕ ਇਸ ਪ੍ਰਤੀ ਸੁਚੇਤ ਅਤੇ ਸੁਹਿਰਦ ਹੋਕੇ ਕਾਰਜ ਕਰ ਰਹੇ ਹਨ। ਸ਼ਾਇਰੀ ਅਤੇ ਸਾਹਿਤ ਨਾਲ ਜੁੜੀਆਂ ਇਹਨਾਂ ਹਸਤੀਆਂ ਨੇ ਸੁਰੀਲੀ ਅਵਾਜ਼ ਦਾ ਜਾਦੂ ਬਿਖੇਰਨ ਵਾਲੇ ਸ਼ਾਇਰ ਪ੍ਰੋ.ਅਜੀਤ ਨੂੰ ਆਪਣੀਆਂ ਸੁਰਾਂ ਦਾ ਕਮਾਲ ਦਿਖਾਉਣ ਲਈ ਪ੍ਰੇਰਿਤ ਕੀਤਾ। ਜਿਸਦੇ ਸਿੱਟੇ ਵਜੋਂ ਐਲਬਮ 'ਸਰਘੀ ਦਾ ਤਾਰਾ' ਪਲਾਜਮਾ ਰਿਕਾਰਡਜ਼ ਦੇ ਦੀਪਕ ਬਾਲੀ ਵਲੋਂ ਸੂਝਵਾਨ ਸਰੋਤਿਆਂ ਨੂੰ ਤੋਹਫ਼ੇ ਵਜੋਂ ਭੇਂਟ ਕੀਤੀ ਗਈ।

ਪ੍ਰੋ. ਅਜੀਤ ਦੀ ਅਵਾਜ਼ ਦੇ ਜਾਦੂ ਦੀ ਚਰਚਾ ਦਿੱਲੀ ਦੇ ਲਾਲ ਕਿਲੇ ਤਕ ਹੋ ਚੁੱਕੀ ਹੈ।ਇੱਥੇ ਹੀ ਬਸ ਨਹੀਂ ਉਸਨੇ ਜੁਆਨੀ ਵਿਚ ਇਸ ਕਲਾ ਨਾਲ ਦਿੱਲੀ ਦੀ ਸੰਸਦ ਤਕ ਵੀ ਇਕ ਨਵੀਂ ਤੇ ਨਰੋਈ ਲੀਹ ਦੀ ਗੱਲ ਤੋਰੀ ਸੀ। ਉਹ ਹਮੇਸ਼ਾ ਨਿਵੇਕਲੀਆਂ ਲੀਹਾਂ ਸਿਰਜਣ ਵਾਲਾ ਇਨਸਾਨ ਹੈ ।ਜਿਸ ਵਿਚ ਮੈਡਮ ਦਲਵਿੰਦਰ ਅਜੀਤ ਨੇ ਸਿਰ ਜੋੜ ਸਾਥ ਨਿਭਾਇਆ ਹੈ।ਉਸਦੀ ਸਿਰਜਣ ਪ੍ਰਕਿਰਿਆ ਬੜੀ ਸਹਿਜ ਹੈ।ਇਸੇ ਕਰਕੇ ਅੱਜ ਤਕ ਕੋਈ ਵੀ ਪੁਸਤਕ ਪ੍ਰਕਾਸ਼ਿਤ ਨਹੀਂ ਕਰਵਾਈ।ਪਰ ਜੋ ਵੀ ਲਿਖਿਆ ਉਹ ਸਾਹਿਤ ਦੇ ਮਿਆਰੀ ਰਸਾਲਿਆਂ ਦੇ ਵਿਸ਼ੇਸ਼ ਅੰਕਾਂ ਦਾ ਸ਼ਿੰਗਾਰ ਬਣਿਆ।'ਚੁੰਨੀਆਂ' ਵਾਲਾ ਗੀਤ 1982 ਸੰਨ ਦੀ ਵਿਸ਼ੇਸ਼ ਸ਼ਾਇਰੀ ਵਿਚ ਭਾਸ਼ਾ ਵਿਭਾਗ ਪੰਜਾਬ ਦੇ ਰਸਾਲੇ 'ਜਨ ਸਾਹਿਤ' ਵਿਚ ਦਰਜ ਹੈ।ਇਸੇ ਤਰ੍ਹਾਂ ਹੋਰ ਕਈ ਕਿਰਤਾਂ ਰਸਾਲਿਆਂ ਅਤੇ ਪੁਸਤਕਾਂ ਵਿਚ ਸਨਮਾਨਯੋਗ ਦਰਜਾ ਰੱਖਦੀਆਂ ਹਨ। ਖਾਲਸਾ ਕਾਲਜ ਮਾਹਿਲਪੁਰ ਵਿਚ 34 ਸਾਲ ਅੰਗਰੇਜ਼ੀ ਪੜ੍ਹਾਉਂਦਿਆਂ ਸ਼ਾਇਰੀ ਪੰਜਾਬੀ ਵਿਚ ਕੀਤੀ। ਇਸ ਬਾਰੇ ਉਸਨੇ ਦੱਸਿਆ ਕਿ ਭਾਸ਼ਾ ਵਿਗਿਆਨ ਦੀ ਪੜ੍ਹਾਈ ਨੇ ਉਸ ਨੂੰ ਅਹਿਸਾਸ ਕਰਾ ਦਿੱਤਾ ਸੀ ਕਿ ਮਾਂ ਬੋਲੀ ਦੀ ਜੀਵਨ ਵਿਚ ਕਿੰਨੀ ਮਹੱਤਤਾ ਹੈ। ਜਿਸ ਕਰਕੇ ਪੜ੍ਹਾਈ ਅੰਗਰੇਜ਼ੀ ਅਤੇ ਲਿਖਿਆ ਪੰਜਾਬੀ ਵਿਚ।ਇਹਨਾਂ ਲਿਖਤਾਂ ਦਾ ਪੰਜਾਬੀ ਭਾਸ਼ਾ ਦੇ ਕਦ ਨੂੰ ਵੱਡਾ ਕਰਨ ਵਿਚ ਅਹਿਮ ਯੋਗਦਾਨ ਹੈ।ਇਕ ਉੱਚ ਅਧਿਕਾਰੀਆਂ ਦੀ ਮਹਿਫਲ ਵਿਚ ਜਦੋਂ ਪ੍ਰੋ.ਅਜੀਤ ਨੇ ਪੰਜਾਬੀ ਸ਼ਾਇਰੀ ਦਾ ਕਮਾਲ ਦਿਖਾਉਂਦਿਆਂ ਗਾਇਆ ਅੰਗਿਆਰਾਂ ਉੱਤੇ ਚੱਲਦਿਆਂ ਚੱਲਦਿਆਂ ਉਮਰਾਂ ਬੀਤ ਗਈਆਂ''ਤਾਂ ਉਹਨਾਂ ਕੈਫੇ ਆਜ਼ਮੀ ਨੂੰ ਕਿਹਾ, 'ਦੇਖੋ ਪੰਜਾਬੀ ਸ਼ਾਇਰੀ ਦਾ ਰੰਗ'।ਇਸ ਤਰ੍ਹਾਂ ਪ੍ਰੋਫੈਸਰ ਜੀ ਨੇ ਉਹਨਾਂ ਨੂੰ ਵੀ ਪੰਜਾਬੀ ਸ਼ਾਇਰੀ ਨਾਲ ਜੋੜਿਆ ਜਿਹੜੇ ਕਦੀ ਪੰਜਾਬੀ ਨਹੀਂ ਸੀ ਸੁਣਦੇ।

ਪੰਜਾਬੀ ਗਾਇਕੀ ਦੀ ਹਨੇਰੀ ਨੇ ਪੰਜਾਬੀ ਦੀ ਠੇਠਤਾ ਨੂੰ ਬਹੁਤ ਪਿੱਛੇ ਪਾ ਦਿੱਤਾ ਹੈ।ਮਾਰ ਵੱਢ ਅਤੇ ਇਸ਼ਕ ਮੁਸ਼ਕ ਹੀ ਪੰਜਾਬੀ ਗੀਤਾਂ ਦੇ ਵਿਸ਼ੇ ਰਹਿ ਜਾਣ ਕਰਕੇ ਸੂਝਵਾਨ ਸਰੋਤਿਆਂ ਨੇ ਮੁੱਖ ਮੋੜਿਆ ਹੋਇਆ ਹੈ।ਪ੍ਰੋ. ਅਜੀਤ ਦਾ ਕਹਿਣਾ ਕਿ ਹੈ ਜਦੋਂ ਉਹਨਾਂ ਨੂੰ ਮਿਆਰੀ ਗੀਤ ਅਤੇ ਆਪਣੀਆਂ ਲੋਕ ਬੋਲੀਆਂ ਸੁਣਨ ਨੂੰ ਮਿਲਣਗੀਆਂ ਤਾਂ ਉਹ ਜਰੂਰ ਪੰਜਾਬੀ ਸ਼ਾਇਰੀ ਦਾ ਅਨੰਦ ਲੈਣਗੇ। ਨੰਦ ਲਾਲ ਨੂਰਪੁਰੀ ਅਤੇ ਸ਼ਿਵ ਕੁਮਾਰ ਬਟਾਲਵੀ ਵਰਗੇ ਸ਼ਾਇਰਾਂ ਨੇ ਲੱਖਾਂ ਲੋਕਾਂ ਨੂੰ ਇਸ ਭਾਸ਼ਾ ਦਾ ਰਸ ਰੰਗ ਦਿਖਾਇਆ ਹੈ। ਅੱਜ ਸੁਰਜੀਤ ਪਾਤਰ ਨੇ ਇਸ ਲਹਿਰ ਨੂੰ ਹੋਰ ਅਗੇਰੇ ਤੋਰਨ ਦਾ ਝੰਡਾ ਚੁੱਕਿਆ ਹੋਇਆ ਹੈ। ਉਹਨਾਂ ਦੀ ਹੱਲਾਸ਼ੇਰੀ ਤੇ ਯਾਰਾਂ ਦੋਸਤਾਂ ਦੀ ਮੰਗ ਕਾਰਨ 'ਸਰਘੀ ਦਾ ਤਾਰਾ' ਐਲਬਮ ਦਾ ਵਜੂਦ ਸਿਰਜਿਆ ਗਿਆ।

ਪ੍ਰੋ. ਅਜੀਤ ਨੇ ਸੁਰੀਲੀ ਗਾਇਕੀ ਨਾਲ ਦੇਸ਼ ਵਿਦੇਸ਼ ਵਿਚ ਸਰੋਤਿਆਂ ਦਾ ਅਜਿਹਾ ਮਨ ਠਾਰਿਆ ਕਿ ਉਹ ਵਾਹ ਵਾਹ ਕਰਨ ਲਈ ਮਜਬੂਰ ਹੋ ਗਏ।ਦੁਨੀਆਂ ਦੇ ਦਸ ਦੇਸ਼ਾਂ ਵਿਚ ਉਹ ਆਪਣੀ ਮਨਮੋਹਣੀ ਅਵਾਜ਼ ਨਾਲ ਚਰਚਿਤ ਹੋ ਚੁੱਕਾ ਹੈ।1980 ਵਾਲੀ ਲੰਡਨ ਦੀ ਵਿਸ਼ਵ ਪੰਜਾਬੀ ਕਾਨਫਰੰਸ ਅਤੇ ਐਡਮਿੰਟਨ ਦੀ ਮਹਿਫਲ ਉਸਦੇ ਚੇਤਿਆਂ ਵਿਚ ਵਸੀ ਹੋਈ ਹੈ। ਇੱਥੇ ਉਸਦਾ ਗੀਤ 'ਦੇਸ਼ ਬੇਗਾਨੇ ਰਾਤ ਪਈ ਤਾਂ ਚੇਤੇ ਆਈਆਂ ਮਾਵਾਂ' ਨੂੰ ਵਾਰ ਵਾਰ ਸੁਣਿਆ ਜਾਂਦਾ ਰਿਹਾ। ਸ਼ਿਵ ਦੀ ਆਰਤੀ 'ਮੈਂ ਕਿਸ ਹੰਝੂ ਦਾ ਦੀਵਾ ਬਾਲ਼ ਕੇ ਆਰਤੀ ਗਾਵਾਂ'ਨੂੰ ਵੀ ਕਮਾਲ ਦਾ ਹੁੰਗਾਰਾ ਮਿਲਿਆ।ਉਸਦੀ ਕੋਸ਼ਿਸ਼ ਹੁੰਦੀ ਹੈ ਕਿ ਚੰਗੀ ਸ਼ਾਇਰੀ ਲੱਭ ਕੇ ਉਸ ਨੂੰ ਜਰੂਰ ਗਾਇਆ ਜਾਵੇ। ਆਪਣੇ ਗੀਤਾਂ ਤੋਂ ਇਲਾਵਾ ਉਹ ਸੁਰਜੀਤ ਪਾਤਰ, ਸ਼ਿਵ ਕੁਮਾਰ ਬਟਾਲਵੀ ਨੂੰ ਅਕਸਰ ਗਾਉਂਦਾ ਸੁਣਾਈ ਦਿੰਦਾ ਹੈ।

ਵਿਸ਼ਵ ਪੱਧਰੀ ਸਮਾਗਮਾਂ ਵਿਚ ਉਸਦੀ ਤਰੰਨਮ ਵਿਚ ਪੇਸ਼ ਕੀਤੀ ਸ਼ਾਇਰੀ ਬਾਰੇ ਸ਼੍ਰੋਮਣੀ ਸਾਹਿਤਕਾਰ ਸ.ਗੁਲਜ਼ਾਰ ਸਿੰਘ ਸੰਧੂ ਸਮੇਤ ਕਈ ਹੋਰਾਂ ਨੇ ਵੀ ਉਸ ਨੂੰ ਪੰਜਾਬੀ ਸ਼ਾਇਰੀ ਦਾ ਚਹੁੰਮੁਖੀਆ ਚਿਰਾਗ ਕਿਹਾ ਹੈ। ਜਗਜੀਤ ਸਿੰਘ ਤੇ ਚਿਤਰਾ ਸਿੰਘ ਦੀ ਗਾਇਕੀ ਨੂੰ ਮੰਨਣ ਵਾਲੇ ਇਸ ਸ਼ਾਇਰ ਦਾ ਨਿਸ਼ਾਨਾ ਵੀ ਇਹੀ ਹੈ ਕਿ ਉਹਨਾਂ ਵਾਂਗ ਗਾਇਆ ਜਾਵੇ। ਸ਼ਿਵ ਨੂੰ ਹੋਰ ਗਾਉਣ ਦੀ ਚਾਹਤ ਅਜੇ ਬਾਕੀ ਹੈ। ਤੇ ਵਿਦਿਆਰਥੀਆਂ ਤੇ ਸੱਜਣਾਂ ਨੂੰ ਕਈ ਹੋਰ ਅਜਿਹੇ ਤੋਹਫ਼ੇ ਹਰ ਸਾਲ ਦੀ ਵਿਸ਼ੇਸ਼ ਸ਼ਾਇਰੀ ਨਾਲ ਮਿਲਦੇ ਰਹਿਣਗੇ। ਉਸਦਾ ਉਦੇਸ਼ ਬਿਜ਼ਨਸ ਕਰਨਾ ਨਹੀਂ ਹੈ। ਉਸਦੀ ਤਾਂ ਇੱਛਾ ਹੈ ਕਿ ਪੰਜਾਬੀ ਲੋਕ ਧਾਰਾ ਵਿਚੋਂ ਚੋਣਵਾਂ ਮੈਟਰ ਆਉਣ ਵਾਲੀਆਂ ਪੀੜ੍ਹੀਆਂ ਦੇ ਹਵਾਲੇ ਕੀਤਾ ਜਾਵੇ। ਸਾਡੇ ਪੰਜਾਬੀ ਆਪਣੇ ਮੂਲ ਨੂੰ ਭੁਲਾ ਨਾ ਬੈਠਣ। ਵਿਆਹਾਂ ਵਿਚੋਂ ਘੋੜੀਆਂ ਤੇ ਸੁਹਾਗਾਂ ਦਾ ਖਤਮ ਹੋ ਜਾਣਾ ਬੜੇ ਦੁਖ ਦੀ ਗੱਲ ਹੈ।ਸੂਝਵਾਨ ਲੋਕਾਂ ਨੂੰ ਇਸ ਵਿਸ਼ੇ ਲਈ ਵਿਸ਼ੇਸ਼ ਯਤਨ ਕਰਨੇ ਪੈਣਗੇ। ਪ੍ਰੋ. ਅਜੀਤ ਨੇ ਅਜੋਕੇ ਸਮੇਂ ਦੀ ਹਰ ਔਖ ਸੌਖ, ਲੋੜਾਂ-ਥੋੜ੍ਹਾਂ ਤੇ ਭਖਦੇ ਮਸਲਿਆਂ ਨੂੰ ਇਹਨਾਂ ਗੀਤਾਂ ਰਾਹੀਂ ਪੇਸ਼ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਉਸਦੀ ਚੋਣਵੀਂ ਸ਼ਾਇਰੀ ਦਾ ਇਹ ਰੰਗ ਹਰ ਕਿਸੇ ਹਲੂਣਾ ਮਰਨ ਵਾਲਾ ਹੈ।

ਆਪਾਂ ਇਹ ਮੁਲਕ ਚਲਾਉਣਾ ਠੇਕੇ ਤੇ
ਮੁੱਢੋਂ ਇਕ ਇਤਿਹਾਸ ਲਿਖਾਉਣਾ ਠੇਕੇ ਤੇ
ਰੈਡੀਮੇਡ ਮੰਗਾ ਕੇ ਨੀਤੀਆਂ ਫੌਰਨ ਤੋਂ
ਉਹਨਾਂ ਨੂੰ ਲਾਗੂ ਕਰਾਉਣਾ ਠੇਕੇ ਤੇ।

ਇਸੇ ਤਰ੍ਹਾਂ ਦੀ ਇਕ ਹੋਰ ਵੰਨਗੀ ਦਾ ਅਨੰਦ ਮਾਣਿਆ ਜਾ ਸਕਦਾ ਹੈ

ਕਦੀ ਬੇਗਾਨਾ ਲਗਦਾ ਹੈ, ਕਦੀ ਉਹ ਆਪਣਾ ਲੱਗੇ
ਅਸਲ ਵਿਚ ਅਸਲ ਕੀ, ਇਸਦਾ ਨਾ ਪਤਾ ਲੱਗੇ
ਕਈ ਵਾਰ ਉਹ ਪੂਰੇ ਕਾਫਲੇ ਵਿਚ, ਇਕੱਲਾ ਲਗਦਾ ਹੈ
ਕਈ ਵਾਰੀ ਇਕੱਲਾ ਹੀ, ਪੂਰਾ ਕਾਫਲਾ ਲੱਗੇ।

ਪ੍ਰੋ. ਅਜੀਤ ਨੂੰ ਆਪਣੇ ਜਿਨ੍ਹਾਂ ਸ਼ਗਿਰਦਾਂ ਤੇ ਅੰਤਾਂ ਦਾ ਮਾਣ ਹੈ. ਉਹਨਾਂ ਵਿਚ ਗੁਰਸ਼ਰਨ ਮਾਨ, ਜਸਵਿੰਦਰ ਮਾਨ, ਦੀਪਕ ਬਾਲੀ, ਪ੍ਰੋ. ਜਸਵਿੰਦਰ ਸਿੰਘ, ਅਲਕਾ ਬਾਲੀ, ਸਾਵਨ, ਅਮਰ ਅਤੇ ਬਲਦੇਵ ਸਿੰਘ ਬੰਗਾ ਆਦਿ ਦੇ ਨਾਂ ਪਹਿਲੀ ਕਤਾਰ ਵਿਚ ਆਉਂਦੇ ਹਨ। ਪ੍ਰੋ. ਸਾਹਿਬ ਦਾ ਮਾਣ ਸਤਿਕਾਰ ਕਰਨ ਵਾਲੇ ਸ਼ਗਿਰਦ ਪੂਰੀ ਦੁਨੀਆ ਵਿਚ ਬੈਠੇ ਨੇ।ਜੋ ਚਾਹੁੰਦੇ ਹਨ ਕੇ ਲੋਕ ਕਲਾਵਾਂ ਦੀ ਗੱਲ ਤੁਰੇ।ਇਸੇ ਕਰਕੇ ਅਜੀਤ ਜੀ ਹਮੇਸ਼ਾ ਆਪਣੇ ਵਿਰਸੇ ਦੀ ਬਾਤ ਪਾਉਂਦੇ ਹਨ। ਉਹਨਾਂ ਦੀਆਂ ਧੀਆਂ ਨੀਰਾ ਤੇ ਮਾਸ਼ਾ ਅਤੇ ਭਾਣਜੀਆਂ ਊਸ਼ਾ ਵਿਰਕ ਅਤੇ ਕਸ਼ਮਿੰਦਰ ਦੇ ਵਿਆਹਾਂ ਵਿਚ ਪੇਸ਼ ਹੋਇਆ ਲੋਕ ਸੱਭਿਆਚਾਰ ਸਦਾ ਚੇਤੇ ਰਹੇਗਾ।ਅਜਿਹੀ ਲੋਕ ਕਲਾ ਤੇ ਬੋਲੀਆਂ ਹਰ ਵਿਆਹ ਵਿਚ ਪੇਸ਼ ਹੋਣ ਤਾਂ ਹੀ ਅਸੀਂ ਆਪਣੀ ਅਮੀਰ ਸੱਭਿਆਚਾਰਕ ਅਤੇ ਸਾਹਿਤਕ ਵਿਰਾਸਤ ਨੂੰ ਬਚਾ ਸਕਦੇ ਹਾਂ। ਕਵਿਤਾ ਦੀ ਗੁਆਚ ਰਹੀ ਅਮੀਰੀ ਨੂੰ ਇਸ ਐਲਬਮ ਵਿਚ ਮੁੜ ਸੁਰਜੀਤ ਕਰਨ ਦਾ ਯਤਨ ਕੀਤਾ ਗਿਆ ਹੈ। ਅੱਠ ਕਿਰਤਾਂ ਦਾ ਸੰਗੀਤ ਉਸਤਾਦ ਦੇਵ ਦਿਲਦਾਰ ਨੇ ਦਿੱਤਾ ਹੈ। ਗਾਇਕੀ ਤਾਂ ਪੰਜਾਬੀਆਂ ਦੇ ਸੁਭਾਅ ਵਿਚ ਹੈ। ਇਸ ਲਈ ਇਸ ਖੇਤਰ ਵਿਚ ਸੁਚੇਤ ਹੋਕੇ ਕਾਰਜ ਕਰਨ ਦੀ ਲੋੜ ਹੈ। ਉਸ ਨੂੰ ਪੰਜਾਬੀਅਤ ਦੀ ਅਲੰਬਰਦਾਰ ਅੰਮ੍ਰਿਤਾ ਪ੍ਰੀਤਮ, ਸੁਰਜੀਤ ਪਾਤਰ ਅਮਿਤੋਜ ਸਮੇਤ ਕਈ ਹੋਰ ਸ਼ਾਇਰ ਹਮੇਸ਼ਾ ਉਤਸ਼ਾਹਿਤ ਕਰਦੇ ਰਹੇ ਹਨ।

ਪ੍ਰੋ. ਅਜੀਤ ਦੀ ਇਹ ਐਲਬਮ 'ਸਰਘੀ ਦਾ ਤਾਰਾ' ਇਕ ਚੇਤਾਵਨੀ ਵਜੋਂ ਵੀ ਪੇਸ਼ ਹੁੰਦੀ ਹੈ। ਸਾਡੇ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਮਸਲਿਆਂ ਨੂੰ ਉਭਾਰਨ ਦੇ ਨਾਲ ਨਾਲ ਰੁਮਾਂਸ ਦੀ ਗੱਲ ਵੀ ਬੜੇ ਪਿਆਰੇ ਲਹਿਜੇ ਵਿਚ ਕੀਤੀ ਗਈ ਹੈ। ਜਿਵੇਂ:

ਕਿੱਥੇ ਗਈਆਂ ਚਿੜੀਆਂ, ਕਿੱਥੇ ਮੋਈਆਂ ਕੁੜੀਆਂ
ਕਿੱਥੇ ਗਈ ਬੋਹੜਾ ਵਾਲੀ ਛਾਂ?

ਇਸ ਐਲਬਮ ਦੇ ਅੱਠ ਗੀਤ ਹੀ ਵਿਲੱਖਣ ਰੰਗਾਂ ਦਾ ਅਨੂਠਾ ਸੰਗਮ ਕਰਦੇ ਹੋਏ ਗੀਤ ਸੰਗੀਤ ਦੀ ਸਤਰੰਗੀ ਪੀਂਘਾ ਬਣਾਉਂਦੇ ਹਨ। ਜਿਸ ਵਾਸਤੇ ਰਚਨਾਤਮਕ ਸੋਚ ਵਾਲੇ ਲੋਕ ਲੰਬੀ ਉਮਰ ਦੀ ਦੁਆ ਕਰਦੇ ਹਨ।ਸੱਜਣਾ ਵੇ ਤੇਰੇ ਪਿੰਡ ਨੂੰ ਜਾਂਦੀ ਵਿੰਗ ਤੜਿੰਗੀ ਡੰਡੀ, ਤੂੰ ਮੰਦਰ ਵਿਚ ਬਲ਼ਦਾ ਦੀਵਾ, ਚੁੰਨੀਆਂ, ਨੀ ਸੋਨ ਚਿੜੀਏ, ਸਰਘੀ ਦਾ ਤਾਰਾ, ਅਸੀਂ ਬਹਿ ਗਏ ਸੀ ਢੇਰੀਆਂ ਢਾਅ ਕੇ' ਗੀਤਾਂ ਨਾਲ ਹਰ ਸੀਨੇ ਨੂੰ ਸੰਗੀਤ ਦੀ ਅਨੰਦਮਈ ਸੋਚ ਵਿਚ ਪਰੋਇਆ ਹੈ। ਐਡਮਿੰਟਨ ਦੀ ਮਹਿਫਲ ਵਿਚ ਤਾਂ ਪ੍ਰੋ. ਅਜੀਤ ਨੇ ਇਕ ਇਤਿਹਾਸਕ ਮੋੜਾ ਲਿਆ ਦਿੱਤਾ ਸੀ। ਜਿੱਥੇ ਉਸ ਉੱਤੇ ਸਮੂਹ ਦਰਸ਼ਕਾਂ ਨੇ ਮਾਣ ਤੇ ਮੁਹੱਬਤ ਦੀ ਵਰਖਾ ਕੀਤੀ। ਜਿੱਥੇ ਹਰ ਮਹਿਫਲ ਵਿਚ ਉਸਦੀ ਰੀਕਾਰਡਿੰਗ ਦੀ ਮੰਗ ਕੀਤੀ ਜਾਂਦੀ ਰਹੀ।

ਮਾਹਿਲਪੁਰ ਦੇ ਸਾਹਿਤਕ ਹਲਕਿਆਂ ਵਿਚੋਂ ਪ੍ਰੋ. ਅਜੀਤ ਦੀ ਮਹਿਕ ਹਰ ਕਿਸੇ ਨੂੰ ਆਉਂਦੀ ਰਹਿੰਦੀ ਹੈ। 'ਲਾਲਟੈਣਾਂ ਦੀ ਕਤਾਰ' ਤੋਂ ਅਰੰਭ ਹੋ ਕੇ 'ਅਦਬੀ ਮਹਿਫ਼ਲ' ਰਾਹੀਂ ਮਿਆਰੀ ਗਾਇਕੀ ਨੂੰ ਸਰੋਤਿਆਂ ਦੇ ਰੂਬਰੂ ਕਰਦਾ ਰਹਿੰਦਾ ਹੈ। ਇਹ ਮਾਣ ਵੀ ਮਾਹਿਲਪੁਰ ਨੂੰ ਮਿਲਦਾ ਹੈ ਕਿ ਜਿਸ ਯੂ ਟਿਊਬ ਰਾਹੀਂ ਸਤਿੰਦਰ ਸਰਤਾਜ ਦੁਨੀਆਂ ਵਿਚ ਪੁੱਜਾ ਉਹ ਉਪਰਾਲਾ ਵੀ ਪ੍ਰੋ. ਅਜੀਤ ਅਤੇ ਉਸਦੇ ਅਦਬੀ ਦੋਸਤਾਂ ਦਾ ਹੀ ਸੀ। ਅਦਬੀ ਮਹਿਫਲ ਦੇ ਮੰਚ ਤੋਂ ਸਰਤਾਜ ਤੋਂ ਬਾਅਦ ਮੀਨੂ ਅਟਵਾਲ, ਰੰਜਨਾ, ਗੁਰਦੀਪ, ਸਰਜੀਤ ਪਾਤਰ ਵਰਗਿਆਂ ਨੂੰ ਪੇਸ਼ ਕੀਤਾ ਜਾ ਚੁੱਕਾ ਹੈ।

ਪ੍ਰੋ. ਅਜੀਤ ਨੇ ਖਾਲਸਾ ਕਾਲਜ ਮਾਹਿਲਪੁਰ ਦੀਆਂ ਮਹਿਫਲਾਂ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵਿਚ ਪੰਜਾਬੀ ਸ਼ਾਇਰੀ ਨੂੰ ਆਪਣੀ ਸੁਰੀਲੀ ਅਵਾਜ਼ ਵਿਚ ਪੇਸ਼ ਕਰਕੇ ਇਕ ਨਵੇਂ ਅਧਿਆਏ ਦਾ ਆਰੰਭ ਕੀਤਾ ਸੀ।ਉਸਦਾ ਕਹਿਣਾ ਹੈ ਕਿ ਅਸੀਂ ਆਪਣੀਆਂ ਲੋਕ ਬੋਲੀਆਂ ਨੂੰ ਭੁਲਕੇ ਭਾਸ਼ਾ ਦੀ ਅਮੀਰੀ ਨੂੰ ਗੁਆ ਰਹੇ ਹਾਂ।ਇਸ ਬੋਲੀ ਵਿਚ ਛੁਪੇ ਹੋਏ ਤੱਥਾਂ ਨੂੰ ਲੱਭੋ ਤਾਂ ਦਿਲ ਦਿਮਾਗ ਦੇ ਕਬਾੜ ਖੁੱਲ੍ਹ ਜਾਂਦੇ ਨੇ:

ਮੈਨੂੰ ਵੱਢ ਕੇ ਵੇਚ ਲੈ ਯਾਰਾ, ਜੇ ਤੇਰਾ ਲਹਿ ਜਾਏ ਕਰਜਾ।

ਉਸਦਾ ਵਿਚਾਰ ਹੈ ਕਿ ਮਿਆਰੀ ਗਾਇਕੀ ਹਮੇਸ਼ਾਂ ਤੋਂ ਮਾਣੀ ਜਾ ਰਹੀ ਹੈ।ਪਰ ਇਸ ਖੇਤਰ ਵਿਚ ਜਿੰਨਾ ਕਾਰਜ ਹੋਣਾ ਚਾਹੀਦਾ ਸੀ ਉਹ ਨਹੀਂ ਹੋ ਸਕਿਆ। ਸਿਰਜਣਾ ਦੇ ਮਿਆਰ ਕਾਇਮ ਕਰਕੇ ਪੇਸ਼ਕਾਰੀ ਦੇ ਪੱਧਰ ਨੂੰ ਵੀ ਖਿਆਲ ਵਿਚ ਰੱਖਣਾ ਹੋਵੇਗਾ। ਇਤਿਹਾਸ ਗਵਾਹ ਹੈ ਕਿ ਪੰਜਾਬੀਆਂ ਦਾ ਰੁਦਨ ਕਦੀ ਨਹੀਂ ਮੁੱਕਿਆ। ਸਾਡੀ ਗਾਇਕੀ ਮੀਡੀਏ ਦੇ ਵਹਿਣ ਵਿਚ ਰੁੜ੍ਹ ਰਹੀ ਹੈ। ਇਸਦੇ ਪੈਰ ਲਾਉਣ ਲਈ ਮਿਆਰੀ ਗੀਤ ਅਤੇ ਗਾਇਕਾਂ ਦਾ ਹੋਣਾ ਲਾਜ਼ਮੀ ਹੈ।

ਇਤਿਹਾਸਕ ਪਿੰਡ ਲੰਗੇਰੀ ਵਿਚ ਪ੍ਰੋ. ਅਜੀਤ ਨੇ ਸ਼ਾਇਰ ਪਿਤਾ ਸ.ਧੰਨਾ ਸਿੰਘ ਅਤੇ ਮਾਤਾ ਹਰਨਾਮ ਕੌਰ ਦੇ ਘਰ 68 ਵਰ੍ਹੇ ਪਹਿਲਾਂ ਜਨਮ ਲੈ ਕੇ ਸਮਾਜ ਨੂੰ ਨਵੀਆਂ ਲੀਹਾਂ ਪ੍ਰਦਾਨ ਕੀਤੀਆਂ। ਸਾਹਿਤ ਕਲਾ ਸੱਭਿਆਚਾਰ ਅਤੇ ਸਿੱਖਿਆ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਸਦਾ ਯਾਦ ਰੱਖਿਆ ਜਾਵੇਗਾ।ਉਸਨੇ ਆਪਣੀ ਨਾਨੀ ਬੀਬੀ ਆਸੀ ਪਾਸੋਂ ਲੋਕ ਬੋਲੀਆਂ ਦੀ ਗੁੜ੍ਹਤੀ ਲਈ। ਕਨੇਡਾ ਵਸਦਾ ਸ਼ਾਇਰ ਅੰਮ੍ਰਿਤ ਦੀਵਾਨਾ ਅਤੇ ਅਦਾਕਾਰਾ ਕੁਲਬੀਰ ਬਡੇਸਰੋਂ ਉਸਦੇ ਮਾਮੇ ਦੇ ਪੁੱਤ ਧੀ ਹਨ।

ਉਸਦੀਆਂ ਭੈਣਾਂ ਹਰ ਮਹਿਫਲ ਵਿਚ ਰੱਜ ਗਾਉਂਦੀਆਂ ਤਾਂ ਉਹ ਵੀ ਉਹਨਾਂ ਦਾ ਸਾਥ ਦਿੰਦਾ। ਗਾਇਕੀ ਦੀ ਗੁੜ੍ਹਤੀ ਤਾਂ ਉਸ ਨੂੰ ਜੰਮਣ ਘੁੱਟੀ ਵਿਚ ਹੀ ਮਿਲ ਗਈ ਸੀ। ਇੰਜ ਉਹ ਆਪਣੀ ਅਵਾਜ਼ ਦੀ ਸੁਹਜਮਈ ਪੇਸ਼ਕਾਰੀ ਨਾਲ ਹਰ ਮਹਿਫਲ ਨੂੰ ਆਪਣੇ ਨਾਂ ਕਰਵਾਉਂਦਾ ਰਿਹਾ।ਉਸਦੇ ਜੀਵਨ ਵਿਚ ਚਾਨਣ ਬਿਖੇਰਨ ਵਾਲੇ ਮਾਸਟਰ ਰਣਧੀਰ ਸਿੰਘ. ਪ੍ਰੋ ਸੁਰਜੀਤ ਹਾਂਸ, ਡਾ.ਕਰਮਜੀਤ ਸਿੰਘ ਦਾ ਉਹ ਵਿਸ਼ੇਸ਼ ਮਾਣ ਨਾਲ ਜ਼ਿਕਰ ਕਰਦਾ ਹੈ। ਪ੍ਰੋ. ਅਜੀਤ ਦਾ ਸਭ ਨੂੰ ਇਹੀ ਸੁਨੇਹਾ ਹੈ ਕਿ ਮਿਆਰੀ ਗਾਇਕੀ ਨੂੰ ਮਾਣੋਂ, ਚੰਗੀ ਸ਼ਾਇਰੀ ਦਾ ਸਤਿਕਾਰ ਕਰੋ, ਲੋਕ ਬੋਲੀ ਨੂੰ ਅਪਣਾਓ।

# ਰੱਬ ਤੈਨੂੰ ਕੀ ਮਿਲਿਆ

## ਸੰਤ ਰਾਮਾਂ ਨੰਦ ਜੀ ਨੂੰ ਸ਼ਰਧਾਂਜ਼ਲੀ



**ਪਰਸ਼ੋਤਮ ਲਾਲ ਸਰੋਏ (91-92175-44348)**

ਦੱਸਾਂ ਦਿਲ ਵਾਲੇ ਦੁਖੜੇ ਖਲੋ ਕੇ। 2।
ਰੱਬਾ ਤੈਨੂੰ ਕੀ ਮਿਲਿਆ।
ਸੰਤ ਰਾਮਾਂ ਨੰਦ ਸਾਡੇ ਕੋਲੋਂ ਖੋਹ ਕੇ।
ਰੱਬਾ ਤੈਨੂੰ ਕੀ ਮਿਲਿਆ । ਦੱਸ ਦੇ।
ਰੱਬਾ ਤੈਨੂੰ ਕੀ ਮਿਲਿਆ।

ਮਈ ਦੀ ਤਰੀਕ ਦਾ ਕਿਉਂ ਸਾਡੇ ਨਾਲ ਵੈਰ ਸੀ।
ਰੱਬ ਨੇ ਸੀ ਕੀਤਾ, ਡਾਅਢਾ ਸਾਡੇ ਨਾਲ ਕਹਿਰ ਸੀ। 2।
ਰੂਪ ਰੱਬ ਵਾਲਾ ਸਾਡੇ ਤੋਂ ਲੁਕੋ ਕੇ।
ਰੱਬਾ ਤੈਨੂੰ ਕੀ ਮਿਲਿਆ।
ਸੰਤ ਰਾਮਾਂ ਨੰਦ ਸਾਡੇ ਕੋਲੋਂ ਖੋਹ ਕੇ।
ਰੱਬਾ ਤੈਨੂੰ ਕੀ ਮਿਲਿਆ । ਦੱਸ ਦੇ।
ਰੱਬਾ ਤੈਨੂੰ ਕੀ ਮਿਲਿਆ।

ਪਾਪੀਆਂ ਦੀ ਗੋਲੀਆਂ ਨੇ ਕੀਤਾ ਬੜਾ ਵੈਰ ਸੀ,
ਲੁਟ ਲਿਆ ਸਾਡੇ, ਬੇਗ਼ਮਪੁਰੇ ਵਾਲਾ ਸ਼ਹਿਰ ਸੀ।
ਹਾਂ! ਲੁੱਟ ਲਿਆ ਸਾਡਾ ਬੇਗ਼ਮਪੁਰੇ ਵਾਲਾ ਸ਼ਹਿਰ ਸੀ।
ਕੱਲ੍ਹੇ ਛੱਡ ਗਿਆ, ਦੱਸਾਂ ਮੈਂ ਕੀ ਕੀ ਰੋ ਕੇ।
ਰੱਬਾ ਤੈਨੂੰ ਕੀ ਮਿਲਿਆ।
ਸੰਤ ਰਾਮਾਂ ਨੰਦ ਸਾਡੇ ਕੋਲੋਂ ਖੋਹ ਕੇ।
ਰੱਬਾ ਤੈਨੂੰ ਕੀ ਮਿਲਿਆ । ਦੱਸ ਦੇ।
ਰੱਬਾ ਤੈਨੂੰ ਕੀ ਮਿਲਿਆ।



ਕਹਿਰ ਡਾਅਢਾ ਸੁਣ ਪਿਆ ਪਲਾਂ ਵਿਚ ਸੋਗ ਸੀ।
ਸਾਨੂੰ ਇਲਾਹੀ ਰੂਪ ਪਾ ਗਿਆ ਵਿਯੋਗ ਸੀ।
ਹਾਂ ਸਾਨੂੰ ਤਾਂ ਇਲਾਹੀ ਰੂਪ ਪਾ ਗਿਆ ਵਿਯੋਗ ਸੀ।
ਰੋਈ ਦੁਨੀਆਂ ਵਿਰਾਨ ਜਿਹੀ ਹੋ ਕੇ।

ਰੱਬਾ ਤੈਨੂੰ ਕੀ ਮਿਲਿਆ।
ਸੰਤ ਰਾਮਾਂ ਨੰਦ ਸਾਡੇ ਕੋਲੋਂ ਖੋਹ ਕੇ।
ਰੱਬਾ ਤੈਨੂੰ ਕੀ ਮਿਲਿਆ । ਦੱਸ ਦੇ।
ਰੱਬਾ ਤੈਨੂੰ ਕੀ ਮਿਲਿਆ।

ਪੀ ਲਿਆ ਸੀ ਓਸ ਨੇ ਸ਼ਹਾਦਤ ਦਾ ਜ਼ਾਮ ਸੀ।
ਦੁਨੀਆਂ 'ਤੇ ਕਰ ਗਿਆ ਉੱਚਾ ਸਾਡਾ ਨਾਮ ਸੀ।
ਹਾਂ ! ਦੁਨੀਆਂ 'ਤੇ ਕਰ ਗਿਆ ਉੱਚਾ ਸਾਡਾ ਨਾਮ ਸੀ।
ਸਾਡਾ ਦਿਲਾਂ ਵਿਚ ਭਰ ਗਿਆ ਸੀ ਹੌਕੇ।
ਰੱਬਾ ਤੈਨੂੰ ਕੀ ਮਿਲਿਆ।
ਸੰਤ ਰਾਮਾਂ ਨੰਦ ਸਾਡੇ ਕੋਲੋਂ ਖੋਹ ਕੇ।
ਰੱਬਾ ਤੈਨੂੰ ਕੀ ਮਿਲਿਆ । ਦੱਸ ਦੇ।
ਰੱਬਾ ਤੈਨੂੰ ਕੀ ਮਿਲਿਆ।

ਪਰਸ਼ੋਤਮ! ਬੰਦੇ ਨੂੰ ਉਹਦੇ ਰੱਬ ਲੜ ਲਾਇਆ ਸੀ।
ਪਾਪੀ ਬੰਦਿਆਂ ਕਿਉਂ , ਦਗ਼ਾ ਉਹਦੇ ਨਾਲ ਕਮਾਇਆ ਸੀ।
ਹਾਂ ! ਪਾਪੀ ਬੰਦਿਆਂ ਕਿਉਂ, ਦਗ਼ਾ ਉਹਦੇ ਨਾਲ ਕਮਾਇਆ ਸੀ।
ਲੈ ਕੇ ਆਏ ਸੀ ਹਥਿਆਰ ਲੁਕੋ ਕੇ।
ਰੱਬਾ ਤੈਨੂੰ ਕੀ ਮਿਲਿਆ।
ਸੰਤ ਰਾਮਾਂ ਨੰਦ ਸਾਡੇ ਕੋਲੋਂ ਖੋਹ ਕੇ।
ਰੱਬਾ ਤੈਨੂੰ ਕੀ ਮਿਲਿਆ । ਦੱਸ ਦੇ।
ਰੱਬਾ ਤੈਨੂੰ ਕੀ ਮਿਲਿਆ।

# ਧਰਤ ਦੁਆਬੇ ਦੀ

# ਮਾਹਿਲਪੁਰ ਨੂੰ ਫੁੱਟਬਾਲ ਦੀ ਨਰਸਰੀ ਦਾ ਮਾਣ ਹਾਸਿਲ ਹੈ



ਬਲਜਿੰਦਰ ਮਾਨ
98150-18947
Email : nikkiankarum-blan@rediffmail.com

ਜਿਵੇ ਸੰਸਾਰਪੁਰ ਨੂੰ ਹਾਕੀ ਦਾ ਘਰ ਮੰਨਿਆ ਗਿਆ ਹੈ ਉਸੇ ਤਰ੍ਹਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਲਾਕਾ ਮਾਹਿਲਪੁਰ ਨੂੰ ਫੁੱਟਬਾਲ ਦੀ ਨਰਸਰੀ ਹੋਣ ਦਾ ਮਾਣ ਹਾਸਿਲ ਹੈ। ਇਸ ਇਲਾਕੇ ਨੇ ਇਹ ਮਾਣ ਐਵੇ ਹੀ ਹਾਸਿਲ ਨਹੀ ਕੀਤਾ ਸਗੋ ਫੁੱਟਬਾਲ ਲਈ ਦਿਨ ਰਾਤ ਮਿਹਨਤ ਮਸ਼ੱਕਤ ਕਰਕੇ ਹਾਸਿਲ ਕੀਤਾ ਹੈ। ਇਥੋ ਦੀ ਪੈਦਾਇਸ਼ ਅਰਜਨ ਐਵਾਰਡੀ










ਫੁੱਟਬਾਲਰ ਸਵਰਗਵਾਸੀ ਸ ਜ਼ਰਨੈਲ ਸਿੰਘ ਦੱਸਦੇ ਹੁੰਦੇ ਸਨ ਕਿ ਉਹ ਇੱਕ ਫੁੱਟਬਾਲ ਖਰੀਦਣ ਲਈ ਸਾਇਕਲ ਤੇ ਜਲੰਧਰ ਜਾਇਆ ਕਰਦੇ ਸਨ। ਉਹਨਾ ਦੇ ਸਿਰ ਫੁੱਟਬਾਲ ਦਾ ਐਨਾ ਜ਼ਨੂੰਨ ਸੀ ਕਿ ਉਹ ਖਾਣਾ ਤਾਂ ਭੁੱਲ ਸਕਦੇ ਸਨ ਪਰ ਫੁੱਟਬਾਲ ਖੇਡਣ ਦਾ ਸਮਾਂ ਕਦੇ ਨਾ ਭੁੱਲਦੇ। ਅਜ਼ਾਦੀ ਤੋ ਪਹਿਲਾਂ ਮਾਹਿਲਪੁਰ ਦੇ ਖਾਲਸਾ ਸਕੂਲ ਵਿੱਚ ਅਤੇ ਬਾਅਦ ਵਿੱਚ ਖਾਲਸਾ ਕਾਲਿਜ ਮਾਹਿਲਪੁਰ ਵਿੱਚ ਇਸ ਖੇਡ ਨੂੰ ਪ੍ਰਫੁੱਲਤ ਕਰਨ ਲਈ ਦਿਨ ਰਾਤ ਇਕ ਕਰ ਦਿੱਤੀ। ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਉਹ ਸਦਾ ਸਵੇਰੇ ਸ਼ਾਂਮ ਗਰਾਂਊਡ ਵਿੱਚ ਖਿਡਾਰੀਆਂ ਨੂੰ ਦੇਖਦੇ ਅਤੇ ਲੋੜ ਅਨੁਸਾਰ ਕੋਚਿੰਗ ਵੀ ਕਰਦੇ। ਖਿਡਾਰੀਆਂ ਦੀ ਸਿਹਤ ਅਤੇ ਸਿੱਖਿਆ ਵਲ ਉਚੇਚਾ ਧਿਆਨ ਦਿੰਦੇ ਤਾਂ ਕਿ ਉਹ ਖੇਡ ਦੇ ਨਾਲ ਨਾਲ ਆਪਣੀ ਮੰਜਿਲ ਵੱਲ ਨੂੰ ਵੀ ਵਧਦੇ ਰਹਿਣ।

ਫੁੱਟਬਾਲ ਖੇਡ ਨੂੰ ਲੱਗਭਗ 3000 ਸਾਲ ਪਹਿਲਾਂ ਚੀਨ ਵਿੱਚ ਸ਼ੁਰੂ ਹੋਈ ਮੰਨਿਆਂ ਗਿਆ ਹੈ। ਭਾਰਤ ਵਿੱਚ ਇਹ ਖੇਡ ਅੰਗ੍ਰੇਜ਼ਾਂ ਰਾਹੀ ਪੱਛਮੀ ਬੰਗਾਲ ਵਿੱਚ ਆਈ। ਹੁਸ਼ਿਆਰਪੁਰ ਲਾਗੇ ਫੌਜੀ ਛਾਉਣੀ ਹੋਣ ਕਰਕੇ ਇਸ ਖੇਡ ਦਾ ਪਸਾਰਾ ਮਾਹਿਲਪੁਰ ਇਲਾਕੇ ਦੇ ਫੌਜੀਆਂ ਰਾਹੀ ਹੋਇਆ। ਉਹ ਆਪੋ ਆਪਣੇ ਪਿੰਡਾਂ ਵਿੱਚ ਛੁੱਟੀ ਕੱਟਣ ਆਉਦੇ ਤਾਂ ਇਸ ਖੇਡ ਬਾਰੇ ਮੁੰਡਿਆਂ ਨੂੰ ਸਿਖਲਾਈ ਦਿੰਦੇ। ਦੂਜਾ ਕਾਰਨ ਦੁਆਬੇ ਦੇ ਬਹੁਤੇ ਲੋਕ ਵਿਦੇਸ਼ਾਂ ਵਿੱਚ ਗਏ ਹੋਣ ਕਰਕੇ ਵੀ ਹੈ। ਇਸ ਤਰ੍ਹਾਂ ਇਹ ਖੇਡ ਮਾਹਿਲਪੁਰ ਇਲਾਕੇ ਦੇ ਪਿੰਡਾਂ ਅਤੇ ਸਕੂਲਾਂ ਵਿੱਚ ਬਹੁਤ ਚਾਅ ਨਾਲ ਖੇਡੀ ਜਾਣ ਲੱਗੀ। ਅਜ਼ਾਦੀ ਤੋ ਪਹਿਲਾਂ ਖਾਲਸਾ ਸਕੂਲ ਪਾਲਦੀ , ਬੱਡੋ ,ਬਿੰਜੋ ਅਤੇ ਮਾਹਿਲਪੁਰ ਆਦਿ ਸਕੂਲਾਂ ਦੇ ਅਧਿਆਪਕਾਂ ਅਤੇ ਮੁੱਖੀਆਂ ਨੇ ਫੁੱਟਬਾਲਰ ਪੈਦਾ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ। ਅੰਮ੍ਰਿਤਸਰ ਦੇ ਦਿਵਾਲੀ ਫੁੱਟਬਾਲ ਟੂਰਨਾਮੈਟ ਵਿੱਚ ਮਾਹਿਲਪੁਰ ਦੀ ਟੀਮ ਦੀ ਝੰਡੀ ਹੁੰਦੀ ਸੀ। ਮਾਹਿਲਪੁਰ ਸਕੂਲ ਦੇ ਖੇਡ ਮੈਦਾਨ ਵਿੱਚ 10/12 ਟੀਮਾਂ ਆਪੋ ਆਪਣੀ ਖਿੱਦੋ ਨਾਲ ਵਿਹਲੇ ਸਮੇ ਵਿੱਚ ਖੇਡਦੀਆਂ ਦਿਖਾਈ ਦਿੰਦੀਆਂ ਸਨ। ਉਸ ਜਮਾਨੇ ਦੇ ਖਿਡਾਰੀ ਜਿਥੇ ਸਿਹਤ ਪੱਖੋ ਤਕੜੇ ਸਨ ਉਥੇ ਇਸ ਖੇਡ ਨੂੰ ਵੀ ਸਮਰਪਿਤ ਸਨ। ਅੱਜ ਕੱਲ੍ਹ ਮਾਹਿਲਪੁਰ ਇਲਾਕੇ ਦੇ ਹਰ ਤੀਸਰੇ ਪਿੰਡ ਵਿੱਚ ਫੁੱਟਬਾਲ ਟੂਰਨਾਮੈਟ ਦਾ ਅਯੋਜਨ ਕੀਤਾ ਜਾਂਦਾ ਹੈ। ਇਹ ਪਿਰਤ 1960 ਦੇ ਦਹਾਕੇ ਵਿੱਚ ਉਸ ਸਮੇ ਦੇ ਮਸ਼ਹੂਰ ਫੁੱਟਬਾਲਰਾਂ ਅਤੇ ਫੁੱਟਬਾਲ ਪ੍ਰੇਮੀਆਂ ਮੈਗੋ ਸੀਜ਼ਨ ਫੁੱਟਬਾਲ ਟੂਰਨਾਮੈਟ ਨਾਲ ਅਰੰਭ ਹੋਈ ਸੀ। ਇਸ ਇਲਾਕੇ ਵਿੱਚ ਉਸ ਜ਼ਮਾਨੇ ਵਿੱਚ ਫੁੱਟਬਾਲ ਤੋ ਇਲਾਵਾ ਇੱਕੋ ਇੱਕ ਦੂਸਰੀ ਖੇਡ ਰੱਸਾਕਸ਼ੀ ਖੇਡੀ ਜਾਂਦੀ ਸੀ। ਸਾਰੇ ਲੋਕ ਫੁੱਟਬਾਲ ਨੂੰ ਹੀ ਪਿਆਰਦੇ ਤੇ ਸਤਿਕਾਰਦੇ ਸਨ। ਫੁੱਟਬਾਲ ਦੇ ਉਸੇ ਪਿਆਰ ਤੇ ਸਤਿਕਾਰ ਸਦਕਾ ਕਈ ਪਰਵਾਸੀ ਭਾਰਤੀ ਆਪੋ ਆਪਣੇ ਪਿੰਡਾਂ ਵਿੱਚ ਫੁੱਟਬਾਲ ਮੁਕਾਬਲੇ ਕਰਵਾਕੇ ਲੱਖਾਂ ਰੁਪਏ ਦੇ ਨਗਦ ਇਨਾਮ ਦਿੰਦੇ ਹਨ। ਫੁੱਟਬਾਲ ਦੀ ਇਸ ਨਰਸਰੀ ਨੂੰ ਕਾਇਮ ਰੱਖਣ ਵਿੱਚ ਇਲਾਕੇ ਦੇ ਸਕੂਲਾਂ ਅਤੇ ਖਾਲਸਾ ਕਾਲਜ ਮਾਹਿਲਪੁਰ ਦਾ ਵਿਸ਼ੇਸ਼ ਯੋਗਦਾਨ ਹੈ। ਬਲਜਿੰਦਰ ਮਾਨ ਦੁਆਰਾ ਰਚੀ ਪੁਸਤਕ 'ਫੁੱਟਬਾਲ ਜਗਤ ਮਾਹਿਲਪੁਰ' ਵਿੱਚ ਇਸ ਇਲਾਕੇ ਨਾਲ ਸਬੰਧਤ 100 ਤੋ ਵੱਧ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਫੁੱਟਬਾਲਰਾਂ ਦੇ ਵੇਰਵੇ ਦਰਜ ਹਨ। ਇਸ ਇਲਾਕੇ ਵਿੱਚ ਹੁੰਦੇ ਫੁੱਟਬਾਲ ਮੁਕਾਬਲੇ ਨਵੀ ਪਨੀਰੀ ਦਾ ਫੁੱਟਬਾਲ ਪ੍ਰਤੀ ਉਤਸ਼ਾਹ ਬਣਾਈ ਰੱਖਦੇ ਹਨ। ਪ੍ਰਿੰ ਹਰਭਜਨ ਸਿੰਘ ਸਪੋਰਟਿੰਗ ਕਲੱਬ ਵਲੋ 1962 ਤੋ ਸਕੂਲਾਂ, ਕਾਲਜਾਂ, ਕਲੱਬਾਂ ਅਤੇ ਲੜਕੀਆਂ ਦੇ ਮੁਕਾਬਲੇ ਨਿਰੰਤਰ ਕਰਵਾਏ ਜਾ ਰਹੇ ਹਨ। ਪਿੰਡ ਨੰਗਲ ਖਿਲਾੜੀਆਂ ਵਿੱਚ ਪਿੱਛਲੇ 30 ਸਾਲਾਂ ਤੋ ਪੰਜਾਬ ਰਾਜ ਪੇਡੂ ਫੁੱਟਬਾਲ ਚੈਪੀਅਨਸ਼ਿੱਪ ਕਰਵਾਈ ਜਾਂਦੀ ਹੈ। ਪਿੱਛਲੇ ਇੱਕ ਦਹਾਕੇ ਤੋ ਦੁਆਬਾ ਸਪੋਰਟਿੰਗ ਕਲੱਬ ਨਵੀ ਪਨੀਰੀ ਤਿਆਰ ਕਰਨ ਲਈ ਦਿਨ ਰਾਤ ਇੱਕ ਕਰ ਰਿਹਾ ਹੈ। ਮਾਹਿਲਪੁਰ ਵਿਖੇ ਸੇਵਨ ਏ ਸਾਈਡ ਫਲੱਡ ਲਈਟ ਟੂਰਨਾਮੈਟ ਭਾਰਤ ਵਿੱਚ ਆਪਣੀ ਹੀ ਕਿਸਮ ਦਾ ਟੂਰਨਾਮੈਟ ਹੈ। ਇਹਨਾਂ ਮੁਕਾਬਲਿਆਂ ਕਾਰਨ ਇਲਾਕੇ ਦੇ ਖਿਡਾਰੀਆਂ ਦੀ ਖੇਡ ਕਲਾ ਤੇ ਨਿਖਾਰ ਆਉਦਾ ਰਹਿੰਦਾ ਹੈ। ਇਹਨਾਂ ਪ੍ਰਾਪਤੀਆਂ ਨੂੰ ਮੱਦੇ ਨਜ਼ਰ ਰੱਖਦਿਆਂ 1998 ਵਿੱਚ ਇਥੇ ਫੁੱਟਬਾਲ ਅਕਾਦਮੀ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ 14 , 17 ਅਤੇ 19 ਸਾਲ ਵਰਗ ਦੇ ਵਿਦਿਆਰਥੀਆਂ ਨੂੰ ਆਧੂਨਿਕ ਤਕਨੀਕਾਂ ਨਾਲ ਕੋਚਿੰਗ ਦਿੱਤੀ ਜਾ ਰਹੀ ਹੈ। ਪ੍ਰਿੰ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਵਲੋ ਇਸੇ ਵਰ੍ਹੇ ਫਰਵਰੀ ਵਿੱਚ ਗੋਲਡਨ ਜੂਬਲੀ ਜਸ਼ਨ ਬੜੇ ਧੂਮ ਧੜੱਕੇ ਨਾਲ ਮਨਾਏ ਗਏ ਹਨ। ਇੱਕ ਸੰਸਥਾ ਵਲੋ 50 ਵਰ੍ਹੇ ਉਹ ਵੀ ਲਗਾਤਾਰ ਵੱਡੇ ਪੱਧਰ ਤੇ ਵੱਡਾ ਟੂਰਨਾਮੈਟ ਕਰਵਾਉਣਾ ਬਹੁਤ ਅਹਿਮ ਅਤੇ ਮਾਣ ਵਾਲੀ ਗੱਲ ਹੈ। ਇਸੇ ਤਰ੍ਹਾਂ ਮਾਹਿਲਪੁਰ ਨਾਲ ਲਗਦੇ ਪਿੰਡ ਲੰਗੇਰੀ ਵਿਖੇ ਪਿੰਡ ਦੇ ਸਰਪੰਚ ਮਨਜੀਤ ਸਿੰਘ ਲਾਲੀ ਦੀ ਅਗਵਾਈ ਵਿੱਚ ਪਿੰਡ ਦੇ ਪਰਵਾਸੀ ਭਾਰਤੀ ਅਤੇ ਫੁੱਟਬਾਲ ਦੇ ਕੌਮਾਂਤਰੀ ਖਿਡਾਰੀ ਕੁਲਵੰਤ ਸਿੰਘ ਸੰਘਾ ਦੀ ਅਗਵਾਈ ਵਿੱਚ ਸ਼ਹੀਦ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਸਪੋਰਟਸ ਕਲੱਬ ਵਲੋ ਲਗਭਗ 33 ਸਾਲ ਤੋ ਲਗਾਤਾਰ ਵੱਡੇ ਪੱਧਰ ਤੇ ਨਗਦ ਇਨਾਮੀ ਫੁੱਟਬਾਲ ਟੂਰਨਾਮੈਟ ਕਰਵਾ ਰਿਹਾ ਹੈ। ਮਾਹਿਲਪੁਰ ਹਲਕੇ ਦੇ ਲਗਭਗ ਸਾਰੇ ਪਿੰਡਾਂ ਵਿੱਚ ਫੁੱਟਬਾਲ ਗਰਾਊਡਾਂ, ਕਈਆਂ ਪਿੰਡਾਂ ਵਿੱਚ ਸ਼ਾਨਦਾਰ ਫੁੱਟਬਾਲ ਸਟੇਡੀਅਮ, ਫੁੱਟਬਾਲ ਕਲੱਬ, ਵਿੰਗ ਅਤੇ ਅਕਾਦਮੀਆਂ ਬਣੀਆਂ ਹੋਈਆਂ ਹਨ। ਪਿੰਡ ਖੇੜਾ ਵਿਖੇ ਪੰਜਾਬ ਦੇ ਮੁੱਖ ਸੰਸਦੀ ਸਕੱਤਰ ਸੋਹਣ ਸਿੰਘ ਠੰਡਲ ਜੋ ਖੁਦ ਫੁੱਟਬਾਲ ਖੇਡ ਦੇ ਪ੍ਰੇਮੀ ਹਨ ਦੀ ਅਗਵਾਈ ਵਿੱਚ ਪਿੰਡ ਦੇ ਸਰਪੰਚ ਇਕਬਾਲ ਸਿੰਘ ਖੇੜਾ ਦੀ ਅਗਵਾਈ ਵਿੱਚ ਦੁਆਬਾ ਫੁੱਟਬਾਲ ਕਲੱਬ ਵਲੋ ਛੋਟੇ ਬੱਚਿਆਂ ਦੀ ਪਨੀਰੀ ਤਿਆਰ ਕੀਤੀ ਜਾ ਰਹੀ ਹੈ।

ਅੱਜ ਕੱਲ੍ਹ ਭਾਰਤ ਦੇ ਅਹਿਮ ਕਲੱਬਾਂ ਵਿੱਚ ਇਸ ਇਲਾਕੇ 20 ਦੇ ਕਰੀਬ ਖਿਡਾਰੀ ਆਪਣੀ ਖੇਡ ਕਲਾ ਦੇ ਜੌਹਰ ਦਿਖਾ ਰਹੇ ਹਨ। ਪੰਜਾਬ ਦੇ ਤਿੰਨ ਅਰਜਨ ਐਵਾਰਡੀ ਫੁੱਟਬਾਲਰਾਂ ਵਿੱਚ ਜਰਨੈਨ ਸਿੰਘ ਅਤੇ ਗੁਰਦੇਵ ਸਿੰਘ ਗਿੱਲ ਮਾਹਿਲਪੁਰ ਦੀ ਪੈਦਾਇਸ਼ ਹਨ।

ਤੀਜਾ ਫੁੱਟਬਾਲਰ ਇੰਦਰ ਸਿੰਘ ਫਗਵਾੜੇ ਦਾ ਹੈ। ਐਨਾ ਕੁੱਝ ਹੋਣ ਦੇ ਬਾਵਜੂਦ ਇਸ ਗੱਲ ਦੀ ਅਜੇ ਤੱਕ ਸਮਝ ਨਹੀ ਆਈ ਕਿ ਪਿਛਲੇ 30 35 ਸਾਲਾਂ ਵਿੱਚ ਇਸ ਧਰਤ ਨੇ ਕੋਈ ਅਰਜਨ ਐਵਾਰਡੀ ਫੁੱਟਬਾਲਰ ਕਿਓਂ ਪੈਦਾ ਨਹੀ ਕੀਤਾ।

ਇਲਾਕੇ ਵਲੋ ਇਸ ਨਰਸਰੀ ਨੂੰ ਹਰਿਆ ਭਰਿਆ ਰੱਖਣ ਵਿੱਚ ਕੋਈ ਕਸਰ ਬਾਕੀ ਨਹੀ ਛੱਡੀ ਜਾ ਰਹੀ। ਪਰ ਸਰਕਾਰ ਦੀਆਂ ਉਸਾਰੂ ਨੀਤੀਆਂ ਦੀ ਕਮੀ ਕਾਰਨ ਭਾਰਤੀ ਫੁੱਟਬਾਲ ਦਾ ਹਾਲ ਅਜੇ ਵੀ ਤਰਸਯੋਗ ਬਣਿਆ ਹੋਇਆ ਹੈ। ਵਿਦੇਸ਼ਾਂ ਵਾਂਗ ਭਾਰਤ ਵਿੱਚ ਵੀ ਫੁੱਟਬਾਲ ਦੀ ਕੋਚਿੰਗ ਦਾ ਪ੍ਰਬੰਧ ਨਰਸਰੀ ਪੱਧਰ ਤੋ ਕੀਤੇ ਜਾਣ ਦੀ ਲੋੜ ਹੈ। ਖੇਡਾਂ ਵਿੱਚੋ ਰਾਜਨੀਤੀ ਦਾ ਖਾਤਮਾ ਕਰਕੇ ਹੀ ਚੰਗੇ ਨਤੀਜਿਆਂ ਦੀ ਆਸ ਰੱਖੀ ਜਾ ਸਕਦੀ ਹੈ। ਮਾਹਿਲਪੁਰੀਆਂ ਵਲੋਂ ਫੁੱਟਬਾਲ ਜਗਤ ਲਈ ਸ਼ਾਨਦਾਰ ਉਪਰਾਲੇ ਜਾਰੀ ਹਨ ਪਰ ਕੌਮੀ ਪੱਧਰ ਤੇ ਖਿਡਾਰੀਆਂ ਦੀ ਸਾਂਭ ਸੰਭਾਲ ਕਰਨ ਲਈ ਬਹੁਤ ਕੁੱਝ ਕਰਨਾ ਬਾਕੀ ਹੈ।

# ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਅਕਾਦਮਿਕ ਤੇ ਸਭਿਆਚਾਰਕ ਪੱਖੋਂ ਬੁਲੰਦੀਆਂ ਵੱਲ

ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਜੋਕਿ ਅਮਰੀਕਾ ਦਾ ਪਹਿਲਾ ਪੰਜਾਬੀ ਚਾਰਟਰ ਸਕੂਲ ਕਰਕੇ ਜਾਣਿਆ ਜਾਂਦਾ ਹੈ ਨੇ ਆਪਣਾ ਦੂਜਾ ਪੰਜਾਬੀ ਸਾਲਾਨਾ ਸਮਾਰੋਹ ਮਈ 29, 2013 ਨੂੰ ਆਯੋਜਿਤ ਕੀਤਾ। ਸ਼ਬਦ ਗਾਇਨ, ਕਵਿਤਾ ਗਾਇਨ, ਨਾਟਕ, ਤੇ ਲੋਕ ਨਾਚ ਪੇਸ਼ ਕੀਤੇ ਗਏ । ਕਿੰਡਰਗਾਰਟਨ ਤੋਂ ਅੱਠਵੀ ਤਕ ਦੇ ਇਸ ਸਕੂਲ ਨੇ ਦੂਜੇ ਸਾਲ ਵਿੱਚ ਹੀ ਆਪਣੀ ਨਿਵੇਕਲੀ ਪਹਿਚਾਣ ਬਣਾ ਲਈ ਹੈ । ਕਵਿਤਾਵਾਂ ਪੰਜਾਬ ਦੀਆਂ ਰੁੱਤਾਂ, ਦੇਸੀ ਮਹੀਨਿਆਂ, ਬਹਾਰਾਂ, ਅਸਮਾਨੀ ਤਾਰਿਆਂ, ਬਸੰਤ ਦੇ ਜਸ਼ਨਾਂ ਬਾਰੇ ਸਨ । ਬੱਚਿਆਂ ਨੇ ਕਵਿਤਾਵਾਂ ਜ਼ੁਬਾਨੀ, ਲੈਮਈ ਲੈਹਜੇ ਤੇ ਸੁਰ ਵਿੱਚ ਸੁਣਾਈਆਂ ਤੇ ਸਰੋਤਿਆਂ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ । ਨਾਟਕ " ਕੀ ਖਾਈਏ ਕੀ ਨਾ ਖਾਈਏ" ਵਿੱਚ ਪੰਜਵੀਂ ਜਮਾਤ ਦੀ ਵਿਦਿਆਰਥਣ ਅਵਨੀਤ ਸਿੱਧੂ ਨੇ ਮਾਂ ਦੀ ਭੂਮਿਕਾ ਨਿਭਾਈ, ਸਰਜੋਤ ਸਿੰਘ ਤੇ ਸਿਮਰਨ ਡੌਡ ਨੇ ਬੱਚਿਆਂ ਦਾ ਰੋਲ ਨਿਭਾਇਆ । ਨਾਟਕ ਦਾ ਮਸਲਾ ਸੀ ਕਿ ਬਜ਼ਾਰੀ ਖਾਣੇ ਬੱਚਿਆਂ ਦੀ ਸਿਹਤ ਲਈ ਖ਼ਰਾਬ ਹੁੰਦੇ ਹਨ । ਫ਼ਲ ਤੇ ਘਰ ਤਿਆਰ ਕੀਤੇ ਖਾਣੇ ਸਿਹਤ ਲਈ ਚੰਗੇ ਹੁੰਦੇ ਹਨ । ਬੱਚਿਆਂ ਦਾ ਬੋਲਣ ਦਾ ਲਹਿਜਾ ਸੁਰਮਈ ਤੇ ਠੇਠ ਸੀ ।

ਨਾਟਕ "ਸਾਡਾ ਪਾਰਸ ਸਾਡਾ ਪਾਤਸ਼ਾਹ" ਮਹਾਰਾਜਾ ਰਣਜੀਤ ਸਿੰਘ ਦੇ ਆਪਣੀ ਪਰਜਾ ਪ੍ਰਤੀ ਅਥਾਹ ਪਿਆਰ ਨੂੰ ਦਰਸਾਉਂਦਾ ਹੈ । ਮਹਾਰਾਜੇ ਦੇ ਗੋਰੇ ਫੌਜੀ ਜਰਨੈਲਾਂ ਦੀ ਭੂਮਿਕਾ ਅੱਠਵੀਂ ਤੇ ਸੱਤਵੀ ਜਮਾਤ ਦੀਆਂ



ਵਿਦਿਆਰਥਣਾਂ ਟ੍ਰੈਜ਼ਯਰ ਅਸਵੈਡੋ ਤੇ ਲੈਜ਼ਲੀ ਅਸਵੈਡੋ ਨੇ ਨਿਭਾਈ । ਜਨਰਲ ਵੈਂਚਰਾ ਦਾ ਰੋਲ ਟ੍ਰੈਜ਼ਯਰ ਤੇ ਜਨਰਲ ਅਵਤਾਵਲੀ ਦਾ ਰੋਲ ਲੈਜ਼ਲੀ ਨੇ ਵਧੀਆ ਨਿਭਾਇਆ । ਜਨਰਲ ਹਰੀ ਸਿੰਘ ਨਲਵਾ ਦਾ ਰੋਲ ਛੇਵੀਂ ਜਮਾਤ ਦੇ ਵਿਦਿਆਰਥੀ ਕਰਨਵੀਰ ਸਿੰਘ ਨੇ ਕੀਤਾ । ਬੁੱਢੀ ਦੇ ਰੋਲ ਵਿੱਚ ਅਮਨਪ੍ਰੀਤ ਬਾਗੜੀ ਪ੍ਰੋਫ਼ੈਸ਼ਨਲ ਅਦਾਕਾਰਾਂ ਨੂੰ ਵੀ ਮਾਤ ਕਰ ਰਹੀ ਸੀ । ਮਹਾਰਾਜੇ ਦੀ ਭੂਮਿਕਾ ਵਿੱਚ ਰਹਨੂਰ ਬਹੁਤ ਪ੍ਰਭਾਵਸ਼ਾਲੀ ਰਿਹਾ । ਵੇਸ ਭੂਸ਼ਾ ਪਖੋਂ ਹਰਨੂਰ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਅਸਲੀ ਦਿੱਖ ਦਾ ਭਲੇਖਾ ਪਾਉਂਦਾ ਸੀ । ਜੈਜ਼ਮਿਨ, ਮਨਰਾਜ ਨੇ ਬੱਚਿਆਂ ਤੇ ਹੰਸਪ੍ਰੀਤ ਨੇ ਸਿਪਾਹੀ ਦਾ ਰੋਲ ਅਦਾ ਕੀਤਾ । ਕਾਵ -ਨਾਟਕ "ਫੁੱਲ ਦਾ ਸਨੇਹਾ" ਇੱਕ ਵਿਲੱਖਣ ਪੇਸ਼ਕਾਰੀ ਸੀ । ਗੁਰਨੂਰ ਨੇ ਭੌਰੇ ਦਾ ਰੋਲ, ਗਗਨ ਕੌਰ ਨੇ ਤਿਤਲੀ ਤੇ ਅਮਨੀਤ ਨੇ ਫੁੱਲ ਦਾ ਰੋਲ ਅਦਾ ਕੀਤਾ । ਨਾਟਕ ਦਾ ਸਨੇਹਾ ਸੀ ਕੀ ਈਰਖਾ ਵਿੱਚ ਕੋਈ ਜੰਗ ਨਹੀਂ ਕਰਨੀ ਚਾਹੀਦੀ । ਚੌਥੀ ਜਮਾਤ ਦੇ ਵਿਦਿਆਰਥੀਆਂ ਨੇ ਨਾਟਕ " ਪੰਜਾਬੀ ਢਾਬਾ' ਪੇਸ਼ ਕੀਤਾ । ਅੰਕਿਤ, ਸਰਤਾਜ, ਤੇ ਦਮਨਪ੍ਰੀਤ ਨੇ ਮੁੰਡਿਆਂ ਦਾ ਭੰਗੜਾ, ਅਤੇ ਅਰਪਨਪ੍ਰੀਤ ਤੇ ਸਿਮਰਨ ਨੇ ਕੁੜੀਆਂ ਦਾ ਭਗੜਾ ਪੇਸ਼ ਕੀਤਾ । ਤੀਜੀ ਜਮਾਤ ਦੇ ਅਮਨਦੀਪ, ਅਰਮਾਨ ਤੇ ਪਾਵਿਤ, ਚੌਥੀ ਜਮਾਤ ਦੀਆਂ ਵਿਦਿਆਰਥਣਾਂ ਅਮਨਪ੍ਰੀਤ, ਮਨਪ੍ਰੀਤ, ਰੁਮੀਤ ਪੰਜਵੀ ਜਮਾਤ ਦੀ ਜੈਸਮੀਨ, ਸਿਮਰਨ, ਹਰਵਿੰਦਰ, ਮਨਵੀਰ ਨੇ ਕਵਿਤਾ ਗਾਇਨ ਵਿੱਚ ਭਾਗ ਲਿਆ । ਇਸ ਤੋਂ ਪਹਿਲਾਂ ਕਿੰਡਰਗਾਰਟਨ ਤੋਂ ਦੂਜੀ ਜਮਾਤ ਦੇ ਬਚਿਆਂ ਨੇ ਪੰਜਾਬੀ ਵਿੱਚ ਕਵਿਤਾਵਾਂ ਸੁਣਾਈਆਂ । ਪ੍ਰੋਗਰਾਮ ਨੂੰ ਵੇਖਣ ਵਾਲਿਆਂ ਵਿੱਚ ਅਟਰਨੀ ਹਰਜੀਤ ਗਰੇਵਾਲ਼, ਕਮਿਉਨਟੀ ਲੀਡਰ ਡਾ: ਨਾਜਰ ਸਿੰਘ ਚੌਹਾਨ, ਇਕਬਾਲ ਬਡਬਾਲਜ਼, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਦਲਬੀਰ ਨਿੱਜਰ, ਕਹਾਣੀਕਾਰ ਰਠੇਸ਼ਵਰ ਸੂਰਾਪੂਰੀ ਤੇ ਬੱਚਿਆਂ ਦੇ ਮਾਪੇ ਸ਼ਾਮਲ ਸਨ । ਸਭ ਨੇ ਬੱਚਿਆਂ ਦੇ ਆਪਣੀ ਮਾਂ ਬੋਲੀ ਲਈ ਪਿਆਰ ਨੂੰ ਸਹਿਰਾਇਆ ਤੇ ਸ਼ੁਭ-ਕਾਮਨਾਵਾਂ ਦਿਤੀਆਂ ।

# ਕੀ ਸੇਧ ਦੇ ਰਿਹਾ ਹੈ ਨਾਟਕ 'ਕੋਰਟ ਮਾਰਸ਼ਲ' ਦਲਿਤ ਵਰਗ ਤੇ ਸਮਾਜ ਨੂੰ



- ਫਤਿਹਜੰਗ ਸਿੰਘ

ਨਾਟਕ 'ਕੋਰਟ ਮਾਰਸ਼ਲ' ਦੀ ਬਹੁਤ ਮਸ਼ਹੂਰੀ ਸੁਣੀ ਸੀ। ਪਿਛਲੇ ਦਿਨੀਂ ਟੈਗੋਰ ਥੀਏਟਰ ਵਿਚ ਇਸਦਾ 401ਵਾਂ ਮੰਚਨ ਵੇਖਣ ਦਾ ਮੌਕਾ ਮਿਲਿਆ। ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਕਿ ਇਸ ਨਾਟਕ ਦਾ ਲੱਗਭੱਗ ਹਰ ਦਿਨ ਮੰਚਨ ਹੋ ਰਿਹਾ ਹੈ ਤੇ ਇਸਨੇ ਲਗਾਤਾਰ ਹਰ ਰੋਜ਼ ਸ਼ੋਅ ਕਰਕੇ ਇਕ ਨਿਵੇਕਲਾ ਰਿਕਾਰਡ ਬਣਾਇਆ ਹੈ। ਸ਼ਾਇਦ ਹੀ ਕਿਸੇ ਨਾਟਕ ਦੇ ਇੰਨੇ ਮੰਚਨ ਹੋਏ ਹੋਣ। ਕੀ ਹੈ ਆਖਿਰ ਇਸ ਨਾਟਕ ਵਿਚ, ਇਹ ਵੇਖਣਉਪਰੰਤ ਪਤਾ ਲੱਗਿਆ।

ਨਾਟਕ ਵਿਚ ਸਮਾਜ ਦੀ ਉਚ-ਨੀਚ, ਜਾਤੀ ਵਿਤਕਰੇ ਦੀ ਕਹਾਣੀ ਇਸ ਤਰ੍ਹਾਂ ਦਿਖਾਈ ਗਈ ਹੈ। ਇਕ ਪਾਤਰ ਰਾਮਚੰਦਰ ਫੌਜ ਦਾ ਇਮਾਨਦਾਰ, ਮਿਹਨਤੀ, ਸੱਚਾ ਸੁੱਚਾ ਸਿਪਾਹੀ ਹੁੰਦਾ ਹੈ ਜੋ ਦਲਿਤ ਹੈ। ਤਕੜੇ ਜੁੱਸੇ ਦਾ ਦੌੜਾਕ ਹੈ ਜੋ ਫੌਜ ਲਈ ਕਈ ਡਰਾਮੇ ਜਿੱਤਦਾ ਹੈ ਤੇ ਉਸਦੀ ਬਹੁਤ ਉਪਰ ਤੱਕ ਪਹੁੰਚਣ ਦੀ ਸੰਭਾਵਨਾ ਹੈ। ਦੂਜੇ ਦੋ ਪਾਤਰ ਕੈਪਟਨ ਬੀ. ਡੀ. ਕਪੂਰ ਅਤੇ ਕੈਪਟਨ ਵਰਮਾ ਉਚ ਜਾਤੀ ਦੇ ਹੰਕਾਰੀ ਹੋਣ ਕਾਰਨ ਰਾਮਚੰਦਰ ਨਾਲ ਖਾਰ ਜਾਂਦੇ ਹਨ ਕਿ ਇਹ ਨੀਚੀ ਜਾਤ ਵਾਲੇ ਕਿਸੇ ਤਰ੍ਹਾਂ ਵੀ ਆਉਣ ਵਾਲੇ ਦੌੜ ਮੁਕਾਬਲਿਆਂ ਵਿਚ ਜਿੱਤਣਾ ਨਹੀਂ ਚਾਹੀਦਾ ਕਿਉਂਕਿ ਕੈਪਟਨ ਕਪੂਰ ਵੀ ਮੁਕਾਬਲੇ ਵਿਚ ਹੈ। ਦੋਵੇਂ ਸਾਜਿਸ਼ ਰਚ ਕੇ ਰਾਮਚੰਦਰ ਨੂੰ ਸੂਬੇਦਾਰ ਨਾਲ ਮਿਲ ਕੇ ਕੈਪਟਨ ਵਰਮਾ ਦਾ ਅਰਦਲੀ (ਨੌਕਰ) ਬਣਵਾ ਦਿੰਦੇ ਹਨ ਤਾਂ ਜੋ ਉਸਨੂੰ ਦੌੜ ਦੀ ਲਗਾਤਾਰ ਪ੍ਰੈਕਟਿਸ ਕਰਨ ਤੋਂ ਕਿਸੇ ਨਾ ਕਿਸੇ ਬਹਾਨੇ ਰੋਕਿਆ ਜਾਵੇ। ਇਸ ਦੌਰਾਨ ਉਸਨੂੰ ਬਿਨਾਂ ਕਾਰਨ ਆਨੇ ਬਹਾਨੇ ਉਸਦੀ ਜਾਤੀ ਦਾ ਨਾਂ ਲੈ ਕੇ ਚਿੜਾਇਆ ਝੰਬਿਆ ਜਾਂਦਾ ਹੈ ਤਾਂ ਜੋ ਉਹ ਮਾਨਸਿਕ ਤੌਰ ਤੇ ਵੀ ਪ੍ਰੇਸ਼ਾਨ ਤੇ ਦੱਬਿਆ ਹੋਇਆ ਰਹੇ। ਇੱਥੋਂ ਤੱਕ ਕਿ ਘਰ ਆਏ ਮਹਿਮਾਨਾਂ ਸਾਹਮਣੇ ਬੱਚੇ ਦੀ ਟੱਟੀ ਸਾਫ ਕਰਨ ਤੋਂ ਰਾਮਚੰਦਰ ਦੇ ਇਨਕਾਰ ਕਰਨ ਤੋਂ ਖਫ਼ਾ ਕੈਪਟਨ ਵਰਮਾ ਉਸਨੂੰ ਜਾਤੀ ਸੂਚਕ ਨਾਂ ਨਾਲ ਸੰਬੋਧਨ ਕਰਕੇ ਕਹਿੰਦਾ ਹੈ ਕਿ ਤੂੰ ਕਿਉਂ ਨਹੀਂ ਇਹ ਕੰਮ ਕਰ ਸਕਦਾ, ਤੇਰੇ ਪੁਰਖੇ ਤਾਂ ਸਦਾ ਤੋਂ ਸਾਡਾ ਗੰਦ ਹੂੰਝਣ ਦਾ ਕੰਮ ਕਰਦੇ ਰਹੇ ਹਨ? ਉਸ ਵੇਲੇ ਤਾਂ ਹੱਦ ਹੀ ਹੋ ਜਾਂਦੀ ਹੈ ਜਦੋਂ ਰਾਮਚੰਦਰ ਦੇ ਸਾਫ ਰੰਗ ਤੇ ਵੀ ਭਿਅੰਕਰ ਵਿਅੰਗ ਕਸਿਆ ਜਾਂਦਾ ਹੈ ਕਿ ਇਸਦੀ ਮਾਂ ਜ਼ਰੂਰ ਕਿਸੇ ਵਰਮੇ ਜਾਂ ਕਪੂਰ ਨਾ ਸੁੱਤੀ ਹੋਵੇਗੀ। ਇਸਤੋਂ ਇਲਾਵਾ ਵਰਮਾ ਤੇ ਕਪੂਰ ਉਸਨੂੰ ਆਮ ਡਿਊਟੀ ਸਮੇਂ ਮੋਟਰ ਸਾਈਕਲ ਤੇ ਆ ਕੇ ਜਾਤੀ ਦੇ ਨਾਂ ਨਾਲ ਛੇੜਦੇ ਹਨ। ਉਹ ਜ਼ਹਿਰ ਦਾ ਘੁੱਟ ਭਰਦਾ ਰਹਿੰਦਾ ਹੈ ਤੇ ਕਿਸੇ ਤਰ੍ਹਾਂ ਦੌੜ ਮੁਕਾਬਲਿਆਂ ਤੋਂ ਦੋ-ਤਿੰਨ ਦਿਨ ਪਹਿਲਾਂ ਆਪਣੀ ਡਿਊਟੀ ਬਦਲਵਾ ਕੇ ਖੂਬ ਪ੍ਰੈਕਟਿਸ ਕਰਕੇ ਦੌੜ ਜਿੱਤ ਲੈਂਦਾ ਹੈ ਤੇ ਕੈਪਟਨ ਕਪੂਰ ਦੂਜੇ ਨੰਬਰ ਤੇ ਆਉਂਦਾ ਹੈ।

ਫਿਰ ਇਕ ਦਿਨ ਰਾਮਚੰਦਰ ਗਾਰਡ ਦੀ ਡਿਊਟੀ ਦਿੰਦਿਆਂ ਜਦੋਂ ਕੈਪਟਨ ਵਰਮਾ ਤੇ ਕਪੂਰ ਨੂੰ ਆਉਂਦਿਆਂ ਦੇਖਦਾ ਹੈ ਤਾਂ ਉਸਦਾ ਖੂਨ ਖੌਲਣ ਲੱਗ ਪੈਂਦਾ ਹੈ ਤੇ ਉਹ ਗੋਲੀ ਮਾਰ ਕੇ ਕੈਪਟਨ ਵਰਮਾ ਨੂੰ ਥਾਂ ਤੇ ਹੀ ਮਾਰ ਦਿੰਦਾ ਹੈ ਤੇ ਕੈਪਟਨ ਕਪੂਰ ਨੂੰ ਸਖ਼ਤ ਜ਼ਖ਼ਮੀ ਕਰ ਦਿੰਦਾ ਹੈ। ਗੋਲੀ ਦੀ ਆਵਾਜ਼ ਸੁਣ ਕੇ ਨੇੜੇ ਹੀ ਸੈਰ ਕਰਦੇ ਇਕ ਸੂਬੇਦਾਰ ਅਤੇ ਹਵਲਦਾਰ ਤੁਰੰਤ ਰਾਮਚੰਦਰ ਨੂੰ ਕਾਬੂ ਕਰ ਲੈਂਦੇ ਹਨ। ਰਾਮਚੰਦਰ ਉਤੇ ਫੌਜੀ ਅਦਾਲਤ ਵਿਚ ਕਤਲ ਦਾ ਮੁਕੱਦਮਾ ਚਲਦਾ ਹੈ। ਸੂਬੇਦਾਰ ਦੀ ਮੌਕੇ ਤੇ ਗਵਾਹੀ ਅਤੇ ਰਾਮਚੰਦਰ ਵੱਲੋਂ ਖੁਦ ਗੁਨਾਹ ਕਬੂਲ ਕਰ ਲੈਣ ਕਰਕੇ ਸਰਕਾਰੀ ਵਕੀਲ ਅਦਾਲਤ ਤੋਂ ਰਾਮਚੰਦਰ ਨੂੰ ਫਾਂਸੀ ਦਿੱਤੇ ਜਾਣ ਦੀ ਮੰਗ ਕਰਦਾ ਹੈ। ਬਚਾਓ ਪੱਖ ਦੀ ਵਕੀਲ ਕੈਪਟਨ ਰਾਇ ਵੱਲੋਂ ਕਈ ਬਰੀਕੀਆਂ ਉਭਾਰਨ ਕਰਕੇ ਮੁਕੱਦਮਾ ਢਿੱਲਾ ਪੈ ਜਾਂਦਾ ਹੈ ਸਗੋਂ ਕੇਸ ਦੀ ਰੂਪ ਰੇਖਾ ਹੀ ਬਦਲ ਜਾਂਦੀ ਹੈ। ਕੈਪਟਨ ਰਾਇ ਦਲੀਲਾਂ ਨਾਲ ਵਰਮਾ ਅਤੇ ਕਪੂਰ ਦੀ ਘਟੀਆ ਅਤੇ ਗੰਦੀ ਜਾਤੀ ਮਾਨਸਿਕਤਾ ਉਤੋਂ ਪਰਦਾ ਲਾਹੁੰਦੀ ਹੈ, ਜਿਸਨੇ ਰਾਮਚੰਦਰ ਨੂੰ ਗੁਨਾਹ ਕਰਨ ਲਈ ਉਕਸਾਇਆ ਅਤੇ ਮਜ਼ਬੂਰ ਕੀਤਾ ਸੀ। ਕੈਪਟਨ ਕਪੂਰ ਆਪਣੀ ਸਚਾਈ ਸਾਹਮਣੇ ਆ ਜਾਣ ਕਾਰਨ ਬੁਖਲਾ ਜਾਂਦਾ ਹੈ ਤੇ ਉਸਦਾ ਅੰਦਰਲਾ ਜਾਤੀ ਹੰਕਾਰ ਸ਼ਰੇਆਮ ਭੜਕ ਪੈਂਦਾ ਹੈ। ਉਹ ਚੀਖ ਕੇ ਕਹਿੰਦਾ ਹੈ ਕਿ ਉਹ ਉੱਚੇ ਖਾਨਦਾਨ ਤੋਂ ਹੈ ਤੇ ਉਸਦੇ ਦਾਦੇ ਪੜਦਾਦੇ ਵੀ ਵੱਡੇ ਵੱਡੇ ਅਫਸਰ ਰਹੇ ਹਨ। ਰਾਮਚੰਦਰ ਵਰਗੇ ਭੁੱਖੇ-ਨੰਗੇ ਤੇ ਨੀਚ ਜਾਤੀ ਵਾਲਿਆਂ ਨੇ ਫੌਜ ਵਿਚ ਆ ਕੇ ਇਸਦੀ ਗਰਿਮਾ ਨੂੰ ਨੀਚੇ ਗਿਰਾਇਆ ਹੈ। ਜੇ ਇਹਨਾਂ ਦੀ ਅਸਲ ਜਾਤੀ ਚੂੜ੍ਹੇ-ਚਮਾਰ ਦਾ ਨਾਂ ਲੈ ਕੇ ਮੈਂ ਪੁਕਾਰ ਵੀ ਦਿੱਤਾ ਤਾਂ ਕੀ ਗਲਤ ਕਿਹਾ ਹੈ ਮੈਂ? ਗੁੱਸੇ ਵਿਚ ਹੀ ਉਹ ਕੈਪਟਨ ਰਾਇ ਵੱਲੋਂ ਉਸਦੇ ਜਾਤੀ ਹੰਕਾਰ ਨੂੰ ਲਲਕਾਰਨ ਕਰਕੇ, ਗਾਰਡ ਦੀ ਬੰਦੂਕ ਖੋਹ ਕੇ ਉਸਨੂੰ ਮਾਰਨ ਤੱਕ ਜਾਂਦਾ ਹੈ।

ਸਾਰੇ ਮੁਕੱਦਮੇ ਦੌਰਾਨ ਰਾਮਚੰਦਰ ਚੁੱਪ ਰਹਿੰਦਾ ਹੈ। ਬੱਸ ਇੰਨਾ ਹੀ ਕਹਿੰਦਾ ਹੈ ਕਿ ਉਸਨੇ ਕਤਲ ਕੀਤਾ ਹੈ ਜੋ ਮਰਜ਼ੀ ਸਜ਼ਾ ਦਿਓ। ਪਰ ਬਚਾਓ ਪੱਖ ਵਕੀਲ ਕੈਪਟਨ ਰਾਇ ਅਤੇ ਜਿਊਰੀ ਰਾਮਚੰਦਰ ਨੂੰ ਵਾਰ ਵਾਰ ਆਪਣੀ ਸਫਾਈ ਵਿਚ ਕੁਝ ਕਹਿਣ ਲਈ ਆਖਦੇ ਹਨ। ਕੈਪਟਨ ਰਾਇ ਉਸਨੂੰ ਆਖਦੀ ਹੈ ਕਿ ਤੂੰ ਡਰ ਨਾ ਤੇਰਾ ਨਾਂ ਤਾਂ ਰਾਮਚੰਦਰ ਹੈ ਤੇ ਤੂੰ ਅਸਲ ਰਾਮਚੰਦਰ ਬਣ ਕੇ ਵਿਖਾ ਤੇ ਨਿਡਰ ਹੋ ਕੇ ਕੁਝ ਤਾਂ ਬੋਲ। ਫਿਰ ਉਹ ਮਹਾਤਮਾ ਗਾਂਧੀ ਦਾ ਹਵਾਲਾ ਦੇ ਕੇ ਵੀ ਆਖਦੀ ਹੈ ਕਿ ਦੇਖੋ ਉਸਨੇ ਤੁਹਾਨੂੰ ਹਰੀਜਨ ਦਾ ਨਾਂ ਦੇ ਕੇ ਨਿਵਾਜਿਆ ਹੈ। ਸੰਵਿਧਾਨ ਨੇ ਵੀ ਤੁਹਾਨੂੰ ਕਿੰਨੇ ਹੱਕ ਦਿੱਤੇ ਹਨ। ਤੈਨੂੰ ਡਰਨਾ ਨਹੀਂ ਚਾਹੀਦਾ ਤੇ ਨਿਧੜਕ ਹੋ ਕੇ ਬੋਲਣਾ ਚਾਹੀਦਾ ਹੈ। ਪਰ ਰਾਮਚੰਦਰ ਦੇ ਚੁੱਪ ਰਹਿਣ ਤੇ ਆਖਿਰ ਉਹ ਕਹਿੰਦੀ ਹੈ ਕਿ ਨਹੀਂ ਤੁਹਾਡਾ ਕੁਝ ਨਹੀਂ ਬਣ ਸਕਦਾ, ਤੁਸੀਂ ਚੂੜ੍ਹੇ-ਚਮਾਰ ਹੀ ਰਹੋਗੇ।

ਬਹਿਸ ਤੋਂ ਬਾਅਦ ਜਿਊਰੀ ਦੇ ਇਕ ਜੱਜ ਵੱਲੋਂ ਫਾਂਸੀ ਤੇ ਦੂਜੇ ਵੱਲੋਂ ਉਮਰ ਕੈਦ ਦਾ ਸੁਝਾਅ ਦਿੱਤਾ ਜਾਂਦਾ ਹੈ ਪਰ ਮੁੱਖ ਜੱਜ ਕਰਨਲ ਸੂਰਤ ਸਿੰਘ ਸਾਰੇ ਹਾਲਾਤ ਦੇਖ ਕੇ ਦੁਬਿਧਾ ਵਿਚ ਹੈ ਅਤੇ ਨਿਰਣਾ ਅਗਲੇ ਦਿਨ ਤੱਕ ਮੁਲਤਵੀ ਕਰ ਦਿੰਦਾ ਹੈ। ਉਹ ਮੰਨਦਾ ਹੈ ਕਿ ਉਸਨੇ ਅਤੇ ਉਸਦੇ ਦਾਦੇ ਪੜਦਾਦਿਆਂ ਨੇ ਵੱਡੀਆਂ ਵੱਡੀਆਂ ਲੜਾਈਆਂ ਲੜੀਆਂ ਹਨ ਪਰ ਉਹ ਕਦੇ ਨਹੀਂ ਘਬਰਾਏ ਪਰ ਅੱਜ ਜਦੋਂ ਸਾਹਮਣੇ ਕੋਈ ਜੰਗ ਵੀ ਨਹੀਂ ਹੈ ਤਾਂ ਉਹ ਆਪਣੇ ਆਪ ਨੂੰ ਸਿਥਲ ਤੇ ਕਮਜ਼ੋਰ ਮਹਿਸੂਸ ਕਰ ਰਿਹਾ ਹੈ। ਉਹ ਸਰੋਤਿਆਂ ਵੱਲ ਤੇ ਫਿਰ ਉਪਰ ਅਸਮਾਨ ਵੱਲ ਬਾਹਾਂ ਫੈਲਾ ਕੇ ਆਖਦਾ ਹੈ ਕਿ ਇਸ ਕੇਸ ਦਾ ਫੈਸਲਾ ਮੈਂ ਤੁਹਾਡੇ ਤੇ ਛੱਡਦਾ ਹਾਂ, ਜੋ ਕਿ ਵੱਡੀ ਅਦਾਲਤ ਹੈ।

ਕਰਨਲ ਸੂਰਤ ਸਿੰਘ ਦੀ ਬ੍ਰਿਗੇਡੀਅਰ ਦੇ ਤੌਰ 'ਤੇ ਤਰੱਕੀ ਹੋ ਜਾਣ ਕਰਕੇ ਸ਼ਾਮ ਨੂੰ ਉਸ ਵੱਲੋਂ ਸਾਰੇ ਅਫਸਰਾਂ ਨੂੰ ਪਾਰਟੀ 'ਤੇ ਸੱਦਿਆ ਜਾਂਦਾ ਹੈ। ਪਾਰਟੀ 'ਤੇ ਆਉਣ ਲਈ ਉਹ ਰਾਮਚੰਦਰ ਨੂੰ ਵੀ ਮਨਾ ਲੈਂਦਾ ਹੈ ਤੇ ਉਸ ਨਾਲ ਜਾਮ ਟਕਰਾ ਕੇ ਉਸਦੀ ਪੂਰੀ ਇੱਜ਼ਤ ਕਰਦਾ ਹੈ, ਜੋ ਕਿ ਰਾਮਚੰਦਰ ਦੇ ਬੇਕਸੂਰ ਹੋਣ ਦਾ ਪ੍ਰਤੀਕ ਜਾਪਦਾ ਹੈ। ਕੈਪਟਨ ਕਪੂਰ ਵੀ ਪਾਰਟੀ ਵਿਚ ਆਉਂਦਾ ਹੈ ਤੇ ਕਰਨਲ ਤੋਂ ਹੁਣ ਬ੍ਰਿਗੇਡੀਅਰ ਬਣੇ ਸੂਰਤ ਸਿੰਘ ਨੂੰ ਵਧਾਈ ਦੇ ਕੇ ਹੱਥ ਮਿਲਾਉਣ ਲਈ ਹੱਥ ਅਗਾਂਹ ਕਰਦਾ ਹੈ। ਪਰ ਬ੍ਰਿਗੇਡੀਅਰ ਹੱਥ ਨਹੀਂ ਮਿਲਾਉਂਦਾ ਤੇ ਉਸਨੂੰ ਗੁੱਸੇ ਵਿਚ ਆਖਦਾ ਹੈ ਕਿ ਮੇਰੇ ਨਾਲ ਹੱਥ ਮਿਲਾਉਣ ਬਾਰੇ ਸੋਚਣ ਦੀ ਤੇਰੀ ਜੁਰਅਤ ਵੀ ਕਿਵੇਂ ਹੋਈ? ਕੈਪਟਨ ਕਪੂਰ ਬਹੁਤ ਬੇਇਜ਼ਤੀ ਮਹਿਸੂਸ ਕਰਦਾ ਹੈ। ਸਿੱਧਾ ਸ਼ਰਾਬ ਦੇ ਕਾਊਂਟਰ ਤੇ ਜਾ ਕੇ ਕਾਹਲੀ ਕਾਹਲੀ ਕਈ ਪੈਗ ਪੀ ਕੇ ਝੱਟ ਬਾਹਰ ਚਲਾ ਜਾਂਦਾ ਹੈ ਤੇ ਆਪਣੇ ਆਪ ਨੂੰ ਗੋਲੀ ਮਾਰ ਲੈਂਦਾ ਹੈ, ਜਿਸਨੂੰ ਬ੍ਰਿਗੇਡੀਅਰ ਸੂਰਤ ਸਿੰਘ ਰੱਬ ਦਾ ਇਨਸਾਫ ਗਰਦਾਨਦਾ ਹੈ?

ਜਿੱਥੋਂ ਤੱਕ ਅਦਾਕਾਰੀ ਦਾ ਸਬੰਧ ਹੈ ਸਾਰੇ ਹੀ ਕਲਾਕਾਰਾਂ ਦੀ ਅਦਾਕਾਰੀ ਉੱਚ ਪਾਏ ਦੀ ਹੈ, ਖਾਸ ਕਰਕੇ ਕਰਨਲ ਸੂਰਤ ਸਿੰਘ ਅਤੇ ਕੈਪਟਨ ਰਾਇ ਦੀ ਅਦਾਕਾਰੀ ਖਾਸ ਤੌਰ ਤੇ ਸਲਾਹੁਣਯੋਗ ਹੈ। ਫੌਜੀ ਵਰਦੀਆਂ ਵਿਚ ਸਾਰੇ ਕਲਾਕਾਰ ਅਸਲ ਕਿਰਦਾਰ ਹੀ ਜਾਪ ਰਹੇ ਸਨ। ਡੇਢ ਘੰਟੇ ਤੱਕ ਹਾਲ ਵਿਚ ਸੰਨਾਟਾ ਛਾਇਆ ਰਿਹਾ। ਜਾਪਦਾ ਸੀ ਸੱਚੀਂ-ਮੁੱਚੀਂ ਦੀ ਫੌਜੀ ਅਦਾਲਤ ਵੇਖ ਰਹੇ ਹੋਈਏ। ਉਸ ਦਿਨ ਮੁੱਖ ਮਹਿਮਾਨ ਵੀ ਇਕ ਲੈਫਟੀਨੈਂਟ ਜਨਰਲ ਹੀ ਸੀ। ਨਾਟਕ ਦੇ ਲੇਖਕ ਸ਼ਰਮਾ ਜੀ ਵੱਲੋਂ ਪੂਰੇ ਫੌਜੀ ਡਸਿਪਲਿਨ ਨੂੰ ਧਿਆਨ ਵਿਚ ਰੱਖਦਿਆਂ ਬੜੇ ਢੁਕਵੇਂ ਤੇ ਚੁਸਤ ਡਾਇਲਾਗ ਲਿਖੇ ਗਏ ਸਨ। ਜਿਹਨਾਂ ਨਾਲ ਮੌਕੇ ਮੌਕੇ ਤੇ ਹਾਸਾ ਵੀ ਉਪਜਦਾ ਸੀ ਤੇ ਵਿਅੰਗ ਵੀ ਕਸਿਆ ਜਾਂਦਾ ਸੀ। ਪਰ ਸਾਰਾ ਨਾਟਕ ਵੇਖਣ ਉਪਰੰਤ ਕੁਝ ਗੱਲਾਂ ਦਿਮਾਗ ਵਿਚ ਅਣਸੁਲਝੀਆਂ ਰਹਿ ਕੇ ਸਵਾਲ ਬਣ ਕੇ ਲਟਕਦੀਆਂ ਰਹਿ ਗਈਆਂ। ਨਾਟਕ ਦਾ ਅੰਤ ਵੀ ਢੁਕਵਾਂ, ਪ੍ਰਭਾਵਸ਼ਾਲੀ ਤੇ ਇਨਸਾਫ ਵਾਲਾ ਨਹੀਂ ਸੀ। ਜੇ ਕੇਸ ਅਦਾਲਤ ਵਿਚ ਲੜਿਆ ਜਾ ਰਿਹਾ ਸੀ ਤਾਂ ਅਦਾਲਤ ਵਿਚ ਹੀ ਕਾਨੂੰਨ ਅਨੁਸਾਰ ਫੈਸਲਾ ਹੋਣਾ ਚਾਹੀਦਾ ਸੀ।

ਫੈਸਲਾ ਲੋਕਾਂ 'ਤੇ ਜਾਂ ਰੱਬ 'ਤੇ ਛੱਡਣਾ ਸਹੀ ਨਹੀਂ ਸੀ ਕਿਉਂਕਿ ਸਦੀਆਂ ਤੋਂ ਰੱਬ ਦੀ ਮਰਜ਼ੀ ਆਖ ਕੇ ਤੇ ਧਰਮ ਦਾ ਝੂਠਾ ਪਾਖੰਡ ਦਾ ਬੁਰਕਾ ਪਹਿਨ ਕੇ ਤਾਂ ਇਹ ਜਾਤਾਂ ਤੇ ਉੱਚ-ਨੀਚ ਦੇ ਟੋਏ ਟਿੱਬੇ ਪੈਦਾ ਕੀਤੇ ਗਏ ਸਨ। ਜੇ ਰੱਬ ਨੇ ਹੀ ਸਭ ਕੁਝ ਕਰਨਾ ਹੁੰਦਾ ਤਾਂ ਫਿਰ ਤਾਂ ਇਹ ਟੋਏ-ਟਿੱਬੇ ਪੈਣੇ ਹੀ ਨਹੀਂ ਸਨ। ਇਹ ਜਾਤਾਂ ਪਾਤਾਂ ਇਨਸਾਨ ਨੇ ਆਪਣੇ ਮਤਲਬ ਲਈ ਬਣਾਈਆਂ ਤੇ ਸਦੀਆਂ ਤੋਂ ਰੱਬ ਅਤੇ ਧਰਮ ਦੇ ਨਾਂ ਤੇ ਇਹ ਲੁੱਟ-ਖਸੁੱਟ ਚੱਲ ਰਹੀ ਹੈ ਅਤੇ ਸਮਾਜ ਦੀ ਵੰਡ ਦਰ ਵੰਡ ਕਰਕੇ ਇਸਨੂੰ ਲੀਰੋ ਲੀਰ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਦੇ ਨਾਟਕ ਵੀ ਰਾਮਚੰਦਰ ਵਰਗੇ 'ਗੁਨਾਹਗਾਰ' ਪੈਦਾ ਕਰਨ ਵਿਚ ਸਹਾਈ ਹੋਣਗੇ ਜੋ ਆਪਣੀ ਸਮੱਸਿਆ ਦਾ ਹੱਲ ਬੰਦੂਕ ਰਾਹੀਂ ਲੱਭਣਗੇ। ਸਾਰਾ ਕੇਸ ਦੇਸ਼ ਦੇ ਕਾਨੂੰਨ ਅਨੁਸਾਰ ਲੜਿਆ ਗਿਆ ਪਰ ਜਦੋਂ ਪਾਸਾ ਪਲਟਦਾ ਨਜ਼ਰ ਆਇਆ ਤੇ ਅਸਲ ਗੁਨਾਹਗਾਰ ਦੀ ਭਰੀ ਅਦਾਲਤ ਵਿਚ ਨਿਸ਼ਾਨਦੇਹੀ ਹੋਗਈ ਤਾਂ ਫੈਸਲਾ ਰੱਬ ਦੀ ਅਦਾਲਤ 'ਤੇ ਛੱਡ ਦਿੱਤਾ। ਕਿਉਂ? ਕੀ ਸਾਡਾ ਕਾਨੂੰਨ ਇੰਨਾ ਲੰਗੜਾ, ਅਪੰਗ ਅਤੇ ਅਧੂਰਾ ਹੈ ਕਿ ਸਾਰਾ ਕੁਝ ਸਪਸ਼ਟ ਰੂਪ ਵਿਚ ਸਾਹਮਣੇ ਆ ਜਾਣ ਤੇ ਵੀ ਇਹ ਸਜ਼ਾ ਦੇਣ ਦੇ ਸਮਰੱਥ ਨਹੀਂ ਹੈ? ਜਾਂ ਇਹ ਦਿਖਾਇਆ ਹੈ ਕਿ ਕਾਨੂੰਨ ਹਾਲੇ ਵੀ ਉਚ ਜਾਤੀ ਵਾਲਿਆਂ ਦਾ ਕੁਝ ਨਹੀਂ ਵਿਗਾੜ ਸਕਦਾ, ਭਾਵੇਂ ਉਹ ਭਰੀ ਅਦਾਲਤ ਵਿਚ ਕੋਈ ਗੈਰ ਕਾਨੂੰਨੀ ਗਾਲ੍ਹ ਕੱਢੇ ਜਾਂ ਕਿਸੇ 'ਤੇ ਜਾਨ ਲੇਵਾ ਹਮਲਾ ਕਰ ਦੇਵੇ? ਜੇ ਇੰਝ ਹੋਇਆ ਤਾਂ ਹੁੰਦਾ ਰਹਿੰਦਾ ਹੈ ਤਾਂ ਇਸਦਾ ਹੱਲ ਇਹ ਤਾਂ ਨਹੀਂ ਕਿ ਆਪ ਹੀ ਬੰਦੂਕ ਫੜ ਕੇ ਫੈਸਲਾ ਕਰ ਦੇਵੋ ਤੇ ਕਾਨੂੰਨ ਜਾਵੇ ਢੱਠੇ ਖੂਹ ਵਿਚ।

ਇਨਸਾਫ ਦਾ ਤਕਾਜ਼ਾ ਇਹ ਸੀ ਕਿ ਕਿਉਂਕਿ ਰਾਮਚੰਦਰ ਦੇ ਸਵੈਮਾਨ ਨੂੰ ਸੱਟ ਮਾਰੀ ਗਈ ਤੇ ਉਸਨੂੰ ਜ਼ਲੀਲ ਕੀਤਾ ਗਿਆ ਅਤੇ ਅਪਰਾਧ ਕਰਨ ਲਈ ਉਕਸਾਇਆ ਗਿਆ ਸੀ, ਇਸ ਲਈ ਉਸਨੂੰ ਫਾਂਸੀ ਤੋਂ ਘਟਾ ਕੇ ਥੋੜ੍ਹੀ ਸਜ਼ਾ ਦੇ ਦਿੱਤੀ ਜਾਂਦੀ ਤੇ ਕੈਪਟਨ ਕਪੂਰ ਨੂੰ ਕੋਰਟ ਮਾਰਸ਼ਲਕੀਤਾ ਜਾਂਦਾ ਕਿਉਂਕਿ ਅਸਲੀ ਗੁਨਾਹਗਾਰ ਤਾਂ ਉਹ ਸੀ।

ਦੂਜੀ ਗੱਲ, ਹਰੀਜਨ ਸ਼ਬਦ ਜੋ ਦਲਿਤਾਂ ਨੂੰ ਮਹਾਤਮਾ ਗਾਂਧੀ ਵੱਲੋਂ ਪ੍ਰਦਾਨ ਕੀਤਾ ਦੱਸਿਆ ਗਿਆ ਹੈ, ਇਸ ਤੇ ਹੁਣ ਪਾਬੰਦੀ ਲੱਗ ਚੁੱਕੀ ਹੈ ਕਿਉਂਕਿ ਇਸਦਾ ਪਿਛੋਕੜ ਦੇਵਦਾਸੀਆਂ ਦੀ ਨਜਾਇਜ਼ ਔਲਾਦ ਨਾਲ ਜੁੜਦਾ ਸੀ। ਪਰ ਨਾਟਕ ਵਿਚ ਇਸ ਸ਼ਬਦ ਨੂੰ ਬੜੇ ਧੜੱਲੇ ਨਾਲ ਵਰਤਿਆ ਗਿਆ ਜੋ ਇਤਰਾਜ਼ਯੋਗ ਹੈ।

ਤੀਜੀ ਗੱਲ, ਸਿਪਾਹੀ ਰਾਮਚੰਦਰ ਨੂੰ ਬਚਾਅ ਪੱਖ ਦੇ ਵਕੀਲ ਵੱਲੋਂ ਸ੍ਰੀ ਰਾਮਚੰਦਰ ਵਰਗਾ ਬਣਨ ਲਈ ਪ੍ਰੇਰਿਆ ਗਿਆ ਹੈ। ਸ੍ਰੀ ਰਾਮਚੰਦਰ ਨੇ ਤਾਂ ਸ਼ੰਭੂਕ ਰਿਸ਼ੀ ਦਾ ਕਤਲ ਇਸ ਲਈ ਕਰ ਦਿੱਤਾ ਸੀ ਕਿ ਸ਼ੰਭੂਕ ਆਪਣਾ ਨੀਚੀ ਜਾਤੀ ਵਾਲਾ ਕੰਮ (ਸਾਫ ਸਫਾਈ ਤੇ ਸੇਵਾ) ਛੱਡ ਕੇ ਉਚ ਜਾਤੀ ਵਾਲਾ ਕੰਮ (ਵਿੱਦਿਆ ਦੇਣੀ ਤੇ ਹਥਿਆਰ ਸਿਖਾਉਣੇ) ਕਰਨ ਲੱਗ ਪਿਆ ਸੀ। ਕੀ ਨਾਟਕ ਰਾਹੀਂ ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਦਲਿਤਾਂ ਨੂੰ ਸ੍ਰੀ ਰਾਮ ਚੰਦਰ ਨੂੰ ਆਪਣਾ ਆਦਰਸ਼ ਮੰਨ ਕੇ ਆਪਣੇ ਜੱਦੀ ਕੰਮ ਹੀ ਕਰਨੇ ਚਾਹੀਦੇ ਹਨ, ਜਿਹਨਾਂ ਦੀ ਵਕਾਲਤ ਗਾਂਧੀ ਜੀ ਵੀ ਕਰਦੇ ਰਹੇ ਹਨ। ਫਿਰ ਸੰਵਿਧਾਨ ਕਿੱਥੇ ਗਿਆ ਜੋ ਹਰ ਕਿਸੇ ਨੂੰ ਆਪਣੀ ਮਰਜ਼ੀ ਅਨੁਸਾਰ ਕੋਈ ਵੀ ਕਿੱਤਾ ਅਖਤਿਆਰ ਕਰਨ ਦਾ ਅਧਿਕਾਰ ਦਿੰਦਾ ਹੈ?

ਚੌਥੀ ਗੱਲ, ਜਾਤੀ ਸੂਚਕ ਲਫ਼ਜ਼ 'ਚੂੜ੍ਹੇ-ਚਮਾਰ' ਸਿਪਾਹੀ ਰਾਮਚੰਦਰ ਲਈ ਆਮ ਵਰਤੇ ਗਏ। ਇਸ ਤਰੀਕੇ ਨਾਲ ਇਹ ਸ਼ਬਦ ਵਰਤਣ 'ਤੇ ਕਾਨੂੰਨੀ ਉਲੰਘਣਾ ਹੁੰਦੀ ਹੈ ਅਤੇ ਇਹ ਅਪਰਾਧ ਸਜ਼ਾਯੋਗ ਬਣਦਾ ਹੈ। ਭਰੀ ਅਦਾਲਤ ਵਿਚ ਇਹ ਲਫ਼ਜ਼ ਵਰਤੇ ਗਏ ਪਰ ਅਪਰਾਧੀ 'ਤੇ ਵੱਖਰਾ ਕੇਸ ਤਾਂ ਕੀ ਕਰਨਾ ਸੀ ਉਸਨੂੰ ਟੋਕਿਆ ਤੱਕ ਨਹੀਂ ਗਿਆ।

ਨਾਟਕ ਤੋਂ ਸਮੁੱਚੇ ਤੌਰ ਤੇ ਇਹ ਸੁਨੇਹਾ ਮਿਲਦਾ ਹੈ ਕਿ ਸਮਾਜ ਵਿਚ ਜੇ ਰਾਮਚੰਦਰ ਵਰਗਿਆਂ ਹੋਰਾਂ ਨਾਲ ਵੀ ਇਸ ਤਰ੍ਹਾਂ ਦਾ ਵਰਤਾਓ ਹੁੰਦਾ ਹੈ ਤਾਂ ਉਹਨਾਂ ਨੂੰ ਵੀ ਸਿੱਧੇ ਹੀ ਬੰਦੂਕ ਉਠਾ ਲੈਣੀ ਚਾਹੀਦੀ ਹੈ ਤੇ ਗੁਨਾਹਗਾਰ ਨੂੰ ਮਾਰ ਮੁਕਾਉਣਾ ਚਾਹੀਦਾ ਹੈ। ਅਦਾਲਤਾਂ, ਇਨਸਾਫ ਤੇ ਕਾਨੂੰਨ ਸਭ ਅਪੰਗ ਹਨ। ਇਹ ਸੁਨੇਹਾ ਹਿੰਸਾ ਸਿਖਾਉਂਦਾ ਹੈ, ਇਸਦਾ ਅੰਤ ਤਬਾਹੀ ਹੀ ਤਬਾਹੀ ਹੈ। ਕੀ ਇਹ ਦਲਿਤਾਂ ਲਈ ਜਾਂ ਦੇਸ਼ ਲਈ ਸਹੀ ਹੋਵੇਗਾ? ਡਾ. ਅੰਬੇਡਕਰ ਨੇ ਤਾਂ ਦਲਿਤ ਸਮਾਜ ਨੂੰ ਸੰਘਰਸ਼ ਕਰਕੇ ਵੋਟ ਦਾ ਅਧਿਕਾਰ ਲੈ ਕੇ ਦਿੱਤਾ ਹੈ ਤੇ ਲੋਕਰਾਜੀ ਢੰਗ ਨਾਲ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਕਿਹਾ। ਉਹਨਾਂ ਨੇ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ ਦਾ ਨਾਅਰਾ ਦਿੱਤਾ। ਗੁਰੂ ਗੋਬਿੰਦ ਸਿੰਘ ਨੇ ਵੀ ਤਲਵਾਰ ਉਦੋਂ ਉਠਾਉਣੀ ਜਾਇਜ਼ ਦੱਸੀ ਜਦੋਂ ਸ਼ਾਂਤੀ ਦੇ ਸਾਰੇ ਸਾਧਨ ਅਸਫਲ ਹੋ ਜਾਣ। ਨਾਟਕ ਵਿਚ ਕੀ ਦਿਸ਼ਾ ਦਿੱਤੀ ਜਾ ਰਹੀ ਹੈ, ਸੋਚਣ ਵਾਲੀ ਗੱਲ ਹੈ। ਨਾਟਕ ਵਿਚ ਸਮੱਸਿਆ ਭਾਵੇਂ ਸਹੀ ਲਈ ਗਈ ਸੀ ਪਰ ਉਸਦਾ ਨਿਭਾਅ ਤੇ ਹੱਲ ਬਿਲਕੁਲ ਗਲਤ ਹੈ। ਇਹ ਠੀਕ ਹੈ ਕਿ ਨਾਟਕ ਵਿਚਲੀ ਘਟਨਾ ਅਸਲ ਵਿਚ ਕਿਤੇ ਵੀ ਵਾਪਰ ਤਾਂ ਸਕਦੀ ਹੈ ਪਰ ਜਦੋਂ ਉਸ ਤੋਂ ਸਮਾਜ ਨੂੰ ਕਿਸੇ ਸਾਹਿਤਕ ਵੰਨਗੀ, ਕਵਿਤਾ, ਕਹਾਣੀ, ਨਾਟਕ ਰਾਹੀਂ ਕੋਈ ਸੇਧ ਦੇਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਹੋਰ ਬੜਾ ਕੁਝ ਵੇਖਣਾ ਚਾਹੀਦਾ ਹੈ ਜੋ ਇਸ ਨਾਟਕ ਵਿਚ ਨਹੀਂ ਵੇਖਿਆ ਗਿਆ। ਉਪਰੋਂ ਵੇਖਿਆਂ ਇਹ ਦਲਿਤ ਪੱਖੀ ਜਾਪਦਾ ਹੈ ਜੋ ਇਸ ਨਾਟਕ ਵਿਚ ਨਹੀਂ ਵੇਖਿਆ ਗਿਆ। ਉਪਰੋਂ ਵੇਖਿਆਂ ਇਹ ਦਲਿਤ ਪੱਖੀ ਜਾਪਦਾ ਹੈ ਤੇ ਲੱਗਦਾ ਹੈ ਕਿ ਇਹ ਦਲਿਤਾਂ ਨੂੰ ਜਾਗਰਿਤ ਕਰਨ ਲਈ ਹੈ। ਪਰ ਅਜਿਹਾ ਨਹੀਂ ਹੈ। ਨਾਟਕ ਜਾਤਪਾਤੀ ਸਮੱਸਿਆ ਨੂੰ ਹੱਲ ਕਰਨ ਵੱਲ ਨਹੀਂ ਸਗੋਂ ਹੋਰ ਗੁੰਝਲਦਾਰ ਤੇ ਪੀਡੀ ਕਰਨ ਵੱਲ ਸੇਧਿਤ ਹੈ। ਚੰਗਾ ਹੈ ਜੇ ਇਸ ਵਿਚ ਲੋੜੀਂਦੀਆਂ ਸੋਧਾਂ ਕਰ ਲਈਆਂ ਜਾਣ।

# ਅਮਰੀਕਨ ਕਾਂਗਰਸ ਵਿੱਚ ਖਾਲਿਸਤਾਨ ਦੀਆਂ ਗੂੰਜਾਂ ਪੁਸਤਕ ਰਿਲੀਜ਼



ਹਿੰਦੋਸਤਾਨ ਦੀ ਸਰਕਾਰ ਜੂਨ 1984 ਚ ਸਿੱਖ ਕੌਮ ਤੇ ਹਮਲਾਵਰ ਬਣ ਕੇ ਆਈ ਜਿਸ ਨਾਲ ਹਿੰਦੋਸਤਾਨ ਤੇ ਖਾਲਸਤਾਨ ਦੀ ਪਹਿਲੀ ਜੰਗ ਦਾ ਮੁੱਢ ਬੱਝਾ। ਦਮਦਮੀ ਟਕਸਾਲ ਦੇ ਚੌਦਵੇਂ ਜਥੇਦਾਰ ਸੰਤ ਬਾਬਾ ਜਰਨੈਲ ਸਿੰਘ ਜੀ ਨੇ ਪੁਰਾਤਨ ਗੁਰਸਿੱਖ ਇਤਿਹਾਸ ਨੂੰ ਦੁਹਰਾਉਂਦਿਆਂ ਹਿੰਦੋਸਤਾਨੀ ਫੌਜਾਂ ਨੂੰ ਲੋਹੇ ਦੇ ਚਣੇ ਚਬਾਉਂਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀਤਾ ਪਰ ਸ਼ਹੀਦੀ ਜਾਮ ਪੀਣ ਤੋਂ ਪਹਿਲਾਂ ਇਹ ਐਲਾਨ ਕਰ ਗਏ 'ਕਿ ਜਿਸ ਦਿਨ ਦਰਬਾਰ ਸਾਹਿਬ ਤੇ ਹਮਲਾ ਹੋਇਆ ਤਾਂ ਖਾਲਸਤਾਨ ਦੀ ਨੀਂਹ ਰੱਖੀ ਜਾਵੇਗੀ।

ਸੰਤ ਬਾਬਾ ਜਰਨੈਲ ਸਿੰਘ ਜੀ ਦੇ ਬਚਨਾਂ ਤੇ ਪੰਥਕ ਕਮੇਟੀ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੇ ਸਿੱਖ ਕੌਮ ਦੇ ਸਹਿਯੋਗ ਨਾਲ ਪੂਰਾ ਪਹਿਰਾ ਦਿੱਤਾ ਅਤੇ ਇੰਟਰਨੈਸ਼ਨਲ ਪੱਧਰ ਤੇ ਖਾਲਸਤਾਨੀ ਸੰਘਰਸ਼ ਨੂੰ ਲਿਜਾਣ ਲਈ 7 ਅਕਤੂਬਰ 1987 ਨੂੰ ਕੌਂਸਲ ਆਫ ਖਾਲਸਤਾਨ ਨੂੰ ਹੋਂਦ ਚ ਲਿਆ ਕੇ ਡਾ ਗੁਰਮੀਤ ਸਿੰਘ ਔਲਖ ਨੂੰ ਪ੍ਰਧਾਨ ਥਾਪ ਕੇ ਪ੍ਰਦੇਸਾਂ ਵਿੱਚ ਖਾਲਸਤਾਨੀ ਸੰਘਰਸ਼ ਦੀ ਵਾਗਡੋਰ ਡਾ ਗੁਰਮੀਤ ਸਿੰਘ ਔਲਖ ਨੂੰ ਸੌਂਪੀ। ਡਾ ਔਲਖ ਖਾਲਸਤਾਨੀ ਸੋਚ ਦੀ ਪਹਿਰੇਦਾਰੀ ਤੇ ਖਰੇ ਉਤਰੇ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਖਾਲਸਤਾਨ ਦੀ ਪ੍ਰਾਪਤੀ ਲਈ ਆਪਣੇ ਅਡਵਾਇਜ਼ਰੀ ਕਾਫਲੇ ਅਤੇ ਪੰਥਕ ਦਰਦੀਆਂ ਦੇ ਸਹਿਯੋਗ ਨਾਲ ਸੰਘਰਸ਼ ਕਰਦੇ ਆ ਰਹੇ ਹਨ। ਇਸ ਇਤਿਹਾਸਕ ਦਸਤਾਵੇਜ ਦੇ ਦੋ ਵੌਲੀਅਮ ਦੇ ਸਿਟ ਨੂੰ ਦਮਦਮੀ ਟਕਸਾਲ ਦੇ ਪੰਦਰਵੇਂ ਜਥੇਦਾਰ ਸੰਤ ਬਾਬਾ ਰਾਮ ਸਿੰਘ ਜੀ ਨੇ ਦਲ ਖਾਲਸਾ ਅਲਾਇੰਸ ਦੇ ਪ੍ਰਧਾਨ ਕੌਂਸਲ ਆਫ ਖਾਲਸਤਾਨ ਦੇ ਅਡਵਾਇਜ਼ਰ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਫਾਉਂਡਰ ਭਾਈ ਪਰਮਜੀਤ ਸਿੰਘ ਸੇਖੋਂ ਦਾਖਾ ਦੇ ਗ੍ਰਹਿ ਵਿਖੇ ਦਾ ਸਿੱਖ ਐਜੂਕੇਸ਼ਨਲ ਟਰਸਟ ਕੌਂਸਲ ਆਫ ਖਾਲਸਤਾਨ ਦਲ ਖਾਲਸਾ ਅਲਾਇੰਸ ਬੇ ਏਰੀਆ ਸਿੱਖ ਅਲਾਇੰਸ ਇੰਟਰਨੈਸ਼ਨਲ ਗਦਰ ਮੈਮੋਰੀਅਲ ਟਰੱਸਟ ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਬਾਲ ਸਾਹਿਤ ਕਲਾ ਰੰਗ ਮੰਚ ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਆਦਿ ਪੰਥਕ ਸੰਸਥਾਵਾਂ ਦੇ ਪੰਥਕ ਆਗੂਆਂ ਦੀ ਮੌਜੂਦਗੀ ਵਿਚ ਰਲੀਜ਼ ਕੀਤਾ।

ਇਸ ਇਤਿਹਾਸਕ ਦਸਤਾਵੇਜ ਨੂੰ ਪ੍ਰਾਪਤ ਕਰਨ ਲਈ ਤੁਸੀਂ ਇਹਨਾਂ ਨਾਲ ਸੰਪਰਕ ਕਰ ਸਕਦੇ ਹੋ।

ਡਾ ਗੁਰਮੀਤ ਸਿੰਘ ਔਲਖ ਵਾਸ਼ਿੰਗਟਨ ਡੀ ਸੀ 202-337-1904
ਭਾਈ ਪਰਮਜੀਤ ਸਿੰਘ ਸੇਖੋਂ ਦਾਖਾ ਕੈਲੇਫੋਰਨੀਆ 510-774-5909
ਡਾ ਅਵਤਾਰ ਸਿੰਘ ਸੇਖੋਂ ਮਚਾਕੀ ਕੈਨੇਡਾ 780-965-2869

# ਇਲਹਾਸ ਘੁੰਮਣ ਨਾਲ ਰੂ-ਬ-ਰੂ 7 ਜੂਨ ਨੂੰ


ਯੂਬਾ ਸਿਟੀ- ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਪਛਮੀ ਪੰਜਾਬ ਤੋਂ ਪੰਜਾਬੀ ਮਾਂ-ਬੋਲੀ ਨੂੰ ਸਮਰਪਿਤ ਤੇ ਇਸ ਦੀ ਮਾਨਤਾ ਤੇ ਉਨਤੀ ਲਈ ਬਹੁਤ ਸਾਲਾਂ ਤੋਂ ਲਗਾਤਾਰ ਕੰਮ ਕਰ ਰਹੇ ਤੇ ਜਦੋਜਹਿਦ ਕਰ ਰਹੇ, ਇਕ ਆਲਮ ਫਾਜ਼ਲ ਮਹਾਨ ਸਾਹਿਤਕਾਰ, ਇਲਹਾਸ ਘੁੰਮਣ ਨੂੰ ਸਾਹਿਤਕਾਰਾਂ ਦੇ ਰੂਹ-ਬ-ਰੂਹ ਕਰਨ ਲਈ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਯੂਬਾ ਸਿਟੀ ਦੇ ਗੁਰਦਵਾਰਾ ਸਾਹਿਬ ਟੈਰਾਬੁਆਨਾ ਰੋਡ ਦੇ ਮੀਟਿੰਗ ਰੂਮ ਵਿਚ ਕਰਨ ਦਾ ਪ੍ਰਬੰਧ ਕੀਤਾ ਹੈ।

ਇਹ ਸੱਤ ਜੂਨ ਨੂੰ ਦੋ ਤੋਂ ਪੰਜ ਵਜੇ ਦੇ ਵਿਚਕਾਰ ਹੋਵੇਗਾ। ਆਪ ਜੀ ਨੂੰ ਇਹ ਜਾਣ ਕੇ ਹੋਰ ਵੱਧ ਖੁਸ਼ੀ ਹੋਵੇਗੀ ਕਿ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਪੰਜਾਬੀ ਦੇ ਪ੍ਰੋਫੈਸਰ ਡਾਕਟਰ ਸੁਹਿੰਦਰਵੀਰ ਸਿੰਘ ਅਤੇ ਇਕ ਉਘੇ ਸਾਹਿਤਕਾਰ, ਸ: ਸੁਰਿੰਦਰ ਸੁੰਨੜ ਵੀ ਇਸ ਸਮਾਰੋਹ ਵਿਚ ਭਾਗ ਲੈਣਗੇ। ਡਾ: ਸੁਹਿੰਦਰਵੀਰ ਦੀ ਲਿਖੀ ਨਵੀਂ ਪੁਸਤਕ ਸ਼ਹੀਦ ਉਧਮ ਸਿੰਘ ਵੀ ਉਸ ਵਿਚ ਲੋਕ ਅਰਪਿਤ ਕੀਤੀ ਜਾਵੇਗੀ।

ਸਭਾ ਦੇ ਮੈਂਬਰ ਸਾਹਿਬਾਨ ਤੇ ਸਮਸਤ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੂੰ ਉਪਰਲੇ ਪ੍ਰੋਗਰਾਮ ਅਨੁਸਾਰ ਇਸ ਵਿਚ ਭਾਗ ਲੈਣ ਲਈ ਹਾਦਿਕ ਸੱਦਾ ਦਿੱਤਾ ਜਾਂਦਾ ਹੈ।

ਧੰਨਵਾਦ,
ਦਿਲਵੀਰ ਦਿਲ ਨਿਜਰ, ਪ੍ਰਧਾਨ

# ਪਿਪਲਾਂਵਾਲੇ ਦਾ ਇੱਕ ਪੱਖ ਇਹ ਵੀ


ਕਵੀ ਦੀ ਆਗਿਆ ਬਿਨਾਂ ਕੋਈ ਨਾ ਛਾਪੇ।

ਅਬ ਨਵਾਂ ਕਿੱਸਾ

ਦੁਖੀ ਪੁਕਾਰ ਜਿੰਦਗੀ ਸੁਧਾਰ

ਜਿਸ ਵਿੱਚ।

ਸਿਹਰਫੀ, ਇਸ਼ਕ ਹਕੀਕੀ, ਬਾਰਾਂ ਮਾਹਾਂ ਇਸ਼ਕ ਮਜਾਜੀ [illegible]

ਕ੍ਰਿਤ ਕਵੀ,

ਪੰਡਤ ਸੰਤਰਾਮ ਪ੍ਰਸਿਧ ਗਵੀਏ ਸਾਕਨ ਪਿਪਲਾਂਵਾਲਾ,
ਜ਼ਿਲਾ ਹੁਸਿਆਰਪੁਰ। ਕੌਮ ਆਦਧਰਮੀ ਰਵੀਦਾਸ।

ਸਨ ਉਨੀ ਸ ਬਾਨਵੇਂ, ਮਹੀਨਾਂ ਚੇਤ ਪ੍ਰਵਿਸ਼ਟੇ ਪੰਦਰਾਂ।

ਪੈਹਲੀ ਬਾਰ। ਤਦਾਦ ੧੦੦੦। ਕੀਮਤ ।—)

ਮੋਤੀ ਪ੍ਰੈਸ ਹੁਸ਼ਆਰ ਪੁਰ।

ਪਿਛਲੇ ਦਿਨੀਂ ਲਗਾਤਾਰ ਤਿੰਨ ਕਿਸ਼ਤਾਂ ਵਿਚ ਨਵਾਂ ਜ਼ਮਾਨਾ ਐਤਵਾਰਤਾ ਨੇ ਇਤਿਹਾਸ ਦੀਆਂ ਪੈੜਾਂ-453 ਤਹਿਤ ਖੁਆਸਪੁਰ ਉਰਫ਼ ਪਿਪਲਾਂਵਾਲਾ ਪਿੰਡ ਬਾਰੇ ਇਤਿਹਾਸਕ ਮਿਥਿਹਾਸਕ ਜਾਣਕਾਰੀ ਭਰਪੂਰ ਲੇਖ ਛਾਪਿਆ।ਇਹ ਇੱਕ ਅੱਛਾ ਰੁਝਾਨ ਹੈ, ਜਿਸ ਸਦਕਾ ਕਿਸੇ ਪਿੰਡ ਦੀ ਪ੍ਰਾਚੀਨਤਾ ਤੋਂ ਲੈ ਕੇ ਆਧੁਨਿਕਤਾ ਤੱਕ ਦੇ ਲੰਬੇ ਤਹਿ ਹੋਏ ਪੈਂਡੇ ਦੇ ਹਰ ਪੱਖ ਤੇ ਨਜ਼ਰਸਾਨੀ ਕੀਤੀ ਹੋਈ ਮਿਲਦੀ ਹੈ। ਇਹਨਾਂ ਲਿਖਤਾਂ ਵਿਚ ਜੇਕਰ ਇਤਿਹਾਸਕ ਪੱਧਰ ਦੀ ਜਾਣਕਾਰੀ ਘੋਖ ਪੜਤਾਲ ਕਰਕੇ ਪੇਸ਼ ਕੀਤੀ ਗਈ ਹੋਵੇ ਤਾਂ ਲਿਖਤ ਸਾਂਭਣਯੋਗ ਹੋ ਨਿਬੜਦੀ ਹੈ ਅਤੇ ਜੇਕਰ ਇਤਿਹਾਸਕ ਵੇਰਵੇ ਤੋੜ ਮਰੋੜ ਕੇ ਜਾਂ ਤੀਰ ਤੁੱਕੇ ਨਾਲ ਪੇਸ਼ ਕੀਤੇ ਗਏ ਹੋਣ ਤਾਂ ਇਹਨਾਂ ਨੂੰ ਪੜ੍ਹ ਕੇ ਪਾਠਕਾਂ ਦੇ ਮਨ ਵਿਚ ਹਮੇਸ਼ਾਂ ਲਈ ਗ਼ਲਤ ਤੱਥ ਉਕਰ ਜਾਂਦੇ ਹਨ, ਜਿਨ੍ਹਾਂ ਨੂੰ ਮਿਟਾਉਣਾ ਫਿਰ ਆਸਾਨ ਨਹੀਂ ਹੁੰਦਾ।ਵਿਜੇ ਬੰਬੇਲੀ ਨੇ ਪਿਪਲਾਂਵਾਲਾ ਪਿੰਡ ਬਾਰੇ ਵਿਭਿੰਨ ਪਾਸਾਰਾਂ ਵਾਲਾ ਲੇਖ ਲਿਖਿਆ ਹੈ, ਜਿਸਦੀ ਪ੍ਰਸੰਸਾ ਕਰਨੀ ਬਣਦੀ ਹੈ। ਵਿਜੇ ਬੰਬੇਲੀ ਨੇ ਪਿੰਡ ਦੀ ਤਾਸੀਰ, ਰੌਣਕਾਂ, ਰੁਝਾਨਾਂ, ਭੂਗੋਲਿਕ, ਸਿਖਿਅਕ, ਆਰਥਿਕ, ਸ਼ਿਲਪਕਲਾ, ਸਭਿਆਚਾਰਕ ਪੱਖਾਂ ਉੱਤੇ ਅਰਥ ਭਰਪੂਰ ਟਿੱਪਣੀਆਂ ਕੀਤੀਆਂ ਹਨ। ਇਸਦੀ ਮੈਂ ਵਧਾਈ ਦਿੰਦਾ ਹਾਂ।ਪਰ ਇਤਿਹਾਸਕ ਤੌਰ ਤੇ ਲੇਖ ਵਿਚ ਛਪੇ ਕੁਝ ਤੱਥ ਅਸਪੱਸ਼ਟ ਹਨ ਅਤੇ ਜਾਣਕਾਰੀ ਅਧੂਰੀ ਹੈ, ਜਿਸ ਸਦਕਾ ਪਿਪਲਾਂਵਾਲਾ ਦੀ ਛਾਪ ਜਿਆਦਾ ਉੱਘੜ ਕੇ ਸਾਹਮਣੇ ਨਹੀਂ ਆ ਸਕੀ। ਇਤਿਹਾਸਕ ਪਿੰਡ ਪਿਪਲਾਂਵਾਲਾ ਬਾਰੇ ਚਰਚਾ ਹੋਰ ਅੱਗੇ ਵਧਾਉਣ ਦੀ ਗੁੰਜਾਇਸ਼ ਸੀ।


**ਡਾ. ਜਸਵੰਤ ਰਾਏ**
**98158 25999**

ਪਹਿਲੀ ਗੱਲ ਤਾਂ ਹੈ ਪਿਪਲਾਂਵਾਲਾ ਪਿੰਡ ਦੇ ਧਾਮੀਆਂ ਨੂੰ ਹਿਮਾਚਲ ਪ੍ਰਦੇਸ਼ ਦੀ ਧਾਮੀ ਰਿਆਸਤ ਨਾਲ ਜੋੜਨ ਵਾਲੀ। ਇਹ ਗੱਲ ਬੜੀ ਅਸੰਭਵ ਜਾਪਦੀ ਹੈ।ਕਿਉਂਕਿ ਜਦੋਂ ਕੋਈ ਜਾਤੀ ਪ੍ਰਵਾਸ ਕਰਕੇ ਆਉਂਦੀ ਹੈ ਤਾਂ ਉਸ ਲਈ ਦੂਜੀ ਥਾਂ ਤੇ ਜਾ ਕੇ ਸਥਾਪਿਤ ਹੋਣਾ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ।ਇਲਾਕੇ ਵਿਚ ਉਹਨਾਂ ਦੀ ਦੂਜਿਆਂ ਨਾਲੋਂ ਵੱਖਰੀ ਪਛਾਣ ਹੁੰਦੀ ਹੈ ਜਾਂ ਉਹਨਾਂ ਦੀ ਕੋਈ ਨਾ ਕੋਈ ਅੱਲ ਪੈ ਜਾਂਦੀ ਹੈ। ਪਰ ਪਿਪਲਾਂਵਾਲਾ ਵਿਚ ਧਾਮੀਆਂ ਬਾਰੇ ਕੋਈ 'ਅੱਲ' ਸੁਣਨ ਨੂੰ ਨਹੀਂ ਮਿਲਦੀ।ਇਸ ਕਰਕੇ ਲੇਖਕ ਦੀ ਧਾਮੀਆਂ ਬਾਰੇ ਧਾਰਨਾ ਨਿਰਮੂਲ ਜਾਪਦੀ ਹੈ।

ਦੂਜੀ ਸਭ ਤੋਂ ਵੱਡੀ ਭੁੱਲ ਸ. ਜੱਸਾ ਸਿੰਘ ਰਾਮਗੜ੍ਹੀਏ ਦੇ ਨਾਂ ਨਾਲ ਜੁੜਿਆ ਸ਼ਬਦ 'ਰਾਮਗੜ੍ਹੀਆ' ਬਾਰੇ ਇਹ ਦੱਸਣਾ ਕਿ ਸ. ਜੱਸਾ ਸਿੰਘ ਰਾਮਗੜ੍ਹ ਪਿੰਡ ਦਾ ਵਾਸੀ ਹੋਣ ਕਰਕੇ ਹੀ ਸ. ਜੱਸਾ ਸਿੰਘ ਰਾਮਗੜ੍ਹੀਆ ਕਹਾਇਆ, ਇਤਿਹਾਸਕ ਤੌਰ ਤੇ ਤਾਂ ਮੰਨਣਯੋਗ ਨਹੀਂ ਹੈ।ਕਿਉਂਕਿ ਸ. ਜੱਸਾ ਸਿੰਘ ਦੇ ਨਾਂ ਨਾਲ 'ਰਾਮਗੜ੍ਹੀਆ' ਸ਼ਬਦ ਜੁੜਨ ਦਾ ਇਕ ਵੱਖਰਾ ਇਤਿਹਾਸ ਹੈ।

ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਅਦ 1745 ਈ. ਨੂੰ ਦਲ ਖਾਲਸਾ ਦੀ ਸਥਾਪਨਾ ਉਸ ਸਮੇਂ ਹੋਈ ਜਦੋਂ ਪੰਜਾਬ ਦਾ ਗਵਰਨਰ ਜ਼ਕਰੀਆ ਖਾਨ ਸੀ।ਜ਼ਕਰੀਆ ਖਾਨ ਨੇ ਸਿੰਘਾਂ ਨਾਲ ਰਾਜ਼ੀਨਾਮਾ ਕਰਨ ਦੇ ਨਜ਼ਰੀਏ ਤੋਂ ਭਾਈ ਸੁਬੇਗ ਸਿੰਘ ਰਾਹੀਂ ਖਾਲਸਾ ਨੂੰ ਨਵਾਬੀ ਦੀ ਪੇਸ਼ਕਸ਼ ਕੀਤੀ ਜਿਹੜੀ ਸਰਬੱਤ ਖਾਲਸਾ ਨੇ ਪ੍ਰਵਾਨ ਕਰ ਲਈ। ਇਹ ਆਹੁਦਾ ਫੈਜ਼ਲਪੁਰ ਦੇ ਸਰਦਾਰ ਕਪੂਰ ਸਿੰਘ ਨੂੰ ਦੇ ਦੱਤਾ ਗਿਆ।ਨਵਾਬ ਕਪੂਰ ਸਿੰਘ ਨੇ ਸਿੱਖਾਂ ਦੀ ਸ਼ਕਤੀ ਨੂੰ ਇਕੱਠਿਆਂ ਕਰਕੇ ਦੋ ਦਲ ਬੁੱਢਾ ਦਲ ਅਤੇ ਤਰਨਾ ਦਲ ਬਣਾਏ।ਇਹਨਾਂ ਦੀ ਜਿੰਮੇਵਾਰੀ ਗੁਰਧਾਮਾਂ ਦੀ ਸੇਵਾ ਸੰਭਾਲ ਕਰਨਾ ਅਤੇ ਗਊ ਗਰੀਬ ਦੀ ਰਾਖੀ ਕਰਨਾ ਸੀ। 1747 ਈ. ਨੂੰ ਸਾਰੇ ਅੱਡ-ਅੱਡ ਜਥਿਆਂ ਨੂੰ ਤੋੜ ਕੇ 12 ਵੱਡੇ ਜਥੇ ਬਣਾਏ ਗਏ ਜਿਹੜੇ ਅੱਗੋਂ ਮਿਸਲਾਂ ਦੇ ਤੌਰ ਤੇ ਉਭਰੇ। ਇਸੇ ਦੌਰਾਨ ਮਡਿਆਲੇ ਦੇ ਚੌਧਰੀ ਮੱਸਾ ਰੰਗੜ ਦਾ ਕਤਲ ਅਤੇ ਹੋਰ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਸਨ।ਮੱਸਾ ਸਿੰਘ ਦਾ ਸਿਰ ਵੱਢਣ ਵਾਲਿਆਂ ਵਿਚ ਭਾਈ ਸੁੱਖਾ ਸਿੰਘ ਉਹ ਸੂਰਬੀਰ ਸੀ ਜਿਸ ਨੇ ਹਰਮੰਦਰ ਸਾਹਿਬ ਦੇ ਸਰੋਵਰ ਵਿਚ ਚੇਤਾਵਨੀ ਦੇ ਕੇ ਦਿਨ ਦਿਹਾੜੇ ਉਸ ਸਮੇਂ ਇਸ਼ਨਾਨ ਕਰਨ ਦੀ ਜ਼ੁਰਅਤ ਕੀਤੀ ਸੀ ਜਦੋਂ ਸਰੋਵਰ ਦੇ ਨੇੜੇ ਤੇੜੇ ਜਾਣਾ ਵੀ ਮੌਤ ਨੂੰ ਅਵਾਜ਼ਾਂ ਮਾਰਨ ਦੇ ਬਰਾਬਰ ਸੀ। ਮੁਗਲ ਹਾਕਮ ਦਰਬਾਰ ਸਾਹਿਬ ਦੀ ਮਾਣ ਮਰਿਆਦਾ ਨੂੰ ਮਿੱਟੀ ਵਿਚ ਮਿਲਾ ਰਹੇ ਸਨ।

1747 ਈ. ਦੀ ਵਿਸਾਖੀ ਨੂੰ ਜਦੋਂ ਸਰਬੱਤ ਖਾਲਸੇ ਨੇ ਆਪਣੇ ਕਿਲੇ ਉਸਾਰਨ ਦਾ ਫੈਸਲਾ ਲਿਆ ਤਾਂ ਭਾਈ ਸੁੱਖਾ ਸਿੰਘ ਦੀ ਸਲਾਹ ਨਾਲ ਪਹਿਲਾ ਕਿਲਾ ਅੰਮ੍ਰਿਤਸਰ ਵਿਚ ਉਸਾਰਨ ਦੀ ਗੱਲ ਤੇ ਸਹਿਮਤੀ ਬਣੀ। ਇਸ ਕਿਲੇ ਦੀ ਉਸਾਰੀ ਦਰਬਾਰ ਸਹਿਬ ਦੀ ਹਿਫ਼ਾਜ਼ਤ ਬਾਬਤ ਹੋਣੀ ਸੀ। ਇਸ ਕੰਮ ਦੀ ਜ਼ਿੰਮੇਵਾਰੀ ਸ. ਜੱਸਾ ਸਿੰਘ (ਰਾਮਗੜ੍ਹੀਆ) ਨੂੰ ਸੌਂਪੀ ਗਈ।ਇਹ ਕਿਲਾ ਗੁਰੂ ਰਾਮ ਦਾਸ ਜੀ ਦੇ ਨਾਂ ਤੇ ਉਸਾਰਿਆ ਗਿਆ ਤੇ ਇਸ ਦਾ ਨਾਂ 'ਰਾਮਰੌਣੀ' ਰੱਖਿਆ ਗਿਆ।ਕਿਲੇ ਦੀ ਉਸਾਰੀ ਅਕਤੂਬਰ 1756 ਈ. ਤੱਕ ਪੂਰੀ ਹੋ ਗਈ।ਇਸ ਸਮੇਂ ਮੁਗਲ ਦਰਬਾਰ ਵਿਚ ਹਫੜਾ ਦਫੜੀ ਮਚੀ ਹੋਈ ਸੀ।'ਰਾਮਰੌਣੀ' ਦੇ ਕਿਲੇ ਵਿਚ 500 ਘੋੜ ਸਵਾਰਾਂ ਦੇ ਠਹਿਰਨ ਦੀ ਵਿਵਸਥਾ ਸੀ। 1748 ਈ. ਨੂੰ ਅਹਿਮਦ ਸ਼ਾਹ ਅਬਦਾਲੀ ਨੂੰ ਹਾਰ ਦੇਣ ਦੇ ਕਾਰਨ ਮੀਰ ਮਨੂੰ ਨੂੰ ਪੰਜਾਬ ਦਾ ਗਵਰਨਰ ਲਾਇਆ ਗਿਆ।ਮੀਰ ਮਨੂੰ ਸਿੱਖਾਂ ਦੀ ਤੇਜ਼ੀ ਨਾਲ ਵੱਧ ਰਹੀ ਤਾਕਤ ਨੂੰ ਕੁਚਲਣਾ ਚਾਹੁੰਦਾ ਸੀ।ਉਹ ਸਿੱਖਾਂ ਕਾਰਨ ਆਪਣਾ ਰਾਜ ਅਸੁਰੱਖਿਅਤ ਸਮਝਦਾ ਸੀ।

ਅਜਿਹੇ ਹਾਲਾਤਾਂ ਕਰਕੇ ਸਿੱਖ ਆਪਣੇ ਘਰ ਘਾਟ ਛੱਡ ਕੇ ਛੁਪਣਗਾਹਾਂ 'ਚ ਚਲੇ ਗਏ। ਬਹੁਤੇ ਸਿੱਖ ਦੁਆਬੇ 'ਚ ਆ ਗਏ ਜਿੱਥੇ ਅਦੀਨਾ ਬੇਗ ਦੀ ਹਕੂਮਤ ਸੀ। ਅਦੀਨਾ ਬੇਗ ਸਿੱਖਾਂ ਨਾਲ ਸੁਲਾਹ ਸਫਾਈ ਕਰਨਾ ਚਾਹੁੰਦਾ ਸੀ। ਮਿਸਲਾਂ ਅੰਦਰ ਆਪਸੀ ਵਿਰੋਧਤਾ ਦੇ ਚੱਲਦਿਆਂ ਜੱਸਾ ਸਿੰਘ ਆਪਣੇ ਜਥੇ ਸਮੇਤ ਅਦੀਨਾ ਬੇਗ ਦੀ ਫੌਜ਼ ਵਿਚ ਸ਼ਾਮਿਲ ਹੋ ਗਿਆ। ਜੱਸਾ ਸਿੰਘ ਆਪਣੀ ਫੌਜ਼ੀ ਪ੍ਰਵੀਨਤਾ ਕਾਰਨ ਛੇਤੀ ਹੀ ਅਦੀਨਾ ਬੇਗ ਦੀ ਫੌਜ਼ ਵਿਚ ਜ਼ਰਨੈਲਾਂ ਵਰਗਾ ਆਹੁਦਾ ਧਾਰਨ ਕਰ ਗਿਆ।ਦੂਜੇ ਪਾਸੇ ਮੀਰ ਮਨੂੰ ਨੇ 'ਰਾਮਰੌਣੀ' 'ਚੋਂ ਸਿੱਖ ਫੌਜ਼ਾਂ ਨੂੰ ਕੱਢਣ ਲਈ ਲਾਹੌਰ 'ਚੋਂ ਫੌਜ਼ ਭੇਜੀ ਅਤੇ ਅਦੀਨਾ ਬੇਗ ਨੂੰ ਵੀ ਕਿਹਾ ਕਿ ਉਹ ਆਪਣੀ ਫੌਜ ਅੰਮ੍ਰਿਤਸਰ ਭੇਜ ਕੇ 'ਰਾਮਰੌਣੀ' ਕਿਲੇ ਦੀ ਮਜ਼ਬੂਤ ਘੇਰਾ-ਬੰਦੀ ਕਰਨ 'ਚ ਸ਼ਾਮਲ ਹੋਵੇ। ਇਸ ਕਾਰਜ ਲਈ ਅਦੀਨਾ ਬੇਗ ਨੇ ਜਿਹੜੀ ਫੌਜ਼ ਭੇਜੀ ਉਸ 'ਚ ਜੱਸਾ ਸਿੰਘ ਦਾ ਦਸਤਾ ਵੀ ਸ਼ਾਮਿਲ ਸੀ। ਜੱਸਾ ਸਿੰਘ ਦੇ ਫੌਜੀ ਦਸਤੇ ਸਮੇਤ ਮੀਰ ਮਨੂੰ ਦੀ ਫੌਜ਼ ਨੇ 'ਰਾਮਰੌਣੀ' ਦੇ ਕਿਲੇ ਦੀ ਲਗਾਤਾਰ ਚਾਰ ਮਹੀਨੇ ਘੇਰਾਬੰਦੀ ਕਰ ਰੱਖੀ। ਅੰਤ ਜੱਸਾ ਸਿੰਘ ਨੇ ਕਿਲੇ ਵਿਚ ਫਸੇ ਹੋਏ ਆਪਣੇ ਸਿੱਖ ਭਰਾਵਾਂ ਦਾ ਸਾਥ ਦੇਣ ਦਾ ਫੈਸਲਾ ਕੀਤਾ ਅਤੇ ਆਪਣੇ ਅਸਲ ਇਰਾਦੇ ਦੀ ਜਾਣਕਾਰੀ ਦਾ ਸੁਨੇਹਾ ਕਿਲੇ ਅੰਦਰ ਭੇਜਿਆ।ਇਕ ਰਾਤ ਮੌਕਾ ਪਾ ਕੇ ਜੱਸਾ ਸਿੰਘ ਆਪਣੀ ਫੌਜ਼ੀ ਟੁਕੜੀ ਸਮੇਤ ਕਿਲੇ ਅੰਦਰ ਦਾਖਲ ਹੋ ਗਿਆ ਅਤੇ ਅੰਦਰ ਘਿਰੇ ਹੋਏ ਸਿੱਖ ਫੌਜ਼ੀਆਂ ਦੀ ਕਮਾਂਡ ਸੰਭਾਲ ਲਈ। ਇਸ ਸਮੇਂ ਮੀਰ ਮਨੂੰ ਦੇ ਵਿਸ਼ਵਾਸ਼ ਪਾਤਰ ਦੀਵਾਨ ਕੌੜਾ ਮੱਲ ਨੇ ਅਹਿਮ ਭੂਮਿਕਾ ਨਿਭਾਈ ਜੋ ਸਿੱਖਾਂ ਦਾ ਸ਼ੁੱਭ ਚਿੰਤਕ ਸੀ।ਦੀਵਾਨ ਦੀ ਸਲਾਹ ਉੱਤੇ ਮੀਰ ਮਨੂੰ ਨੇ ਸਿੱਖਾਂ ਨਾਲ ਰਾਜ਼ੀਨਾਮੇ ਦਾ ਰਾਹ ਅਖਤਿਆਰ ਕਰਕੇ 'ਰਾਮਰੌਣੀ' ਦੀ ਘੇਰਾਬੰਦੀ ਖਤਮ ਕਰ ਦਿੱਤੀ।







ਸਿੱਖਾਂ ਦੇ ਹੱਕ ਵਿਚ ਕੀਤੀ ਜੱਸਾ ਸਿੰਘ ਦੀ ਇਸ ਕੁਰਬਾਨੀ ਨੇ ਉਸਦੇ ਸਾਰੇ ਗੁਨਾਹ ਧੋ ਦਿੱਤੇ ਜਿਹੜੇ ਅਦੀਨਾ ਬੇਗ ਦੀ ਫੌਜ਼ ਵਿਚ ਰਹਿ ਕੇ ਜੱਸਾ ਸਿੰਘ ਨੇ ਕੀਤੇ ਸਨ। ਇਹ ਜੱਸਾ ਸਿੰਘ ਦੀ ਅਸਲ ਵਿਚ ਜਿੱਤ ਸੀ।ਇਸ ਜਿੱਤ ਤੋਂ ਬਾਅਦ ਹੀ 'ਰਾਮਰੌਣੀ' ਕਿਲੇ ਦਾ ਨਾ 'ਰਾਮਗੜ੍ਹ' ਰੱਖਿਆ।ਜੱਸਾ ਸਿੰਘ ਨੂੰ ਕਿਲੇ ਦਾ ਕਮਾਂਡਰ ਥਾਪ ਦਿੱਤਾ। ਇੱਥੇ ਹੀ ਜੱਸਾ ਸਿੰਘ ਨੂੰ ਰਾਮਗੜ੍ਹੀਆ ਦੇ ਨਾਂ ਨਾਲ ਪੁਕਾਰਿਆ ਜਾਣ ਲੱਗਾ ਤੇ ਰਾਮਗੜ੍ਹੀਆ ਹਸਤਾਖ਼ਰ ਉਸ ਲਈ ਵੱਡੇ ਫ਼ਖ਼ਰ ਦੀ ਗੱਲ ਬਣ ਗਈ।

18ਵੀਂ ਸਦੀ ਤੱਕ ਰਾਮਗੜ੍ਹ ਕਿਲਾ ਸਿੱਖਾਂ ਦੀ ਸ਼ਕਤੀ ਦਾ ਇੱਕੋ ਇੱਕ ਪ੍ਰਤੀਕ ਸੀ।ਜੱਸਾ ਸਿੰਘ ਦੇ ਖਾਨਦਾਨੀ ਤਰਖਾਣ ਸਨ।ਇੱਕ ਵਾਰ ਲਾਹੌਰ ਦਰਬਾਰ ਦੀ ਫੌਜ਼ ਨੇ ਰਾਮਗੜ੍ਹ ਕਿਲੇ ਨੂੰ ਘੇਰਾ ਪਾਇਆ ਤਾਂ ਕਿਲੇ ਅੰਦਰ 900 ਦੇ ਕਰੀਬ ਸਿੱਖਾਂ ਦੀ ਕਮਾਂਡ ਜੱਸਾ ਸਿੰਘ ਦੇ ਹੱਥ ਵਿਚ ਸੀ।ਘਮਾਸਾਨ ਦੀ ਲੜਾਈ ਉਪਰੰਤ ਮੁਗਲ ਫੌਜ਼ ਨੇ ਕਿਲੇ ਤੇ ਕਬਜ਼ਾ ਕਰਕੇ ਢਹਿ ਢੇਰੀ ਕਰ ਦਿੱਤਾ।ਜੱਸਾ ਰਾਮਗੜ੍ਹੀਆ ਤੇ ਕੁਝ ਸਿੱਖ ਸਿਪਾਹੀ ਬਚ ਕੇ ਪਹਾੜਾਂ ਵੱਲ ਚਲੇ ਗਏ। ਇਸੇ ਦੌਰਾਨ ਮਰਾਠਿਆਂ ਦੀ ਸਹਾਇਤਾ ਨਾਲ ਅਦੀਨਾ ਬੇਗ ਪੰਜਾਬ ਦਾ ਹਾਕਮ ਬਣ ਗਿਆ।ਸਿੱਖਾਂ ਨੂੰ ਮੁੜ ਆਪਣੀ ਤਾਕਤ ਇਕੱਠੀ ਕਰਨ ਦਾ ਮੌਕਾ ਮਿਲ ਗਿਆ ਸਿੱਖਾਂ ਨੇ ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ 'ਚ ਇੱਕ ਵਾਰ ਫਿਰ ਕਿਲਾ ਰਾਮਗੜ੍ਹ ਦੀ ਉਸਾਰੀ ਕਰ ਲਈ ਅਤੇ ਕਿਲੇ ਦੇ ਨਾਲ ਵਸੋਂ ਸਥਾਪਿਤ ਕਰਨ ਲਈ ਕਟੜਾ ਰਾਮਗੜ੍ਹੀਆ ਬਸਤੀ ਵੀ ਵਸਾਈ।ਇਹਨਾਂ ਘਟਨਾਵਾਂ ਦੇ ਮੱਦੇ ਨਜ਼ਰ ਇਹ ਸਪੱਸ਼ਟ ਹੁੰਦਾ ਹੈ ਕਿ ਜੱਸਾ ਸਿੰਘ ਰਾਮਗੜ੍ਹੀਆ ਨੇ 'ਰਾਮਗੜ੍ਹੀਆ' ਉਪਾਧੀ ਨੂੰ ਆਪਣੀ ਜੰਗੀ ਪ੍ਰਵੀਨਤਾ ਨਾਲ ਜਿਤਿਆ ਅਤੇ ਇਸ ਉਪਾਧੀ ਦੀ ਲਾਜ ਰੱਖੀ। ਅੱਗੇ ਜਾ ਕੇ ਜੱਸਾ ਸਿੰਘ ਰਾਮਗੜ੍ਹੀਆ ਇੱਕ ਮਜ਼ਬੂਤ ਤੇ ਵਿਸ਼ਾਲ ਮਿਸਲ ਦਾ ਬਾਨੀ ਤੇ ਆਗੂ ਬਣਿਆ। ਜੱਸਾ ਸਿੰਘ ਦਾ ਖਾਨਦਾਨ ਤਰਖਾਣ ਬਰਾਦਰੀ ਦਾ ਹੋਣ ਕਰਕੇ ਲੁਹਾਰ ਤਰਖਾਣ ਬਰਾਦਰੀ ਨੇ ਆਪਣੇ ਨਾਂ ਨਾਲ ਰਾਮਗੜ੍ਹੀਆ ਸ਼ਬਦ ਜੋੜਨਾ ਫ਼ਖਰ ਸਮਝਿਆ ਤੇ ਇਹ ਦਸਤਕਾਰੀ ਬਰਾ-ਦਰੀ ਇਸੇ ਨਾਂ ਨਾਲ ਪ੍ਰਸਿੱਧ ਹੋ ਗਈ।

ਪਿਪਲਾਂਵਾਲਾ ਵਿਖੇ 233 ਸਾਲ ਪੁਰਾਣੀ ਸ਼ਾਨਦਾਰ ਪਰ ਹੁਣ ਖਸਤਾ ਹਾਲਤ ਇਮਾਰਤ ਵੱਲ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਮਾਰਧਾੜ ਅਤੇ ਢਾਹ-ਢੇਰੀ ਵਾਲੇ ਸਮੇਂ ਵਿਚ ਇਹ ਬਚੀ ਕਿੱਦਾਂ ਰਹੀ? ਅਸਲ ਵਿਚ ਇਸ ਦੇ ਬਚਣ ਦਾ ਕਾਰਨ ਰਾਮਗੜ੍ਹੀਆ ਮਿਸਲ ਦਾ ਦਬ-ਦਬਾ ਸੀ।ਉਸ ਸਮੇਂ ਦੁਆਬੇ ਦਾ ਉਤਰ ਪੂਰਬੀ ਖੇਤਰ ਰਾਮਗੜ੍ਹੀਆ ਮਿਸਲ ਦੇ ਅਧੀਨ ਸੀ।ਜੱਸਾ ਸਿੰਘ ਰਾਮਗੜ੍ਹੀਆ ਦੀ ਮੌਤ ਤੋਂ ਬਾਅਦ ਉਸਦੇ ਪੁੱਤਰ ਜੋਧ ਸਿੰਘ ਰਾਮਗੜ੍ਹੀਆ ਦਾ ਇਸ ਖੇਤਰ ਤੇ ਪ੍ਰਭਾਵ ਰਿਹਾ।ਬਾਅਦ ਵਿਚ ਇਹ ਇਲਾਕਾ ਮਹਾਰਾਜਾ ਰਣਜੀਤ ਸਿੰਘ ਦੇ ਅਧਿਕਾਰ ਖੇਤਰ ਵਿਚ ਆ ਗਿਆ। ਇਸ ਤਰ੍ਹਾਂ ਦੁਸ਼ਮਣਾਂ ਦੀ ਨਜ਼ਰ ਤੋਂ ਇਹ ਇਮਾਰਤ ਬਚੀ ਰਹੀ। ਇਸ ਇਮਾਰਤ ਦੀ ਸੰਦੂਕੀ ਛੱਤ ਜੋ ਬਾਂਸ ਦੀਆਂ ਫੱਟੀਆਂ ਨੂੰ ਬੀੜ ਕੇ ਬਣਾਈ ਹੋਈ ਹੈ ਕਲਾ ਦਾ ਉਤਮ ਨਮੂਨਾ ਹੈ।ਇਸ ਦੀ ਕਲਾ ਕ੍ਰਿਤੀ ਅੱਜ ਦੀਆਂ ਸੀਮਿੰਟ ਵਾਲੀਆਂ ਛੱਤਾਂ ਤੇ ਪੀ. ਓ. ਪੀ. ਨਾਲ ਕੀਤੀ ਮੀਨਾਕਾਰੀ ਨੂੰ ਵੀ ਮਾਤ ਪਾਉਂਦੀ ਹੈ।ਪਿਪਲਾਂਵਾਲਾ ਦੀਆਂ ਕੁਝ ਪੁਰਾਣੀਆਂ ਇਮਾਰਤਾਂ ਦੇ ਦਰਵਾਜਿਆਂ ਤੇ ਕੀਤੀ ਬਾਰੀਕ ਬੂਟੀਆਂ ਵਾਲੀ ਮੀਨ-ਾਕਾਰੀ ਵੱਲ ਦੇਖ ਕੇ ਲਗਦਾ ਹੈ ਕਿ ਸ਼ਾਇਦ ਉਸ ਸਮੇਂ ਦੀ ਕਲਾ ਅੱਜ ਦੀ ਕਲਾ ਨਾਲੋਂ ਕਾਫ਼ੀ ਅੱਗੇ ਸੀ। ਪਿਪਲਾਂਵਾਲਾ ਦੇ ਨਾਂ ਨੂੰ ਚਾਰ ਚੰਦ ਲਾਉਣ ਵਾਲਾ ਇੱਕ ਹੋਰ ਸਖ਼ਸ਼ ਸੀ ਚੌਧਰੀ ਹਜਾਰਾ ਰਾਮ, ਜਿਸਨੇ ਆਦਿ ਧਰਮ ਲਹਿਰ ਦੇ ਪੈਰ ਬੰਨ੍ਹਣ 'ਚ ਚੌਖਾ ਯੋਗਦਾਨ ਪਾਇਆ। ਆਦਿ ਧਰਮ ਲਹਿਰ ਉਤਰੀ ਭਾਰਤ ਵਿਚ ਪੰਜਾਬ ਦੀ ਸੁਨਹਿਰੀ ਜਿਲਦ ਕਹੀ ਜਾ ਸਕਦੀ ਹੈ। ਇਸ ਦੀ ਸ਼ੁਰੂਆਤ 1926 ਈ. ਵਿਚ ਪਿੰਡ ਮੁਗੋਵਾਲ ਨਜ਼ਦੀਕ ਮਾਹਿਲਪੁਰ ਵਿਖੇ ਆਦਿ ਧਰਮ ਲਹਿਰ ਦਾ ਬਹੁਤ ਵੱਡਾ ਸੰਮੇਲਨ ਕਰਕੇ ਹੋਈ ਸੀ।ਆਦਿ ਧਰਮ ਲਹਿਰ ਦੇ ਪਹਿਲੇ ਪ੍ਰਧਾਨ ਬਾਬੂ ਮੰਗੂ ਰਾਮ ਮੁਗੋਵਾਲ ਅਤੇ ਜਨਰਲ ਸਕੱਤਰ ਚੌਧਰੀ ਹਜਾਰਾ ਰਾਮ ਪਿਪਲਾਂਵਾਲੀ ਸਨ। ਆਦਿ ਧਰਮ ਲਹਿਰ ਦੇ ਬਾਨੀਆਂ ਦੀ ਇਹ ਦਲੀਲ ਸੀ ਕਿ ਜਾਤੀ ਦੇ ਤੌਰ ਤੇ ਉਹਨਾਂ ਨਾਲ ਜੋ ਵਿਤਕਰਾ ਹੋ ਰਿਹਾ ਹੈ ਉਸਦਾ ਕਾਰਨ ਉਹਨਾਂ ਦਾ ਹਿੰਦੂ ਧਰਮ ਨਾਲ ਜੁੜਿਆ ਹੋਣਾ ਹੀ ਹੈ।ਇਸ ਲਈ ਜੇਕਰ ਉਹ ਹਿੰਦੂ ਧਰਮ ਨੂੰ ਤਿਲਾਂਜਲੀ ਦੇ ਕੇ ਆਪਣਾ ਵੱਖਰਾ ਧਰਮ (ਆਦਿ ਧਰਮ) ਸਥਾਪਿਤ ਕਰ ਲੈਂਦੇ ਹਨ ਤਾਂ ਉਹ ਆਪਣੇ ਆਪ ਨੂੰ ਵੱਖਰੀ ਕੌਮ ਦੇ ਤੌਰ ਤੇ ਪੇਸ਼ ਕਰਨ ਵਿਚ ਸਫਲ ਹੋ ਜਾਣਗੇ।ਬਾਬੂ ਮੰਗੂ ਰਾਮ ਤੇ ਚੌਧਰੀ ਹਜਾਰਾ ਰਾਮ ਦੇ ਸੰਗਠਨਾਤਮਕ ਤੌਰ ਤੇ ਯਤਨਾਂ ਸਦਕਾ ਪੰਜਾਬ ਵਿਚ ਦਲਿਤ ਚੇਤਨਾ ਦੀ ਸਾਖ ਵਧੀ ਅਤੇ 1936-37 ਦੀਆਂ ਸੂਬਾਈ ਵਿਧਾਨ ਸਭਾ ਦੀਆਂ ਚੋਣਾਂ ਵਿਚ ਅੱਠ ਸ਼ਡਿਊਲਡ ਕਾਸਟ ਮੈਂਬਰ ਚੁਣੇ ਗਏ। ਇਹਨਾਂ ਅੱਠ ਮੈਂਬਰਾਂ ਵਿਚੋਂ ਸੱਤ ਮੈਂਬਰ ਆਦਿ ਧਰਮ ਲਹਿਰ ਨਾਲ ਸੰਬੰਧਿਤ ਸਨ।ਅਛੂਤ ਲੋਕਾਂ ਦੇ ਇਤਿਹਾਸ ਵਿਚ ਇਹ ਪਹਿਲਾ ਸੁਨਹਿਰੀ ਮੌਕਾ ਸੀ ਜਦੋਂ ਉਹਨਾਂ ਨੂੰ ਇਸ ਪੱਧਰ ਤੇ ਪ੍ਰਤੀਨਿਧਤਾ ਮਿਲੀ ਸੀ।

ਇੱਥੇ ਹੀ ਵੱਸ ਨਹੀਂ ਅਜ਼ਾਦੀ ਪ੍ਰਾਪਤੀ ਤੋਂ ਬਾਅਦ ਆਦਿ ਧਰਮ ਲਹਿਰ ਦੀ ਮੁੜ ਸੁਰਜੀਤੀ ਲਈ ਪਹਿਲੀ ਕਾਨਫਰੰਸ ਗੁਰੂ ਰਵਿਦਾਸ ਨੂੰ ਸਮਰਪਿਤ ਡੇਰਾ ਸੱਚਖੰਡ ਬੱਲਾਂ ਵਿਖੇ 13 ਦਸੰਬਰ 1970 ਨੂੰ ਆਯੋਜਿਤ ਹੋਈ ਤਾਂ ਇੱਥੇ ਵੀ ਆਦਿ ਧਰਮ ਲਹਿਰ ਦੇ ਪ੍ਰਧਾਨ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਜਨਰਲ ਸਕੱਤਰ ਚੌਧਰੀ ਹਜਾਰਾ ਰਾਮ ਪਿਪਲਾਂਵਾਲਾ ਚੁਣੇ ਗਏ। ਲੋਕ ਨਾਟਕ 'ਨਕਲ' ਭਾਵੇਂ ਮੁਸਲਮਾਨੀ ਹਮਲਾਵਰਾਂ ਨਾਲ ਬਾਹਰੋਂ ਆਈ ਸਮਝੀ ਜਾਂਦੀ ਹੈ ਪਰ ਇਹ ਭਰ ਜੁਆਨ ਦੁਆਬੇ ਵਿਚ ਹੀ ਹੋਈ ਹੈ।ਨਾਟ ਕਲਾ ਨਿਪੁੰਨਤਾ ਕਾਰਨ ਦੁਆਬੇ ਦੇ ਪਿੰਡ ਪਿਪਲਾਂਵਾਲਾ ਦੀ ਪੰਜਾਬ ਵਿਚਲੇ ਦੂਰ ਦੁਰਾਡੇ ਦਿਹਾਤੀ ਇਲਾਕਿਆਂ ਵਿਚ ਪੂਰੀ ਧਾਕ ਸੀ।ਇਹ ਧਾਕ ਜਮਾਉਣ ਵਾਲਾ ਪਿਪਲਾਂਵਾਲਾ ਦਾ ਪੰਡਤ ਸੰਤ ਰਾਮ ਸੀ।ਪੰਡਤ ਸੰਤ ਰਾਮ ਸਿਗਾ ਆਦਿ ਧਰਮੀ ਪਰ ਖੋਜੀ, ਵਿਦਵਾਨ ਅਤੇ ਸੰਗੀਤਕ ਕਲਾ ਵਿਚ ਪ੍ਰਪੱਕ ਹੋਣ ਕਰਕੇ ਸੰਤ ਰਾਮ ਦੇ ਨਾਂ ਨਾਲ ਪੰਡਤ ਸ਼ਬਦ ਜੁੜ ਗਿਆ।ਉਦੋਂ ਜਦ ਸਮਾਜ ਵਿਚ ਦਲਿਤ ਨੂੰ ਘਿਰਣਾਮਈ ਨਜ਼ਰ ਨਾਲ ਦੇਖਿਆ ਜਾਂਦਾ ਸੀ, ਇੱਕ ਦਲਿਤ ਦੇ ਨਾਂ ਨਾਲ ਪੰਡਤ ਸ਼ਬਦ ਦਾ ਜੁੜਨਾ ਆਪਣੇ ਆਪ ਵਿਚ ਹੀ ਇੱਕ ਸਨਮਾਨ ਸੀ ਤੇ ਇਸ ਸਨਮਾਨ ਲਈ ਪੰਡਤ ਸੰਤ ਰਾਮ ਨੂੰ ਸਿਰਤੋੜ ਮਿਹਨਤ ਕਰਨੀ ਪਈ ਸੀ।

ਪੰਡਤ ਸੰਤ ਰਾਮ ਨੇ ਰਾਸਾਂ ਵਾਸਤੇ ਡਰਾਮੇ ਅਤੇ ਸ਼ਾਇਰੀ ਖ਼ੁਦ ਲਿਖੀ।ਉਸ ਸਮੇਂ ਪੰਡਤ ਨੇ ਆਪਣੀਆਂ ਲਿਖਤਾਂ ਦੀ ਕਿਤਾਬ ਵੀ ਛਪਵਾਈ ਸੀ ਪਰ ਬਦਕਿਸਮਤ ਪੰਡਤ ਦੀ ਪੀੜ੍ਹੀ ਇਸ ਕਿਤਾਬ ਦੀ ਸੰਭਾਲ ਨਾ ਕਰ ਸਕੀ ਅਤੇ ਇਹ ਕਿਤਾਬ ਵਕਤ ਦੇ ਥਪੇੜਿਆਂ ਨੇ ਖਾ ਲਈ।ਪੰਡਤ ਸੰਤ ਰਾਮ ਦੇ ਮਕਬੂਲ ਡਰਾਮੇ ਲੈਲਾ ਮਜ਼ਨੂ, ਹੀਰ ਰਾਂਝਾ, ਸੱਸੀ ਪੁਨੂੰ, ਸ਼ਾਹਣੀ ਕੌਲਾਂ, ਰਾਜਾ ਭਰਥਰੀ, ਪੂਰਨ ਭਗਤ, ਰਾਜਾ ਹਰੀਸ਼ ਚੰਦਰ ਸਨ।ਪੰਡਤ ਦੀ ਸ਼ਾਇਰੀ ਨੂੰ ਲੋਕ ਮਹਿਫਲਾਂ ਵਿਚ ਭਰਵਾਂ ਹੁੰਗਾਰਾ ਮਿਲਦਾ ਸੀ। ਕੰਨ ਤੇ ਹੱਥ ਰੱਖ ਕੇ ਪੰਡਤ ਸੰਤ ਰਾਮ ਜਦੋਂ 'ਵੇਲ ਰੁਪਏ ਦੀ ਵੇਲ ਭਾਗਾਂ ਵਾਲਾ ਵੇਲ ਕਰਾਉਂਦਾ।' ਵਾਲੀ ਹੇਕ ਲਾਉਂਦਾ ਸੀ ਤਾਂ ਉਸਦੀ ਆਵਾਜ਼ ਬਿਨ੍ਹਾਂ ਸਪੀਕਰ ਤੋਂ ਚਾਰ-ਚਾਰ ਪਿੰਡਾਂ ਵਿਚ ਸੁਣਦੀ ਸੀ ।ਨਕਲਾਂ ਕਰਨ ਸਮੇਂ ਪੰਡਤ ਸੰਤ ਰਾਮ ਆਪਣੇ ਨਾਲ ਬਿਗਲੇ ਮਿਲਖੀ ਰਾਮ ਨੂੰ ਲੈ ਕੇ ਜਾਂਦਾ ਸੀ।ਨਾਟਕ ਖੇਡ ਰਹੇ ਨਕਾਲ ਟੋਲੇ ਨੂੰ ਜਦੋਂ ਵੀ ਅੱਧੇ ਪੌਣੇ ਘੰਟੇ ਬਾਅਦ ਇਹ ਲਗਦਾ ਕਿ ਦਰਸ਼ਕ ਕੁਝ ਅਕੇਵਾਂ ਮਹਿਸੂਸ ਕਰ ਰਹੇ ਹਨ ਤਾਂ ਉਹ ਝੱਟ ਦੇਣੀ ਸਟੇਜ ਬਿਗਲੇ ਦੇ ਹਵਾਲੇ ਕਰ ਦਿੰਦੇ ਸਨ। ਬਿਗਲਾ ਜ਼ਨਾਨਾ ਲਿਬਾਸ 'ਚ ਤਿਆਰ ਹੋਏ ਮੁੰਡਿਆਂ ਨਾਲ ਦੂਹਰੇ ਅਰਥ ਵਾਲੀਆਂ ਗੱਲਾਂ ਕਰ ਕਰ ਲੋਕਾਂ ਦੇ ਢਿੱਡੀਂ ਪੀੜਾਂ ਪਾਉਂਦਾ ਅਤੇ ਚਮੋਟਿਆਂ ਦੀ ਮਾਰ ਖਾਂਦਾ ਨਾ ਥੱਕਦਾ। ਪੰਡਤ ਸੰਤ ਰਾਮ ਦੇ ਚੇਲਿਆਂ ਤੇ ਸਮਕਾਲੀਆਂ ਦੀ ਸੂਚੀ ਬੜੀ ਲੰਮੇਰੀ ਹੈ।ਪੰਡਤ ਦੀ ਟੋਲੀ ਦੇ ਨਚਾਰ ਕਰਮੇ ਦਾ ਨਾਚ ਬੜਾ ਕਮਾਲ ਹੁੰਦਾ ਸੀ।ਕਾਮੁਕ ਅਦਾਵਾਂ ਵਿਚ ਉਸਦਾ ਕੋਈ ਸਾਨੀ ਨਹੀਂ ਸੀ।ਆਕਰਸ਼ਿਤ ਮੁਟਿਆਰ ਵਰਗੇ ਭੜਕੀਲੇ ਕੱਪੜੇ ਪਾ ਕੇ ਕਰਮਾ ਜਦੋਂ ਸਾਹ ਅੰਦਰ ਖਿੱਚ ਕੇ ਸਿਰ ਘੁੰਮਾ ਕੇ ਚਿਹਰੇ ਅੱਗਿਓਂ ਵਾਲਾਂ ਦੀ ਲਟ ਹਟਾਉਂਦਾ ਸੀ ਤਾਂ ਵੇਖਣ ਵਾਲੇ ਦੇ ਧੁਰ ਅੰਦਰੋਂ ਕਾਲਜਾ ਕੱਢ ਲਿਆਉਂਦਾ ਸੀ। ਪ੍ਰੋਗ੍ਰਾਮ ਦੇਖ ਕੇ ਲੋਕ ਆਉਂਦੇ ਸਾਲਾਂ ਲਈ ਪਹਿਲਾਂ ਹੀ ਪੰਡਤ ਹੁਰਾਂ ਨੂੰ ਸਾਈ ਦੇ ਦਿੰਦੇ ਸਨ।ਕਹਿੰਦੇ ਇੱਕ ਵਾਰ ਪੰਡਤ ਦੀ ਟੋਲੀ ਦੇ ਨਚਾਰ ਕਰਮੇ ਤੋਂ ਪ੍ਰਭਾਵਿਤ ਹੋ ਕੇ ਬੂਟਾਂ ਮੰਡੀ ਦੇ ਸੇਠਾਂ ਨੇ ਉਹਨੂੰ ਰੁਪਇਆਂ ਦਾ ਅਟੈਚੀ ਭਰ ਕੇ ਦਿੱਤਾ ਸੀ।ਕਰਮਾ ਉਸ ਸਮੇਂ ਪ੍ਰੋਗ੍ਰਾਮ ਕਰਨ ਮੋਟਰਸਾਈਕਲ ਤੇ ਜਾਇਆ ਕਰਦਾ ਸੀ ਜਦੋਂ ਪਿੰਡਾਂ ਦੇ ਲੋਕ ਸਾਈਕਲ ਨੂੰ ਵੀ ਅਚੰਭੇ ਨਾਲ ਦੇਖਦੇ ਸਨ।

ਪੰਡਤ ਸੰਤ ਰਾਮ ਪਿਪਲਾਂਵਾਲਾ ਤੋਂ ਪੂਰੇ ਪੰਜਾਬ ਵਿਚ ਸਾਲ੍ਹ ਪ੍ਰੋਗ੍ਰਾਮ ਕਰਨ ਜਾਂਦਾ। ਇਸਦਾ ਸਾਲ੍ਹ ਬਹੁਤ ਮਸ਼ਹੂਰ ਸੀ।ਉਦੋਂ ਲੋਕ ਬਰਸਾਤਾਂ ਦੇ ਮੌਸਮ ਵਿਚ ਪਸ਼ੂਆਂ ਦੀ ਜਾਨ ਮਾਲ ਦੀ ਰਾਖੀ ਲਈ ਕਈ ਤਰ੍ਹਾਂ ਦੀਆਂ ਸੁਖਣਾਂ ਸੁਖਦੇ ਸਨ।ਲੋਕ ਸੁਖਣਾਂ ਲਾਹੁਣ ਲਈ ਹੀ ਸਾਲ੍ਹ ਕਰਾਉਂਦੇ ਸਨ।ਅੱਜ ਵੀ ਪੰਡਤ ਸੰਤ ਰਾਮ ਦੇ ਕੁਣਬੇ 'ਚੋਂ ਉਹਨਾਂ ਦਾ ਪੋਤਾ ਰਾਮ ਰਾਜ ਇਹ ਪ੍ਰੋਗ੍ਰਾਮ ਕਰਨ ਪੰਜਾਬ ਦੇ ਕੋਨੇ ਕੋਨੇ 'ਚ ਜਾਂਦਾ ਹੈ ਪਰ ਹੁਣ ਇਹਨਾਂ ਪ੍ਰੋਗ੍ਰਾਮਾਂ ਦੀ ਗਿਣਤੀ ਆਟੇ ਵਿਚ ਲੂਣ ਦੇ ਬਰਾਬਰ ਹੈ।ਕਿਉਂਕਿ ਵਿਗਿਆਨਕ ਯੁੱਗ ਵਿਚ ਲੋਕਾਂ ਨੇ ਪਸ਼ੂਆਂ ਦੀਆਂ ਬਿਮਾਰੀਆਂ ਤੋਂ ਨਿਜ਼ਾਤ ਪਾਉਣ ਲਈ ਡਾਕਟਰਾਂ ਦੀ ਬਾਂਹ ਫੜ ਲਈ ਹੈ।ਰਾਮ ਰਾਜ ਦੇ ਆਪ ਦੱਸਣ ਮੁਤਾਬਿਕ ਜਦੋਂ ਪੰਡਤ ਸੰਤ ਰਾਮ ਦੀ ਮੌਤ ਹੋਈ ਤਾਂ ਉਸਦੇ ਛੋਟੇ ਭਰਾ ਬੰਤ ਰਾਮ ਨੇ ਆਪਣੇ ਦੋਵੇਂ ਪੁਤਰਾਂ ਰਾਮ ਰਾਜ ਅਤੇ ਸੰਤੋਸ਼ ਕੁਮਾਰ ਜੋ ਉਦੋਂ ਕ੍ਰਮਵਾਰ ਚੌਥੀ ,ਪੰਜਵੀਂ ਜਮਾਤ ਵਿਚ ਪੜ੍ਹਦੇ ਸਨ , ਸਕੂਲੋਂ ਹਟਾ ਲਏ ਅਤੇ ਆਪਣੇ ਨਾਲ ਡਰਾਮੇ ਕਰਨ ਲਾ ਲਏ।ਇਹ ਕਹਿੰਦੇ ਹੋਏ ਕਿ ਅਸੀਂ ਆਪਣੀ ਵਿਰਾਸਤ ਜਿਊਂਦੇ ਰੱਖਣੀ ਹੈ। ਅੱਜ ਵੀ ਟਾਵੇਂ-ਟਾਵੇਂ ਪਿੰਡਾਂ ਵਿਚ ਪੀਰਾਂ ਫ਼ਕੀਰਾਂ ਦੀਆਂ ਮੜ੍ਹੀਆਂ ਤੇ ਕਿਸੇ ਦੀ ਸੁਖੀ ਸੁਖਣਾ ਲਾਹੁਣ ਲਈ, ਪਿੰਡਾਂ ਵਿਚ ਕਰਵਾਏ ਜਾਂਦੇ ਸਾਲ੍ਹ ਪ੍ਰੋਗ੍ਰਾਮਾਂ ਤੇ ਨਕਲਾਂ ਦੇਖਣ ਨੂੰ ਮਿਲਦੀਆਂ ਹਨ।ਪਰ ਫਿਰ ਵੀ ਉਹ ਸਮੇਂ ਲੱਦ ਗਏ ਹਨ ਜਦੋਂ ਪਿੰਡਾਂ ਵਿਚ ਭੰਡਾਂ, ਮਰਾਸੀਆਂ, ਗੁੱਗਾ ਮੰਗਣ ਵਾਲਿਆਂ ਅਤੇ ਰਾਸਧਾਰੀਆਂ ਦੀਆਂ ਮਹਿਫਲਾਂ ਜੰਮਦੀਆਂ ਸਨ।

# ਨਿਰਾਲਾ ਭੂਤ



ਮੇਘ ਰਾਜ ਮਿੱਤਰ
(98887-87440)

ਚਾਲ੍ਹੀ ਵਰ੍ਹਿਆਂ ਦੀ ਰਾਜਿੰਦਰ ਕੌਰ ਹਰ ਪੱਖੋਂ ਬਹੁਤ ਹੀ ਸੁੰਦਰ, ਸੇਹਤਮੰਦ ਅਤੇ ਸਮਝਦਾਰ ਔਰਤ ਸੀ। ਪਟਿਆਲੇ ਦੇ ਨੇੜੇ ਕਿਸੇ ਸਕੂਲ ਵਿਚ ਉਹ ਪ੍ਰਾਇਮਰੀ ਅਧਿਆਪਕ ਲੱਗੀ ਹੋਈ ਸੀ। ਉਹ ਬੱਚਿਆਂ ਨੂੰ ਬਹੁਤ ਹੀ ਲਗਨ ਨਾਲ ਦਿਲ ਲਾ ਕੇ ਪੜ੍ਹਾਉਦੀ ਸੀ। ਉਸਦੇ ਇਸ ਸੁਭਾਅ ਕਰਕੇ ਆਪਣੇ ਨਾਲ ਦੇ ਅਧਿਆਪਕਾਂ ਵਿਚ ਉਹ ਬਹੁਤ ਹੀ ਹਰਮਨ ਪਿਆਰੀ ਸੀ।

ਭਾਵੇਂ ਉਸ ਦੀ ਆਪਣੇ ਕੋਈ ਪੁੱਤ ਜਾਂ ਧੀ ਨਹੀਂ ਸੀ ਪਰ ਉਸ ਨੇ ਆਪਣੀ ਭੈਣ ਦੇ ਪੁੱਤਰਾਂ ਤੇ ਧੀਆਂ ਨੂੰ ਆਪਣੇ ਹੀ ਸਮਝਦੇ ਹੋਏ ਆਪਣੇ ਹੱਥੀਂ ਉਹਨਾਂ ਦਾ ਪਾਲਣ ਪੋਸ਼ਣ ਕੀਤਾ ਸੀ। ਇਸ ਲਈ ਉਸ ਦੀਆਂ ਭਾਣਜੀਆਂ ਅਤੇ ਭਾਣਜੇ ਹਰ ਵੇਲੇ ਉਸ ਤੇ ਜਾਨ ਵਾਰਨ ਨੂੰ ਤਿਆਰ ਰਹਿੰਦੇ ਸਨ।

ਤਬਦੀਲੀ ਸ਼ੁਰੂ ਹੋ ਗਈ- ਉਹ ਪਟਿਆਲੇ ਵਿਖੇ ਆਪਣੇ ਘਰ ਵਿਚ ਵਧੀਆ ਢੰਗ ਨਾਲ ਜੀਵਨ ਬਤੀਤ ਕਰ ਰਹੀ ਸੀ। ਕੁਝ ਸਮੇਂ ਬਾਦ ਉਸ ਦੇ ਵਿਚ ਤਬਦੀਲੀ ਆਉਣੀ ਸ਼ੁਰੂ ਹੋ ਗਈ। ਉਸ ਦਾ ਵਿਵਹਾਰ ਆਪਣੇ ਭਾਣਜੇ ਅਤੇ ਭਾਣਜੀਆਂ ਨਾਲ ਦਿਨੋ ਦਿਨ ਬਹੁਤ ਬੁਰਾ ਹੋਣ ਲੱਗ ਪਿਆ। ਉਸ ਨੂੰ ਹੱਸਣਾ ਬਿਲਕੁਲ ਹੀ ਭੁੱਲ ਗਿਆ ਸੀ। ਉਸ ਦੇ ਚੇਹਰੇ ਤੇ ਹਰ ਸਮੇਂ ਗੁੱਸਾ ਹੀ ਨਜ਼ਰ ਆਉਂਦਾ ਰਹਿੰਦਾ ਸੀ। ਉਸ ਦੀਆਂ ਅੱਖਾਂ ਅਚਾਨਕ ਕਿਸੇ ਭੈਅ ਨਾਲ ਟੱਡੀਆਂ ਰਹਿੰਦੀਆਂ ਸਨ।

ਉਸ ਨੂੰ ਰਾਤਾਂ ਨੂੰ ਨੀਂਦ ਨਹੀਂ ਸੀ ਆਉਦੀ ਅਤੇ ਜਦੋਂ ਵੀ ਉਹ ਆਪਣੀ ਨੂੰ ਵੇਖਦੀ ਸੀ ਤਾਂ ਉਸ ਦੀਆਂ ਮੁੱਕੀਆਂ ਤਣ ਜਾਂਦੀਆਂ ਸਨ। ਕਈ ਵਾਰੀ ਤਾਂ ਉਹ ਉਹਨਾਂ ਨੂੰ ਮਾਰਨ ਵੀ ਜਾ ਪੈਂਦੀ ਸੀ। ਜਦੋਂ ਉਸ ਨੂੰ ਕਾਰਨ ਪੁੱਛਿਆ ਜਾਂਦਾ ਸੀ ਤਾਂ ਉਹ ਕਹਿੰਦੀ ਸੀ ਕਿ ਕੋਈ ਗੈਬੀ ਸ਼ਕਤੀ ਉਸ ਤੋਂ ਅਜਿਹਾ ਕੁਝ ਕਰਵਾਉਦੀ ਹੈ। ਕਦੇ ਕਦੇ ਤਾਂ ਇਹ ਗੈਬੀ ਸ਼ਕਤੀ ਉਸ ਦੀ ਸੰਘੀ ਵੀ ਘੁੱਟ ਲੈਂਦੀ ਸੀ ਜਿਸ ਨਾਲ ਉਹ ਆਮ ਤੌਰ 'ਤੇ ਬੇਹੋਸ਼ ਹੋ ਜਾਂਦੀ ਸੀ। ਕਈ ਮੌਕਿਆਂ 'ਤੇ ਉਹ ਬਿਲਕੁਲ ਹੀ ਠੀਕ ਦਿਖਾਈ ਦਿੰਦੀ ਸੀ ਅਤੇ ਕਈ ਮੌਕਿਆਂ 'ਤੇ ਉਸ ਦੀਆਂ ਹਰਕਤਾਂ ਬਿਲਕੁਲ ਹੀ ਨੀਮ ਪਾਗਲਾਂ ਵਾਲੀਆਂ ਹੁੰਦੀਆਂ ਸਨ। ਉਹ ਪਾਠ ਕਰਨ ਵਿਚ ਆਪਣਾ ਧਿਆਨ ਲਾਉਣਾ ਚਾਹੁੰਦੀ ਸੀ ਪਰ ਕਦੇ ਵੀ ਉਹ ਪਾਠ ਨੂੰ ਸਿਰੇ ਨਹੀ ਚੜ੍ਹਾ ਸਕਦੀ ਸੀ। ਅੱਜ ਕੱਲ੍ਹ ਉਸ ਨੇ ਸਕੂਲ ਜਾਣਾ ਵੀ ਬੰਦ ਕਰ ਦਿੱਤਾ ਸੀ।

ਸਿਆਣੇ ਲਿਆਂਦੇ ਗਏ--ਰਾਜਿੰਦਰ ਦੇ ਇਸ ਵਰਤਾਉ ਨੇ ਉਸ ਦੇ ਘਰ ਦਿਆਂ ਨੂੰ ਬਹੁਤ ਹੀ ਪ੍ਰੇਸ਼ਾਨ ਕਰ ਦਿੱਤਾ। ਪਿੰਡ ਦੀਆਂ ਬਜ਼ੁਰਗ ਔਰਤਾਂ ਨੇ ਉਹਨਾਂ ਨੂੰ ਵੱਖ ਵੱਖ ਸਿਆਣਿਆਂ ਦੀ ਦੱਸ ਪਾਈ। ਸਾਡੇ ਪੰਜਾਬ ਦੇ ਪਿੰਡਾਂ ਦੀ ਇਹ ਰਵਾਇਤ ਹੈ ਕਿ ਅਜਿਹੇ ਕੇਸਾਂ ਵਿਚ ਮੁੱਖ ਟੇਕ ਹੀ ਸਾਧਾਂ ਸੰਤਾਂ ਤੇ ਰੱਖੀ ਜਾਂਦੀ ਹੈ। ਇਸ ਤਰ੍ਹਾਂ ਹੀ ਇਸ ਕੇਸ 'ਚ ਵੀ ਹੋਇਆ।

ਬਜ਼ੁਰਗ ਔਰਤ ਦੇ ਦੱਸਣ ਤੇ ਰਾਜਿੰਦਰ ਦਾ ਭਾਣਜਾ ਉਸ ਦੀ ਚੁੰਨੀ ਲੈ ਕੇ ਹਨੂਮਾਨਗੜ੍ਹ ਦੇ ਨੇੜੇ ਦੇ ਪਿੰਡ ਰੋੜਾਂਵਾਲੀ ਗਿਆ। ਉਥੋਂ ਦੇ ਪੀਰ ਨੇ ਚੁੰਨੀ ਮਿਣ ਕੇ ਧਾਗਾ ਤੇ ਤਬੀਤ ਬਣਾ ਦਿੱਤਾ ਅਤੇ ਸੱਤ ਰੁਪੈ ਲੈ ਲਏ। ਪਰ ਰਾਜਿੰਦਰ ਦੀ ਹਾਲਤ ਵਿਚ ਕਿਸੇ ਕਿਸਮ ਦਾ ਕੋਈ ਫ਼ਰਕ ਨਾ ਪਿਆ। ਕੁਝ ਦਿਨਾਂ ਬਾਅਦ ਉਹ ਕੋਟਕਪੂਰੇ ਦੇ ਇਕ ਪੰਡਤ ਕੋਲ ਗਏ। ਇਹ ਪੰਡਤ ਜੀ ਹਰ ਸਮੇਂ ਸ਼ਰਾਬ ਪੀ ਕੇ ਪੁੱਛ ਦਿੰਦਾ ਰਹਿੰਦਾ ਸੀ। ਉਸ ਨੇ ਦੱਸਿਆ ਕਿ ਰਾਜਿੰਦਰ ਵਿਚ ਉਸ ਦੇ ਬਾਪ ਦਾ ਭੂਤ ਆਉਂਦਾ ਸੀ ਭਾਵੇਂ ਉਸ ਦਾ ਬਾਪ ਅਜੇ ਜਿਊਂਦਾ ਹੀ ਸੀ। ਕੁਝ ਰੁਪੈ ਪ੍ਰਾਪਤ ਕਰਕੇ ਉਸ ਨੇ ਇਥ ਤਬੀਤ ਬਣਾ ਦਿੱਤਾ ਪਰ ਇਸ ਤਬੀਤ ਨੇ ਵੀ ਰਾਜਿੰਦਰ ਦੀ ਮਾਨਸਿਕ ਹਾਲਤ ਵਿਚ ਕੋਈ ਸੁਧਾਰ ਨਾ ਕੀਤਾ।

ਮਲੋਟ ਦੇ ਜਲਧਾਰਾ ਵਾਲੇ ਬਾਬੇ ਨੇ ਵੀ ਰਾਜਿੰਦਰ ਦੇ ਚਿਮਟੇ ਮਾਰੇ ਪਰ ਉਸ ਦੀ ਹਾਲਤ ਜਿਉਂ ਦੀ ਤਿਉਂ ਸੀ।

ਅਬੋਹਰ ਦੇ ਰਾਮ ਦੇਵ ਮੰਦਰ ਦੇ ਸਿਆਣੇ ਨੇ ਪੰਜ ਧਾਤਾਂ ਦਾ ਕੜਾ ਬਣਵਾ ਕੇ ਪਹਿਨਣ ਲਈ ਕਿਹਾ ਅਤੇ ਪੰਦਰਾਂ ਰੁਪੈ ਖਰਚ ਕੇ ਕੜਾ ਬਣਾਵਾ ਕੇ ਪਹਿਨਿਆ ਵੀ ਗਿਆ ਪਰ ਰਾਜਿੰਦਰ ਦੀ ਹਾਲਤ ਉਸੇ ਤਰ੍ਹਾਂ ਹੀ ਰਹੀ।



ਵਡਭਾਗ ਸਿੰਘ ਤੇ ਡੇਰੇ ਵਿਚ ਜਾ ਕੇ ਪੰਜ ਚੌਕੀਆਂ ਲਾਈਆਂ ਗਈਆਂ ਪਰ ਇਹ ਵੀ ਬੇਅਰਥ ਗਈਆਂ। ਤਪੇ ਦਾ ਡਾਕਟਰ ਮਾਲੀ ਜੋ ਮਲੋਟ ਰਹਿੰਦਾ ਹੈ ਅਤੇ ਉਹ ਦਵਾਈ ਦੇ ਨਾਲ ਨਾਲ ਹਥੌਲਾ ਵੀ ਕਰਦਾ ਹੈ, ਉਸ ਦਾ ਇਲਾਜ ਵੀ ਰਾਜਿੰਦਰ ਦੀ ਸਿਹਤ 'ਤੇ ਕੋਈ ਪ੍ਰਭਾਵ ਨਾ ਪਾ ਸਕਿਆ।

ਮੇਰੇ ਪਾਸ ਪਹੁੰਚੇ--ਦੋ ਮਾਰਚ ਉਨੀਂ ਸੌ ਛਿਆਸੀ ਨੂੰ ਮੈਂ ਸਕੂਲੋਂ ਘਰ ਆਇਆ ਹੀ ਸੀ ਕਿ ਮੇਰੀ ਪਤਨੀ ਦੇ ਦੱਸਿਆ ਕਿ ਇਕ ਆਦਮੀ ਤੇ ਔਰਤ ਪਟਿਆਲੇ ਤੋਂ ਮੈਨੂੰ ਮਿਲਣ ਆਏ ਹੋਏ ਸਨ। ਮੈਂ ਅਜੇ ਰੋਟੀ ਖਾ ਹੀ ਰਿਹਾ ਸੀ ਕਿ ਉਹ ਫਿਰ ਮੇਰੇ ਪਾਸ ਆ ਗਏ। ਮੈਂ ਉਹਨਾਂ ਨੂੰ ਬੈਠਕ ਵਿਚ ਬਿਠਾ ਕੇ ਉਹਨਾਂ ਦੀ ਸਮੱਸਿਆ ਬਾਰੇ ਪੁੱਛਗਿਛ ਕੀਤੀ। ਉਹਨਾਂ ਨੇ ਮੈਨੂੰ ਹਰ ਘਟਨਾ ਦੀ ਵਿਸਥਾਰ ਪੂਰਬਕ ਜਾਣਕਾਰੀ ਦਿੱਤੀ। ਜਦੋਂ ਮੈਂ ਰਾਜਿੰਦਰ ਨਾਲ ਗੱਲਬਾਤ ਕੀਤੀ ਤਾਂ ਉਹ ਲੱਗਭਗ ਅਰਧ ਬੇਹੋਸ਼ੀ ਦੀ ਹਾਲਤ ਵਿਚ ਸੀ। ਮੈਂ ਆਦਮੀ ਨੂੰ ਬਾਹਰ ਬਿਠਾ ਅਤੇ ਰਾਜਿੰਦਰ ਨੂੰ ਪਾਣੀ ਵਗੈਰਾ ਪਿਲਾ ਕੇ ਉਸ ਨਾਲ ਬਹੁਤ ਹੀ ਨਿੱਘੇ ਢੰਗ ਨਾਲ ਗੱਲਬਾਤ ਕੀਤੀ। ਕੁਝ ਸਮਾਂ ਤਾਂ ਉਹ ਅਸਲੀ ਗੱਲਾਂ ਨੂੰ ਮੈਥੋਂ ਲੁਕਾਉਣ ਦਾ ਯਤਨ ਕਰਦੀ ਰਹੀ ਪਰ ਮੇਰੇ ਅਪਣੱਤ ਭਰੇ ਵਤੀਰੇ ਨੇ ਆਖਰ ਉਸ ਨੂੰ ਸਚਾਈ ਦੱਸਣ ਲਈ ਮਜ਼ਬੂਰ ਕਰ ਦਿੱਤਾ। ਭਾਵੇਂ ਉਸ ਨੇ ਮੈਨੂੰ ਇਹ ਸਚਾਈ ਆਪਣੇ ਇਸ ਵਾਅਦੇ ਤੇ ਹੀ ਦੱਸੀ ਕਿ ਇਹ ਮੇਰੇ ਤੋਂ ਸਿਵਾ ਕਿਸੇ ਹੋਰ ਨੂੰ ਬਿਲਕੁਲ ਵੀ ਪਤਾ ਨਹੀਂ ਲੱਗਣੀ ਚਾਹੀਦੀ। ਉਸਨੇ ਆਪਣੀ ਆਪ ਬੀਤੀ ਇਸ ਤਰ੍ਹਾਂ ਬਿਆਨ ਕੀਤੀ।

ਉਹ ਅਜੇ ਆਪਣੀ ਜੁਆਨੀ ਦੀ ਚੜ੍ਹਦੀ ਉਮਰ ਵਿਚ ਹੀ ਸੀ ਅਤੇ ਅੱਠਵੀਂ ਜਮਾਤ ਦੀ ਵਿਦਿਆਰਥਣ ਸੀ ਕਿ ਘਰ ਦਿਆਂ ਨੇ ਉਸ ਦਾ ਵਿਆਹ ਕਿਸੇ ਅਜਿਹੇ ਵਿਅਕਤੀ ਨਾਲ ਕਰ ਦਿੱਤਾ ਜੋ ਕਾਫ਼ੀ ਜ਼ਮੀਨ ਦਾ ਮਾਲਕ ਸੀ। ਪਰ ਉਹ ਬਿਲਕੁਲ ਅਨਪੜ੍ਹ ਸੀ। ਸ਼ਰਾਬ ਪੀ ਕੇ ਉਸ ਨੂੰ ਕੁੱਟਣਾ ਉਸ ਨੇ ਆਪਣਾ ਸ਼ੁਗਲ ਹੀ ਬਣਾ ਲਿਆ ਸੀ। ਦੋ ਮਹੀਨੇ ਬਾਅਦ ਰਾਜਿੰਦਰ ਆਪਣੀ ਵੱਡੀ ਭੈਣ ਦੀ ਬਿਮਾਰੀ ਦਾ ਪਤਾ ਲੈਣ ਲਈ ਆਪਣੀ ਭੈਣ ਦੇ ਸਹੁਰੇ ਘਰ ਗਈ। ਜਦੋਂ ਉਹ ਆਪਣੀ ਭੈਣ ਦੇ ਘਰ ਪਹੁੰਚੀ ਤਾਂ ਉਸ ਨੇ ਵੇਖਿਆ ਕਿ ਉਸ ਦੀ ਭੈਣ ਦੀ ਹਾਲਤ ਬਹੁਤ ਭੈੜੀ ਸੀ। ਉਸ ਨੂੰ ਦੌਰੇ ਪੈਂਦੇ ਹੀ ਰਹਿੰਦੇ ਸਨ। ਉਸ ਨੂੰ ਆਪਣੇ ਛੋਟੇ-ਛੋਟੇ ਭਾਣਜੇ ਅਤੇ ਭਾਣਜੀਆਂ ਤੇ ਬਹੁਤ ਹੀ ਤਰਸ ਆਇਆ ਕਿਉਂਕਿ ਉਹਨਾਂ ਨੂੰ ਰੋਟੀ ਪਕਾ ਕੇ ਖਵਾਉਣ ਵਾਲਾ ਘਰ ਵਿਚ ਕੋਈ ਵੀ ਨਹੀਂ ਸੀ।

ਭੈਣ ਦੀ ਬਿਮਾਰੀ ਕਾਰਨ ਰਾਜਿੰਦਰ ਦਾ ਜੀਜਾ ਵੀ ਬਹੁਤ ਨਿਰਾਸ਼ਾ ਦੀ ਹਾਲਤ ਵਿਚੋ ਲੰਘ ਰਿਹਾ ਸੀ। ਇਕ ਦੂਜੇ ਦੁੱਖਾਂ ਵਿਚ ਸ਼ਰੀਕ ਹੁੰਦੇ ਹੋਏ ਰਾਜਿੰਦਰ ਨੇ ਆਪਣੇ ਪਤੀ ਪਾਸ ਨਾ ਜਾਣ ਦਾ ਫੈਸਲਾ ਲੈ ਲਿਆ। ਰਾਜਿੰਦਰ ਦੇ ਪਤੀ ਨੇ ਉਸ ਨੂੰ ਲੈ ਜਾਣ ਲਈ ਕਈ ਮੁਕੱਦਮੇ ਵੀ ਦਾਇਰ ਕਰ ਦਿੱਤੇ ਪਰ ਇਹ ਮੁਕੱਦਮੇ ਵੀ ਸਫਲ ਨਾ ਹੋਏ। ਆਖਰ ਉਸ ਨੇ ਰਾਜਿੰਦਰ ਨੂੰ ਭਾੜੇ ਦੇ ਖਰੀਦੇ ਹੋਏ ਲੋਕਾਂ ਰਾਹੀਂ ਜ਼-ਬਰਦਸਤੀ ਚੁਕਵਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਪਰ ਇਸ ਵਿਚ ਵੀ ਉਸ ਨੂੰ ਸਫਲਤਾ ਨਾ ਮਿਲੀ।

ਭਾਵੇਂ ਰਾਜਿੰਦਰ ਅਤੇ ਉਸ ਦੇ ਜੀਜੇ ਦੀ ਉਮਰ ਵਿਚ ਪੰਦਰਾਂ ਸਾਲ ਦਾ ਫਰਕ ਸੀ ਫਿਰ ਵੀ ਉਸ ਨੇ ਆਪਣੇ ਜੀਜੇ ਨੂੰ ਪਤੀ ਮੰਨ ਲਿਆ। ਭੈਣ ਦੀ ਬੀਮਾਰੀ ਠੀਕ ਨਾ ਹੋਈ ਅਤੇ ਉਸ ਦਾ ਜੀਜਾ ਵੀ ਰੋਜ਼ ਦਾ ਸ਼ਰਾਬੀ ਬਣ ਗਿਆ। ਘਰ ਦੀਆਂ ਹਾਲਤਾਂ ਦਿਨੋ ਦਿਨ ਵਿਗੜਦੀਆਂ ਜਾ ਰਹੀਆਂ ਸਨ ਕਿ ਰਾਜਿੰਦਰ ਨੇ ਦਸਵੀਂ ਦਾ ਇਮਤਿਹਾਨ ਪਾਸ ਕਰ ਲਿਆ ਅਤੇ ਜੇ. ਬੀ. ਟੀ. ਵਿਚ ਦਾਖਲ ਹੋ ਗਈ। ਜੇ.ਬੀ.ਟੀ. ਦੀ ਦੋ ਸਾਲਾਂ ਦੀ ਪੜ੍ਹਾਈ ਦੌਰਾਨ ਹੀ ਉਸ ਦੇ ਪਿਆਰ ਸੰਬੰਧ ਆਪਣੇ ਇਕ ਸਹਿਪਾਠੀ ਨਾਲ ਬਣ ਗਏ। ਉਸ ਦਾ ਸਹਿਪਾਠੀ ਉਸ ਦੇ ਘਰ ਆਮ ਹੀ ਆਉਣ ਜਾਣ ਲੱਗ ਪਿਆ। ਜੇ.ਬੀ.ਟੀ. ਦੀ ਪੜ੍ਹਾਈ ਖਤਮ ਹੋਣ ਤੋਂ ਕੁਝ ਚਿਰ ਪਿਛੋਂ ਦੋਵੇਂ ਅਧਿਆਪਕ ਬਣ ਗਏ। ਪਰ ਉਹਨਾਂ ਦੇ ਪ੍ਰੇਮ ਸੰਬੰਧ ਨਿਰਵਿਘਨ ਚਲਦੇ ਰਹੇ। ਕੁਝ ਸਮੇਂ ਬਾਅਦ ਰਾਜਿੰਦਰ ਦੇ ਸਹਿਪਾਠੀ ਸੁਖਦੇਵ ਦੇ ਘਰ ਦੇ ਉਸ ਦੇ ਵਿਆਹ ਲਈ ਜ਼ੋਰ ਪਾਉਣ ਲੱਗ ਪਏ। ਸੁਖਦੇਵ ਨੇ ਆਪਣੀ ਮਜ਼ਬੂਰੀ ਰਾਜਿੰਦਰ ਪਾਸ ਰੱਖੀ।

ਰਾਜਿੰਦਰ ਕੌਰ ਚਾਹੁੰਦੀ ਸੀ ਕਿ ਉਸ ਦੇ ਪਿਆਰ ਸੰਬੰਧ ਇਸੇ ਤਰ੍ਹਾਂ ਹੀ ਚਲਦੇ ਰਹਿਣ। ਕਾਫੀ ਸੋਚ ਵਿਚਾਰ ਤੋਂ ਬਾਅਦ ਰਜਿੰਦਰ ਨੇ ਇਸ ਦਾ ਹੱਲ ਵੀ ਲੱਭ ਲਿਆ। ਰਾਜਿੰਦਰ ਦਾ ਜੀਜਾ ਸ਼ਰਾਬੀ ਸੀ ਅਤੇ ਭੈਣ ਬੀਮਾਰ ਰਹਿੰਦੀ ਸੀ ਜਿਸ ਕਾਰਣ ਬੱਚਿਆਂ ਦੀ ਜ਼ੁੰਮੇਵਾਰੀ ਰਾਜਿੰਦਰ ਤੇ ਹੀ ਸੀ। ਰਾਜਿੰਦਰ ਨੇ ਆਪਣੇ ਜੀਜੇ ਦੀ ਸਹਿਮਤੀ ਨਾਲ ਆਪਣੀ ਭਾਣਜੀ ਸੁਰਿੰਦਰ ਦਾ ਰਿਸ਼ਤਾ ਆਪਣੇ ਪ੍ਰੇਮੀ ਸੁਖਦੇਵ ਨਾਲ ਤਹਿ ਕਰ ਦਿੱਤਾ। ਸੁਖਦੇਵ ਖੁਸ਼ ਸੀ ਕਿਉਕਿ ਸੁਰਿੰਦਰ ਇਕ ਸੁੰਦਰ ਲੜਕੀ ਸੀ।

ਸਮਾਂ ਆਉਣ ਤੇ ਸੁਖਦੇਵ ਅਤੇ ਸੁਰਿੰਦਰ ਦਾ ਵਿਆਹ ਹੋ ਗਿਆ। ਕੁਝ ਸਮਾਂ ਤਾਂ ਰਾਜਿੰਦਰ ਕੌਰ ਅਤੇ ਸੁਖਦੇਵ ਸਿੰਘ ਦੇ ਪ੍ਰੇਮ ਸੰਬੰਧ ਉਸੇ ਤਰ੍ਹਾਂ ਚਲਦੇ ਰਹੇ। ਆਖਰ ਇਸ ਗੱਲ ਦਾ ਭੇਦ ਘਰਦਿਆਂ ਨੂੰ ਲੱਗ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਸੁਖਦੇਵ ਦੀ ਪਤਨੀ ਸੁਰਿੰਦਰ ਵੀ ਬਾਗੀ ਹੋ ਗਈ ਅਤੇ ਉਸ ਨੇ ਵੀ ਸੁਖਦੇਵ ਨੂੰ ਚਿੜਾਉਣ ਲਈ ਹੋਰਾਂ ਵਿਅਕਤੀਆਂ ਨਾਲ ਆਪਣੇ ਪਿਆਰ ਸੰਬੰਧ ਬਣਾਉਣੇ ਸ਼ੁਰੂ ਕਰ ਦਿੱਤੇ।

ਇਕ ਦਿਨ ਰਾਜਿੰਦਰ ਦੀ ਬਿਮਾਰ ਭੈਣ ਨੇ ਉਸ ਨੂੰ ਕਿਹਾ,"ਤੂੰ ਤਾਂ ਡੈਣਏਂ! ਮੇਰਾ ਘਰ ਬਰਬਾਦ ਕਰ ਹੀ ਦਿੱਤਾ ਹੁਣ ਮੇਰੀ ਧੀ ਦਾ ਘਰ ਵੀ ਬਰਬਾਦ ਕਰਨ ਲੱਗੀ ਏਂ ।"

ਇਹਨਾਂ ਦੋ ਵਾਕਾਂ ਨੇ ਰਾਜਿੰਦਰ ਕੌਰ ਦੇ ਦਿਮਾਗੀ ਸੰਤੁਲਨ ਨੂੰ ਵਿਗਾੜ ਦਿੱਤਾ, ਸਿੱਟੇ ਵਜੋਂ ਉਹ ਨੀਮ ਪਾਗਲਾਂ ਵਾਲੀਆਂ ਹਰਕਤਾਂ ਕਰ ਰਹੀ ਸੀ।

ਉਸ ਨੇ ਮੈਨੂੰ ਇਹ ਵੀ ਦੱਸਿਆ, "ਕਿ ਮੈਂ ਹੁਣ ਇਹੋ ਸੋਚਦੀ ਰਹਿੰਦੀ ਹਾਂ ਕਿ ਸੁਖਦੇਵ ਸਿੰਘ ਮੇਰਾ ਜਵਾਈ ਹੈ ਅਤੇ ਮੈਂ ਉਸ ਨਾਲ ਆਪਣੇ ਸਰੀਰਕ ਸੰਬੰਧ ਬਣਾ ਕੇ ਸਮਾਜ ਪ੍ਰਤੀ ਬਹੁਤ ਵੱਡਾ ਗੁਨਾਹ ਕੀਤਾ ਹੈ। ਭਾਵੇਂ ਪਹਿਲਾਂ ਵੀ ਮੈਂ ਆਪਣੇ ਜੀਜੇ ਨਾਲ ਰਹਿ ਕੇ ਇਕ ਵੱਡਾ ਗੁਨਾਹ ਕੀਤਾ ਸੀ। ਸਮਾਜ ਮੈਨੂੰ ਕਦੇ ਮੁਆਫ ਨਹੀਂ ਕਰੇਗਾ।"

ਮੈਂ ਉਸਨੂੰ ਇਹ ਪੁੱਛਿਆ, "ਜੇ ਤੇਰੇ ਸੰਬੰਧ ਹੁਣ ਸੁਖਦੇਵ ਸਿੰਘ ਨਾਲੋਂ ਖਤਮ ਹੋ ਜਾਣ ਤਾਂ ਕੀ ਤੂੰ ਖੁਸ਼ ਰਹਿ ਸਕੇਗੀ ?" ਉਸ ਨੇ ਮੈਨੂੰ ਕਿਹਾ ਕਿ ਜੇ ਅਜਿਹਾ ਹੋ ਜਾਵੇ ਤਾਂ ਮੈਂ ਅਤੇ ਮੇਰੀ ਭਾਣਜੀ ਦੋਵੇਂ ਹੀ ਸੁਖੀ ਰਹਿ ਸਕਦੀਆਂ ਹਾਂ। ਮੈਂ ਉਹਨਾਂ ਨੂੰ ਚਾਰ ਮਾਰਚ ਨੂੰ ਦੁਬਾਰਾ ਘਰ ਆਉਣ ਦਾ ਸੱਦਾ ਦਿੱਤਾ ਅਤੇ ਨਾਲ ਹੀ ਸੁਖਦੇਵ ਅਤੇ ਸੁਰਿੰਦਰ ਨੂੰ ਲਿਆਉਣ ਲਈ ਕਿਹਾ। ਚਾਰ ਮਾਰਚ ਨੂੰ ਉਹ ਤਿੰਨੇ ਮੇਰੇ ਪਾਸ ਪਹੁੰਚ ਗਏ।

ਸੁਖਦੇਵ ਨਾਲ ਮੈਂ ਗੱਲਬਾਤ ਕੀਤੀ ਅਤੇ ਉਸ ਨੂੰ ਆਪਣੀ ਮਾਸੀ ਰਾਜਿੰਦਰ ਨਾਲੋਂ ਸੰਬੰਧ ਸਦਾ ਲਈ ਤੋੜਣ ਵਾਸਤੇ ਕਿਹਾ। ਉਹ ਖੁਸ਼ੀ ਖੁਸ਼ੀ ਇਸ ਗੱਲ ਲਈ ਰਜ਼ਾਮੰਦ ਹੋ ਗਿਆ। ਉਸ ਤੋਂ ਬਾਅਦ ਮੈਂ ਸੁਰਿੰਦਰ ਨੂੰ ਆਪਣੇ ਪਾਸ ਬੁਲਾਇਆ ਅਤੇ ਉਸ ਨੂੰ ਵੀ ਇਸ ਗੱਲ ਤੇ ਸਹਿਮਤ ਕਰ ਲਿਆ ਕਿ ਉਹ ਵੀ ਆਪਣੇ ਪਤੀ ਦੀ ਆਗਿਆ ਦਾ ਪਾਲਣ ਕਰੇਗੀ। ਉਸ ਤੋਂ ਬਾਦ ਮੈਂ ਰਾਜਿੰਦਰ ਨੂੰ ਇਕ ਆਰਾਮ ਕੁਰਸੀ ਤੇ ਬਿਠਾ ਲਿਆ। ਥੋਹੜੀ ਜਿਹੀ ਕੋਸ਼ਿਸ਼ ਨਾਲ ਹੀ ਉਹ ਸੰਮੋਹਣੀ ਨੀਂਦ ਵਿਚ ਆ ਗਈ ਅਤੇ ਸੰਮੋਹਣੀ ਨੀਂਦ ਵਿਚ ਹੀ ਮੈਂ ਉਸ ਨੂੰ ਵਾਰ ਵਾਰ ਇਹ ਸੁਝਾਓ ਦਿੱਤਾ ਕਿ ਹੁਣ ਉਹ ਸੁਖਦੇਵ ਨਾਲ ਕਿਸੇ ਕਿਸਮ ਦਾ ਕੋਈ ਸੰਬੰਧੀ ਨਹੀਂ ਰੱਖੇਗੀ।

ਅੱਜ ਚਾਰ ਮਹੀਨੇ ਬੀਤ ਜਾਣ ਤੇ ਵੀ ਉਸ ਦਿਨ ਤੋਂ ਰਾਜਿੰਦਰ ਕੌਰ ਬਿਲਕੁਲ ਠੀਕ ਆਪਣੀ ਜ਼ਿੰਦਗੀ ਬਤੀਤ ਕਰ ਰਹੀ ਹੈ।

# ਇਤਿਹਾਸਕ ਘਟਨਾ- ਯੂ ਕੇ ਵਿੱਚ ਜਾਤੀ ਭੇਦ-ਭਾਵ ਕਾਨੂੰਨਨ ਜ਼ੁਰਮ

-ਹਰਬੰਸ ਵਿਰਦੀ

10 ਸਾਲ ਦੇ ਲੰਮੇ ਸੰਘਰਸ਼ ਤੋਂ ਬਾਦ ਆਖਿਰ ਹਿੰਦੂ ਧਰਮ ਦੀ ਜਾਤ-ਪਾਤ, ਜਿਸ ਨੇ ਹਜ਼ਾਰਾਂ ਸਾਲਾਂ ਤੋਂ ਮੂਲਨਿਵਾਸੀਆਂ ਨੂੰ ਬੁਰੀ ਤਰ੍ਹਾਂ ਵੰਡਿਆ ਹੋਇਆ ਹੈ, ਯੂਨਾਇਟਡ ਕਿੰਗਡਮ ਦੀ ਸਰਕਾਰ ਨੇ ਕਾਨੂੰਨ ਪਾਸ ਕਰ ਦਿੱਤਾ ਹੈ ਕਿ ਅਗਰ ਕੋਈ ਜਾਤ ਦੇ ਆਧਾਰ ਉੱਤੇ ਕਿਸੇ ਨਾਲ ਭਿੰਨ-ਭੇਦ ਕਰੇਗਾ ਤਾਂ ਉਸਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ । ਛੇ ਹਫਤਿਆਂ ਵਿੱਚ ਤਿੰਨ ਵਾਰ ਯੂ ਕੇ ਵਿੱਚ ਰਹਿੰਦੇ ਐਸ ਸੀ (ਸ਼ਡੂਲਡ ਕਾਸਟ) ਲੋਕਾਂ ਨੇ ਯੂ ਕੇ ਦੇ ਪਾਰਲੀਮੈਂਟ ਦੇ ਸਾਹਮਣੇ ਮੁਜਾਹਰੇ ਕੀਤੇ ਕਿ ਸਰਕਾਰ ਜਾਤ -ਪਾਤ ਦੇ ਆਧਾਰ ਤੇ ਕੀਤੇ ਭਿੰਨ-ਭੇਦ ਦੇ ਖਿਲਾਨ ਕਾਨੂੰਨ ਪਾਸ ਕਰੇ। ਫੈਡਰੇਸ਼ਨ ਔਫ ਅੰਬੇਡਕਰਾਈਟਸ ਐਂਡ ਬੁਧਿੱਸਟ ਔਰਗੇਨਾਈਜੇਸ਼ਨਸ ਯੂ ਕੇ, ਕਾਸਟ ਵੌਚ ਯੂ ਕੇ, ਦਲਿਤ ਸੌਲਡੈਰਟੀ ਨੈਟਵਰਕ ਯੂ ਕੇ, ਵੋਇਸ ਔਫ ਦਲਿਤ ਇੰਟਰਨੈਸ਼ਨਲ, ਸੈਂਟਰਲ ਵਾਲਮੀਕ ਸਭਾ ਯੂ ਕੇ, ਰਵਿਦਾਸੀਆ ਕਮਿਊਨਟੀਸ, ਇੰਡੀਅਨ ਕਰਿਸਚੀਅਨ ਕਨਸਰਨ, ਡਾ: ਅੰਬੇਡਕਰ ਮਮੋਰੀਅਲ ਕਮੇਟੀ ਵੁਲਵਰਹੈਮਟਨ ਆਦਿ ਯੂ ਕੇ ਦੇ ਅਲੱਗ ਅਲੱਗ ਸ਼ਹਿਰਾਂ ਵਿੱਚੋਂ ਲੋਕ ਕੋਚਾਂ ਭਰਕੇ ਮੁਜਾਹਰੇ ਵਿੱਚ ਸ਼ਾਮਲ ਹੋਣ ਲਈ ਲੰਡਨ ਆਏ। ਯੂ ਕੇ ਦੇ ਸਾਰੇ ਸ਼ਹਿਰਾਂ ਤੋਂ ਸੰਸਥਾਵਾਂ, ਆਮ ਲੋਕ 23 ਅਪ੍ਰੈਲ ਨੂੰ ਲੰਡਨ ਦੇ ਪਾਰਲੀਮੈਂਟ ਸ੍ਹਾਮਣੇ ਮੈਦਾਨ ਵਿੱਚ ਇਕੱਠੇ ਹੋਏ, ਇਹ ਦਿਨ ਲੋਕਾਂ ਦੇ ਦਿਮਾਗ ਵਿੱਚ ਹਮੇਸ਼ਾਂ ਯਾਦ ਰਹੇਗਾ।

ਕਮਿਊਨਟੀ ਐਕਟਵਿਸਟ ਅਤੇ ਨੇਵਰਹੁੱਡ ਕਨਸੱਲਟੰਸੀ ਦੇ ਮੈਨੇਜਰ, ਰਜਿੰਦਰ ਰੱਤੂ ਨੇ ਕਿਹਾ ਕਿ "ਮੈਂ ਬ੍ਰਮੀਗਮ ਵਿੱਚ ਬੜਾ ਹੋਇਆ, ਆਪਣੇ ਆਪ ਨੂੰ ਉਚੀ ਜਾਤੀ ਸਮਝਣ ਵਾਲੇ ਲੋਕਾਂ ਨੇ ਮੇਰੇ ਨਾਲ ਜਾਤ ਦੇ ਆਧਾਰ ਤੇ ਨਫਰਤ ਕੀਤੀ ਅਤੇ ਮੇਰੇ ਨਾਲ ਬੁਰਾ ਸਲੂਕ ਕੀਤਾ। ਇਸ ਕਰਕੇ ਹੀ ਮੈਂ ਹਰ ਵਾਰ ਇਸ ਜਾਤ-ਪਾਤ ਦੇ ਖਿਲਾਫ ਕਾਨੂੰਨ ਬਣਨ ਦੇ ਹੱਕ ਵਿੱਚ ਆਇਆ ਹਾਂ ਤਾਂ ਕਿ ਮੇਰੀ ਤਰ੍ਹਾਂ ਬਾਕੀ ਲੋਕ ਇਸ ਦੇ ਸ਼ਿਕਾਰ ਨਾ ਹੋਣ।

ਯੂ ਕੇ ਪਾਰਲੀਮੈਂਟ ਦੇ ਸ੍ਹਾਮਣੇ ਖੁੱਲੇ ਮੈਦਾਨ ਵਿੱਚ ਲੋਕ ਖੁਸ਼ੀ ਨਾਲ ਨੱਚਣ ਲੱਗੇ ਜਦੋ 2:30 ਦੁਪਿਹਰ ਤੋਂ ਬਾਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਯੂ ਕੇ ਦੀ ਸਰਕਾਰ ਨੇ ਬ੍ਰਾਬਤਾ ਦੇ ਐਕਟ 2010 ਵਿੱਚ ਸ਼ਾਮਲ ਕਰ ਦਿੱਤਾ ਹੈ ਕਿ ਜਾਤ-ਪਾਤ ਗੈਰ ਕਾਨੂੰਨੀ ਹੈ। ਜਿਸ ਨਾਲ ਲੱਖਾਂ ਲੋਕਾਂ ਨੂੰ ਕਾਨੂੰਨ ਰਾਹੀ ਹਿੰਦੂਆ ਦੇ ਇਸ ਸਿਸਟਮ ਤੋਂ ਬੇਇੱਜ਼ਤ ਨਹੀਂ ਹੋਣਾ ਪਵੇਗਾ।

ਯੂ ਕੇ ਦੇ ਵਿਉਪਾਰ ਸੈਕਟਰੀ ਵਿੰਸ ਕੇਬਲ (ਇਸ ਅੰਗਰੇਜ਼ ਐਮ ਪੀ ਨੇ ਇੱਕ ਗੋਆ ਦੀ ਔਰਤ ਨਾਲ ਸ਼ਾਦੀ ਕੀਤੀ ਹੋਈ ਹੈ ਇਸਦਾ ਲੜਕਾ ਬੁਧਿੱਸਟ ਹੈ) ਨੇ ਪਾਰਲੀਮੈਂਟ ਵਿੱਚ ਇਹ ਮਤਾ ਰੱਖਿਆ ਕਿ ਜਾਤ ਨੂੰ ਰੇਸ ਵਾਂਗ ਇਕ ਮਸਲਾ ਸਮਝਿਆ ਜਾਵੇ, ਉਨ੍ਹਾਂ ਨੇ ਸੈਕਟਰੀ ਔਫ ਸਟੇਟ ਨੂੰ ਕਿਹਾ ਕਿ ਇਸਨੂੰ ਪਹਿਲ ਦਿੱਤੀ ਜਾਵੇ ਜੋ 9 (5) ਦਾ ਬ੍ਰਾਬਰਤਾ ਵਾਲੇ ਬਿੱਲ ਦਾ ਹਿੱਸਾ ਹੈ, ਦੋ ਮਹੀਨੇ ਦੇ ਵਿੱਚ ਵਿੱਚ ਇਸ ਨੂੰ ਉਸ ਵਿੱਚ ਸ਼ਾਮਲ ਕਰਕੇ ਲਾਗੂ ਕੀਤਾ ਜਾਵੇ।

ਇਹ ਖਬਰ ਆਉਣ ਤੋਂ ਪਹਿਲਾਂ ਲੌਰਡ ਐਵਬਰੀ ਅਤੇ ਲੌਰਡ ਹੁਸੈਨ ਇਸ ਮੈਦਾਨ ਵਿੱਚ ਸ਼ਾਮਲ ਹੋਏ, ਲੌਰਡ ਐਵਬਰੀ ਨੇ ਕਿਹਾ ਕਿ "ਇਤਨੀ ਬੜੀ ਸੰਖਿਆ ਵਿੱਚ ਲੋਕ ਆਉਣਗੇ ਅਸੀਂ ਸੋਚਿਆ ਹੀ ਨਹੀਂ ਸੀ ! ਇਨ੍ਹਾਂ ਤੋਂ ਬਾਦ ਵਧ ਰਹੀ ਭੀੜ ਨੂੰ ਜਰਮੀ ਕੋਰਬਾਈਨ ਐ ਪੀ ਅਤੇ ਰਿਚਰਡ ਫੁੱਲਰ ਐਮ ਪੀ ਨੇ ਲੋਕਾਂ ਨੂੰ ਸੰਬੋਧਤ ਕੀਤਾ। ਜਿਨ੍ਹਾਂ ਨੇ ਪਾਰਲੀਆਮੈਂਟ ਵਿੱਚ ਇਸ ਦੇ ਹੱਕ ਵਿੱਚ ਡਟਕੇ ਜੱਦੋ-ਜਹਿਦ ਕੀਤੀ।

ਜਲਦੀ ਹੀ 2।45 ਦੁਪਿਹਰ ਤੋਂ ਬਾਦ ਲੇਬਰ ਪਾਰਟੀ ਦੀ ਕੇਟ ਗਰੀਨ ਐਮ ਪੀ ਬ੍ਰਾਬਰਤਾ ਦੀ ਸ਼ੈਡੋ ਜੂਨੀਅਰ ਮਨਿਸਟਰ ਅਤੇ ਸੀਮਾ ਮਲਹੋਤਰਾ ਐਮ ਪੀ ਪਾਰਲੀਮੈਂਟ ਤੋਂ ਬਾਹਰ ਇਸ ਮੈਦਾਨ ਵਿੱਚ ਇਹ ਵਧੀਆ ਖਬਰ ਦੱਸਣ ਆਏ ਕਿ ਪਾਰਲੀਮੈਂਟ ਨੇ ਵੋਟਾਂ ਪਾਏ ਤੋਂ ਬਗੈਰ ਹੀ ਇਸ ਬਿੱਲ ਨੂੰ ਪਾਸ ਕਰ ਦਿੱਤਾ ਹੈ ਕਿਉਂਕਿ ਦੋਨਾਂ ਪਾਰਟੀਆਂ ਨੇ ਇਸ ਲਈ ਸੋਚਿਆ ਵਿਚਾਰਿਆ ਹੋਇਆ ਸੀ।

ਕੇਟ ਗਰੀਨ ਨੇ ਕਿਹਾ ਕਿ ਯੂ ਕੇ ਵਿੱਚ ਬਹੁਤ ਜਲਦੀ ਜਾਤ-ਪਾਤ ਦੇ ਆਧਾਰ ਤੇ ਭਿੰਨ-ਭੇਦ ਕਰਨਾ ਕਾਨੂੰਨ ਦੇ ਖਿਲਾਫ ਹੋਵੇਗਾ। ਉਨ੍ਹਾਂ ਨੇ ਸੀਮਾ ਮਲਹੋਤਰਾ ਦੀ ਪ੍ਰਸੰਸਾ ਕੀਤੀ ਜਿਨ੍ਹਾਂ ਨੇ ਇਸ ਬਿੱਲ ਨੂੰ ਪਾਸ ਕਰਾਉਣ ਲਈ ਬਹੁਤ ਸਖ਼ਤ ਮਿਹਨਤ ਕੀਤੀ। ਮੈਦਾਨ ਵਿੱਚ ਸਾਰੇ ਸ਼ਾਮਲ ਲੋਕ ਇਸ ਖੁਸ਼ਖਬਰੀ ਨੂੰ ਸੁਣਕੇ ਖੁਸ਼ੀ ਵਿੱਚ ਨੱਚਣ-ਟੱਪਣ ਲੱਗੇ ਉਨ੍ਹਾਂ ਦੀ ਖੁਸ਼ੀ ਦੀ ਹੱਦ ਨਾ ਰਹੀ।

ਬਾਰਨਸ ਥੌਰਨਟਨ ਜਿਸਨੇ ਲੌਰਡ ਹੈਰਿਸ ਅਤੇ ਲੌਰਡ ਐਵਬਰੀ ਨਾਲ ਮਿਲਕੇ ਇਸ ਕੰਮ ਲਈ ਮੋਹਰ ਕੀਤੀ ਇਨ੍ਹਾਂ ਨੂੰ ਨਾਲ ਲੈ ਕੇ ਮੈਦਾਨ ਵਿੱਚ ਲੋਕਾਂ ਨਾਲ ਗੱਲ ਬਾਤ ਕਰਨ ਆਈ ਅਤੇ ਲੋਕਾਂ ਨੂੰ ਦੇਖਕੇ ਬਹੁਤ ਖੁਸ਼ ਹੋਈ।

ਯਾਦ ਰਹੇ ਯੂ ਕੇ ਦੇ ਹਾਉਸ ਔਫ ਲੌਰਡ (ਰਾਜ ਸਭਾ) ਨੇ ਦੋ ਵਾਰੀ ਬਹੁਮੱਤ ਨਾਲ ਪਾਸ ਕਰ ਦਿੱਤਾ ਸੀ ਕਿ ਜਾਤ-ਪਾਤ ਦੇ ਆਧਾਰ ਤੇ ਭਿੰਨ-ਭੇਦ ਕਰਨਾ ਗੁਨਾਹ ਹੈ। ਪਹਿਲੀ ਵਾਰ 4 ਮਾਰਚ 2013 ਨੂੰ ਹਾਉਸ ਔਫ ਲੌਰਡ ਨੇ 356 ਹੱਕ ਵਿੱਚ ਅਤੇ 160 ਵੋਟਾਂ ਖਿਲਾਫ ਪਾਈਆਂ ਸਨ।

16 ਅਪ੍ਰੈਲ 2013 ਨੂੰ ਹਾਓਸ ਔਫ ਕੌਮਨ (ਲੋਕ ਸਭਾ) ਨੇ ਇਸ ਬਿੱਲ ਨੂੰ ਪਾਸ ਨਾ ਕੀਤੇ ਜਾਣ ਲਈ ਬਹੁਮੱਤ ਵਿੱਚ ਵੋਟ ਪਾਈ ਤਾਂ ਹਾਉਸ ਔਫ ਲੌਰਡ ਅਤੇ ਹਾਉਸ ਔਫ ਕਾਮਨਸ ਵਿੱਚ ਖਿੱਚਾ ਤਾਣੀ ਸ਼ੁਰੂ ਹੋ ਗਈ। ਦੂਸਰੀ ਵਾਰ ਹਾਉਸ ਔਫ ਲੌਰਡ ਨੇ 188 ਵੋਟਾਂ ਹੱਕ ਵਿੱਚ ਅਤੇ 168 ਵੋਟਾਂ ਖਿਲਾਫ ਪਾਈਆਂ ਤਾਂ ਹਾਉਸ ਔਫ ਕਾਮਨਸ ਨੂੰ ਸਵੀਕਾਰ ਕਰਨਾ ਪਿਆ ਕਿ ਇਹ ਬਿੱਲ ਪਾਸ ਹੋਣਾ ਚਾਹੀਦਾ ਹੈ। "ਕਾਸਟ ਵੌਚ ਯੂ" ਕੇ ਦੇ ਜਨਰਲ ਸਕੱਤਰ ਦਵਿੰਦਰ ਪ੍ਰਸਾਦ ਨੇ ਕਿਹਾ ਕਿ "ਅੱਜ ਸਾਡੀ ਇੱਕ ਬਹੁਤ ਵੱਡੀ ਜਿੱਤ ਹੋਈ ਹੈ, ਬਹੁਤ ਬੜੀ ਗਿਣਤੀ ਵਿੱਚ ਜੋ ਲੋਕ ਗੌਰਮਿੰਟ ਖਿਲਾਫ ਰੋਸ ਕਰਨ ਲਈ ਇਸ ਮੈਦਾਨ ਵਿੱਚ ਇਕੱਠੇ ਹੋਏ ਸਨ ਹੁਣ ਉਹ ਜਸ਼ਨ ਮਨਾ ਰਹੇ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਅਸੀਂ ਬਹੁਤ ਲੰਬੇ ਸਮੇਂ ਤੋਂ ਜੱਦੋ-ਜਹਿਦ ਕਰ ਰਹੇ ਸੀ ਕਿ ਯੂ ਕੇ ਸਰਕਾਰ ਇਹ ਬਿੱਲ ਪਾਸ ਕਰੇ"। ਦਲਿਤ ਸੌਰਡੈਰਟੀ ਨੈਟਵਰਕ ਯੂ ਕੇ ਦੇ ਡਾਇਰੈਕਟਡ ਮੀਨਾ ਵਰਮਾ ਨੇ ਕਿਹਾ ਕਿ "ਪਿਛਲੇ ਦਸ ਸਾਲਾਂ ਤੋਂ ਅਸੀਂ ਸਾਰੇ ਇੱਕ ਦੂਜੇ ਨਾਲ ਰਲ-ਮਿਲ ਕੇ ਇਸ ਲਈ ਕੰਮ ਕਰ ਰਹੇ ਹਾਂ। ਅਸੀ ਯੂ ਕੇ ਦੀ ਸਰਕਾਰ ਨੂੰ ਸ਼ਾਬਸ਼ ਦਿੰਦੇ ਹਾਂ ਜਿਸਨੇ ਇਨਸਾਫ ਅਤੇ ਬ੍ਰਾਬਰਤਾ ਦਾ ਸਾਥ ਦਿੱਤਾ ਹੈ"।

ਕਾਸਟ ਵਾਚ ਯੂ ਕੇ ਦੇ ਪ੍ਰਧਾਨ ਸੱਤਪਾਲ ਮੱਮਣ ਜੀ ਨੇ ਬੜੇ ਲਹਿਜ਼ੇ ਨਾਲ ਕਿਹਾ ਕਿ ਯੂ ਕੇ ਵਿੱਚ ਦਸ ਸਾਲ ਪਹਿਲਾਂ ਅਸੀਂ ਇਸ ਜਾਤ-ਪਾਤ ਦੇ ਭਿੰਨ-ਭੇਦ ਨੂੰ ਦਬਾਉਣ ਲਈ ਕਬਰ ਪੁੱਟਣੀ ਸ਼ੁਰੂ ਕੀਤੀ ਸੀ, ਅੱਜ ਅਸੀਂ ਲੋਕਾਂ ਦੀ ਤਾਕਤ ਅਤੇ ਸਰਕਾਰ ਦੀ ਈਮਾਨਦਾਰੀ ਨਾਲ ਇਸ ਨੂੰ (ਜਾਤ-ਪਾਤ ਦੇ ਭਿੰਨ ਭੇਵ ਨੂੰ) ਇਸ ਕਬਰ ਵਿੱਚ ਹਮੇਸ਼ਾਂ ਲਈ ਸੁੱਟ ਦਿੱਤਾ ਹੈ । ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਾਮਯਾਬੀ ਨੂੰ ਹਾਸਿਲ ਕਰਨ ਲਈ ਹਰ ਤਰ੍ਹਾਂ ਦੀ ਮੱਦਦ ਕੀਤੀ"

1,000 ਲੋਕਾਂ ਵਲੋਂ ਇਹ ਦੱਸਦਿਆਂ ਸਾਨੂੰ ਮਾਣ ਹੈ 4 ਮਾਰਚ, 16 ਅਪ੍ਰੈਲ, 23 ਅਪ੍ਰੈਲ ਦੇ ਸੰਘਰਸ਼ ਤੋਂ ਬਾਦ ਅਸੀਂ ਇਸ ਨੀਚ ਵਿਚਾਰਧਾਰਾ ਦੇ ਖਿਲਾਫ ਕਾਨੂੰਨ ਬਣਾਉਣ ਵਿੱਚ ਸਫਲ ਹੋਏ ਹਾਂ ।

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋ 22 ਅਪ੍ਰੈਲ 1980)

**(ਬਾਨੀ ਆਦਿ-ਧਰਮ ਲਹਿਰ, ਸਾਬਕਾ ਐਮ. ਐਲ. ਏ, ਫਰੀਡਮ ਫਾਈਟਰ ਗਦਰ ਪਾਰਟੀ, ਸਾਬਕਾ ਐਮ. ਬੀ. ਡੀ., ਸਾਬਕਾ ਪ੍ਰਧਾਨ ਪੰਜਾਬ ਸ਼ਡੂਲਡ ਕਾਸਟ ਫੈਡਰੇਸ਼ਨ, ਸਾਬਕਾ ਪ੍ਰਧਾਨ ਆਲ-ਇੰਡੀਆ ਆਦਿ-ਧਰਮ ਫੈਡਰੇਸ਼ਨ)**



ਸੀ. ਐਲ. ਚੁੰਬਰ

**"ਉੱਘੇ ਸਮਾਜ ਸੇਵਕ, ਸਾਬਕਾ ਤਹਿਸੀਲ ਭਲਾਈ ਅਫਸਰ, ਬਹੁਜਨ ਸਮਾਜ ਬੁਲੇਟਿਨ ਦੇ ਰੈਜ਼ੀਡੈਂਟ ਐਡੀਟਰ, ਬਹੁਜਨ ਸਮਾਜ ਦੇ ਜਾਣੇ-ਪਛਾਣ ਨਿਧੜਕ, ਨਿਰਪੱਖ, ਬੇ-ਖੌਫ, ਨਿਰਪੱਖ ਲੇਖਣੀ ਦੇ ਬੇਤਾਜ ਮਹਾਨ ਚਿੰਤਕ ਅਤੇ ਲੇਖਕ ਮਾਨਯੋਗ ਸੀ.ਐਲ. ਚੁੰਬਰ, ਐਡੀਟਰ-ਇੰਨ-ਚੀਫ ਕੌਮੀ ਉਡਾਰੀਆਂ ਜਲੰਧਰ,(ਪੰਜਾਬ) ਭਾਰਤ, ਸ਼੍ਰੀਮਾਨ ਸੀ. ਐਲ. ਚੁੰਬਰ , ਨੇ ਆਦਿ ਧਰਮ ਮੰਡਲ ਦੇ ਦਸਤਾਵੇਜਾਂ ਨੂੰ ਬਹੁਜਨ ਸਮਾਜ ਬੁਲੇਟਿਨ ਦੇ ਅੰਕ 9 ਵਿੱਚ "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀਂ ਚਾਹੀਦਾ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਜਿਸਨੂੰ ਕਿ ਪਾਠਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ। ਉਮੀਦ ਹੈ ਆਪ ਪਸੰਦ ਕਰੋਗੇ।**

**- ਤੇਜਪਾਲ ਗੰਗੜ, ਬਰਨਬੀ, ਬ੍ਰਿਟਿਸ਼ ਕੋਲੰਬੀਆ, ਕਨੇਡਾ, ਫੋਨ: 778-319-5431**

## 11, 12 ਜੂਨ 1926 ਦੇ ਇਤਿਹਾਸਕ ਦਿਨਾਂ ਨੂੰ ਯਾਦ ਕਰਦਿਆਂ

ਪੰਜਾਬ ਦੇ ਮਹਾਨ ਸਪੂਤ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ, ਜਿਸਨੇ ਸਾਨੂੰ ਪੜਣ ਅਤੇ ਨੌਕਰੀਆਂ ਕਰਨ ਦਾ ਅਧਿਕਾਰ, ਵੋਟ ਦਾ ਅਧਿਕਾਰ, ਜ਼ਮੀਨ ਖਰੀਦਣਦਾ ਅਧਿਕਾਰ ਦਵਾ ਕੇ ਸਮਾਜ ਵਿੱਚ ਸਿਰ ਉੱਚਾ ਚੁੱਕ ਕੇ ਚਲਣਾ ਸਿਖਾਇਆ, ਨੂੰ ਦਲਿਤ ਸਮਾਜ ਵਲੋਂ ਬਹੁਤ ਘੱਟ ਯਾਦ ਕੀਤਾ ਜਾਂਦਾ ਹੈ। ਇਸ ਮਹਾਨ ਨੇਤਾ ਅਤੇ ਦੇਸ਼ ਭਗਤ ਦੀ ਦੇਣ ਹੋਰਨਾਂ ਸਮਾਜ ਸੁਧਾਰਕਾਂ ਅਤੇ ਰਾਜਨੀਤਿਕ ਨੇਤਾਵਾਂ ਤੋਂ ਘੱਟ ਨਹੀਂ ਹੈ। ਬਾਬੂ ਜੀ ਪੜ੍ਹੇ ਲਿਖੇ, ਘਰੋਂ ਸੁਖਾਲੇ ਅਤੇ ਬਹਾਦੁਰ ਨੌਜਵਾਨ ਸਨ। ਵਿਦੇਸ਼ਾਂ ਵਿੱਚ 16 ਸਾਲ ਤੱਕ ਰਹਿ ਕੇ ਉਨ੍ਹਾਂ ਨੇ ਜੋ ਇੱਜ਼ਤ ਮਾਣ, ਬਰਾਬਰੀ ਦਾ ਦਰਜਾ ਤੇ ਜ਼ਿੰਦਗੀ ਦੀਆਂ ਸਭ ਸਹੂਲਤਾਂ ਮਾਣੀਆਂ, ਉਹ ਚਾਹੁੰਦੇ ਸਨ ਕਿ ਇਹ ਸਹੂਲਤਾਂ ਹਰ ਅਛੂਤ ਸਮਝਿਆ ਜਾਣ ਵਾਲਾ ਇਨਸਾਨ ਇਨ੍ਹਾਂ ਸਹੂਲਤਾਂ ਦਾ ਅਨੰਦ ਮਾਣੇ। ਸੰਨ 1926 ਵਿੱਚ 40 ਸਾਲ ਦੀ ਉਮਰ ਵਿੱਚ ਜੋ ਰਸਤਾ ਬਾਬੂ ਜੀ ਨੇ ਚੁਣਿਆ, ਉਹ ਬੜਾ ਭਿਆਨਕ ਪਰ ਸਵੈਮਾਨਤਾ ਭਰਪੂਰ ਸੀ। ਬਾਬੂ ਜੀ ਦੀ ਸਖਤ ਜੱਦੋ-ਜਹਿਦ ਦਾ ਹੀ ਫਲ ਹੈ ਕਿ ਅੱਜ ਅਸੀਂ ਆਦਿ ਧਰਮ ਮੰਡਲ ਦੁਆਰਾ ਸਰਕਾਰ ਪਾਸੋਂ ਮੰਨਵਾਈਆਂ ਮੰਗਾਂ ਦਾ ਅਨੰਦ ਮਾਣ ਰਹੇ ਹਾਂ। ਸਮੁੱਚੀ ਆਦਿ-ਧਰਮੀ ਕੌਮ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਸ਼ੁਕਰਗੁਜ਼ਾਰ ਹੈ, ਜਿਨ੍ਹਾਂ ਨੇ ਸਾਡੀ ਕੌਮ ਦੀਆਂ ਹਜ਼ਾਰਾਂ ਸਾਲ ਪੁਰਾਣੀਆਂ ਗੁਲਾਮੀ ਦੀਆਂ ਜੰਜ਼ੀਰਾਂ ਤੋੜਕੇ ਸਾਨੂੰ ਮਾਨਵੀ ਅਧਿਕਾਰ ਲੈ ਕੇ ਦਿੱਤੇ। ਬਾਬੂ ਜੀ ਸਾਡੇ ਸਮਾਜ ਦੇ ਚਾਨਣ ਮੁਨਾਰੇ ਬਣੇ ਰਹਿਣਗੇ।



### ਵਾਇਸਰਾਏ ਅਤੇ ਗਵਰਨ ਜਨਰਲ ਨੂੰ ਯਾਦ ਪੱਤਰ

1931 ਦੀ ਮਰਦਮ ਸ਼ੁਮਾਰੀ ਤੋ ਬਾਅਦ ਅਤੇ ਗੋਲਮੇਜ਼ ਕਾਨਫਰੰਸ ਵਿੱਚ ਨਾਮਜ਼ਦਗੀ ਤੋਂ ਪਹਿਲਾਂ ਬਾਬੂ ਮੁੱਗੋਵਾਲੀਆ ਨੇ ਮਿਸਰਟ ਫਰੀਮੈਂਨ ਥਾਮਸ, ਅਰਲ ਆਫ ਵਿਲਿੰਗਡਨ, ਜੀ ਐਮ ਐਸ ਆਈ, ਜੀ. ਜੀ. ਐਮ. ਜੀ., ਜੀ. ਐਮ. ਆਈ. ਈ, ਜੀ.ਵੀ ਈ. ਵਾਇਸਰਾਏ ਅਤੇ ਗਵਰਨਰ ਜਨਰਲ ਆਫ ਇੰਡੀਆ ਨੂੰ ਯਾਦ ਪੱਤਰ ਭੇਜਿਆ। ਇਸ ਯਾਦ ਪੱਤਰ ਵਿੱਚ ਆਦਿ-ਧਰਮੀਆਂ ਦੇ ਇਤਹਾਸ ਅਤੇ ਉਨ੍ਹਾਂ ਉੱਪਰ ਉੱਚ ਜਾਤੀ ਦੇ ਜ਼ੁਲਮਾਂ ਨੂੰ ਚਿੱਤਰਿਆ ਹੈ ਆਦਿ-ਧਰਮੀਆ ਨੂੰ ਦੁਨੀਆਂ ਦੀ ਪ੍ਰਾਚੀਨਤਮ ਅਤੇ ਉੱਤਮ ਨਸਲ ਐਲਾਨਦਿਆਂ ਕਿਹਾ ਕਿ 5000 ਹਜ਼ਾਰ ਸਾਲ ਪਹਿਲਾਂ ਉਨ੍ਹਾਂ ਦਾ ਭਾਰਤ ਉੱਤੇ ਰਾਜ ਸੀ ਅਤੇ ਮੱਧ ਏਸ਼ੀਆ ਤੋਂ ਆਏ ਆਰਿਆ ਨੇ ਇਨ੍ਹਾਂ ਨੂੰ ਗੁਲਾਮ ਬਣਾਇਆ ਹੈ ਆਦਿ-ਧਰਮੀਆ ਉੱਪਰ ਉੱਚ ਜਾਤੀ ਹਿੰਦੂਆ ਅਤੇ ਅੰਗਰੇਜਾਂ ਦੀਆ ਦੋ ਸਰਕਾਰਾਂ ਦਾ ਰਾਜ ਦੱਸਿਆ ਹੈ।

ਯਾਦ ਪੱਤਰ ਵਿੱਚ ਮੰਜਾਬ ਵਿੱਚ ਮੁਸਲਿਮ ਰਾਜ ਰਹਿਣ ਕਾਰਨ ਦੂਜੇ ਰਾਜਾਂ ਮੁਕਾਬਲੇ ਘੱਟ ਛੂਆਂ ਛਾਤ ਦਾ ਦਾਅਵਾ ਕੀਤਾ ਹੈ ਪਰ ਰਾਜਨੀਤਕ ਤੌਰ ਤੇ ਗਏ ਗੁਜਰੇ ਕਿਹਾ ਹੈ ਕਿਉਂਕਿ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਜਾਂ ਸਥਾਨਕ ਸਰਕਾਰ ਵਿਚ ਇੱਕੋ ਵੀ ਮੈਂਬਰ ਨੂੰ ਨਾਮਜ਼ਦ ਨਹੀਂ ਕੀਤਾ ਜਦੋਂ ਕਿ ਦੂਜੇ ਸੂਬਿਆਂ ਵਿਚ 1 ਤੋਂ 11 ਤੱਕ ਨਾਮਜ਼ਦਗੀਆਂ ਇਨ੍ਹਾਂ ਵਰਗਾਂ ਚੋਂ ਕੀਤੀਆਂ ਹਨ। ਸੰਯੁਕਤ ਚੋਣ ਖੇਤਰ ਪ੍ਰਬੰਧ ਦੀ ਥਾਂ ਵੱਖਰੇ ਚੋਣ ਪ੍ਰਬੰਧ (ਸ਼ੲਪੳਰੳਟੲ ੲਲੲਚ-ਟਰੳਟੲ) ਨੂੰ ਆਦਿ-ਧਰਮੀਆ ਦੇ ਰਾਜਨੀਤਕਨ ਅਤੇ ਸਮਾਜਿਕ ਅਤੇ ਇੱਥੋ ਤੱਕ ਕਿ ਨੈਤਿਕ ਮੁਕਤੀ ਦੇ ਲਈ ਸਹਾਈ ਦੱਸਿਆ। ਆਦਿ-ਧਰਮੀਆਂ ਦੀ ਮੌਜੂਦਾ ਸਥਿਤੀ ਦਾ ਵਰਨਣ ਕਰਦਿਆਂ ਉਨ੍ਹਾਂ ਦੀ ਸਥਿਤੀ ਵਿੱਚ ਸੁਧਾਰ ਲਈ 15 ਮੰਗਾਂ ਰੱਖੀਆਂ। ਜਿਨ੍ਹਾਂ ਵਿੱਚੋਂ ਮੁੱਖ ਸਨ:

1. ਆਦਿ-ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਮੰਨਣਾ,
2. ਐਮ ਐਲ. ਏ ਆਦਿ ਦੀ ਚੋਣ ਮੰਡਲ ਵਲੋਂ ਕਰਨਾ,
3. ਧਾਰਮਿਕ ਘੱਟ ਗਿਣਤੀਆ ਦੀ ਨੁਮਾਇੰਦਗੀ ਦੇ ਮੁੱਦੇ ਨੂੰ ਨਜਿੱਠਣ ਤੋਂ ਪਹਿਲਾਂ ਕੇਂਦਰ ਸਵਿਧਾਨ ਵਿੱਚ ਸੋਧ ਨਾ ਕੀਤੀ ਜਾਵੇ, ਪੁਲਿਸ, ਸਿਵਲ, ਫੌਜ, ਸਿੱਖਿਆ, ਰੇਲਵੇ ਅਤੇ ਸਿਹਤ ਆਦਿ ਖੇਤਰਾਂ ਵਿੱਚ ਬਣਦੀ ਨੁਮਾਇੰਦਗੀ ਦੇਣਾ,
4. ਆਦਿ-ਧਰਮੀ ਨਾਂ ਥੱਲੇ ਫੌਜੀ ਰੈਜੀਮੈਂਟ ਦੀ ਸਥਾਪਨਾ ਕਰਨਾ,
5. ਮਿਊਂਸਪਲਟੀਆਂ, ਡਿਸਟ੍ਰਿਕਟ ਬੋਰਡਾਂ, ਕੌਂਸਲਾਂ ਅਤੇ ਅਸੰਬਲੀ ਵਿੱਚ ਅਬਾਦੀ ਅਨੁਸਾਰ 18 ਪ੍ਰਤੀਸ਼ਤ ਨੁਮਾਇਦਗੀ ਦੀ ਮੰਗ,
6. ਪੰਜਾਬ ਭੂਮੀ ਇੰਤਕਾਲ ਆਦਿ ਐਕਟ 1900 ਵਿੱਚ ਆਦਿ-ਧਰਮੀਆਂ ਨੂੰ ਸਹੂਲਤਾਂ ਦੇਣ ਸਬੰਧੀ ਸੋਧ ਕਰਨਾ,
7. ਦੂਜੀਆ ਕੌਮਾਂ ਵਾਂਗ ਜਾਇਦਾਦ ਦਾ ਅਧਿਕਾਰ ਦੇਣਾ, ਪੰਜਾਬ ਸਰਕਾਰ ਕੋਲ ਪਈ 151872 ਹਜਾਰ ਏਕੜ ਜ਼ਮੀਨ ਅਣਵਾਹੀ ਪਈ ਹੈ ਜੋ ਦੂਜੀਆ ਕੌਮਾ ਵਾਂਗ ਆਦਿ-ਧਰਮੀਆਂ ਵਿੱਚ ਵੰਡੀ ਜਾਵੇ।
8. ਆਦਿ-ਧਰਮੀਆਂ ਨੂੰ ਆਪਣੇ ਆਦਿ-ਧਰਮੀ ਭਰਾ ਦੀ ਜ਼ਾਮਨੀ ਦੇਣ ਦਾ ਕਾਨੂੰਨ ਹੋਵੇ।
9. ਆਦਿ-ਧਰਮੀਆਂ ਤੇ ਜ਼ਰਾਇਮ ਪੇਸ਼ਾ ਦਾ ਧੱਬਾ ਧੋਣਾ, ਵਿਦੇਸ਼ਾ ਖਾਸ ਕਰਕੇ ਕਨੇਡਾ, ਨਿਊਜੀਲੈਂਡ, ਅਸਟ੍ਰੇਲੀਆਂ ਆਦਿ ਵਿੱਚ ਜਾਣ ਦੀ ਇਜ਼ਾਜ਼ਤ ਦੇਣ ਕਿਉਕਿ ਆਦਿ-ਧਰਮੀ ਗਰੀਬ ਹਨ।
10. ਪ੍ਰਸ਼ਾਸਨ ਟੈਕਸ ਆਦਿ-ਧਰਮੀਆਂ ਤੋਂ ਖਤਮ ਕਰਨਾ, ਜਦੋਂ ਤੱਕ ਉਨ੍ਹਾਂ ਨੂੰ ਸਬੰਧਤ ਅਦਾਰਿਆਂ ਵਿੱਚ ਬਣਦੀ ਨੁਮਾਇੰਦਗੀ ਸਰਕਾਰ ਨਹੀ ਦਿੰਦੀ,
11. ਬੈਂਕਾਂ ਆਦਿ-ਧਰਮੀਆਂ ਨੂੰ ਕਰਜੇ ਨਹੀਂ ਦਿੰਦਆਂ ਇਸ ਲਈ ਸਪੈਸ਼ਲ ਬੈਂਕਿੰਗ ਪ੍ਰਬੰਧ ਸਰਕਾਰ ਦੇ ਅਧੀਨ ਹੋਣੇ ਚਾਹੀਦੇ ਹਨ, ਜਾਂ ਤਾਂ ਪੰਚਾਇਤ ਵਿੱਚ ਆਦਿ-ਧਰਮੀਆਂ ਨੂੰ ਨੁਮਾਇੰਦਗੀ ਮਿਲੇ ਜਾਂ ਫਿਰ ਆਦਿ ਧਰਮੀਆਂ ਦੀਆਂ ਪੰਚ-ਾਇਤਾਂ ਨੂੰ ਕਾਨੂੰਨੀ ਮਾਨਤਾ ਮਿਲੇ।
12. ਜਨ ਗਣਨਾ ਦੌਰਾਨ ਆਦਿ-ਧਰਮੀਆਂ ਉੱਪਰ ਸਿੱਖਾਂ ਅਤੇ ਹਿੰਦੂਆਂ ਦੇ ਜ਼ੁਲਮਾਂ ਕਾਰਨ ਇਹ ਜਨ ਗਣਨਾ ਪ੍ਰਵਾਨ ਨਹੀਂ। ਇਸ ਸਬੰਧੀ ਇੰਨਕੁਆਇਰੀ ਕਰਾ ਕੇ ਸਹੀ ਜਣਗਣਨਾ ਕੀਤੀ ਜਾਵੇ। ਆਦਿ ਧਰਮੀ ਲੜਕੇ ਲੜਕੀਆਂ ਲਈ ਵਧੀਆ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ।
13. ਨੈਸ਼ਨਲ ਸਕਾਲਰ ਸ਼ਿੱਪ ਦੇਣ ਅਤੇ ਆਦਿ-ਧਰਮੀਆਂ ਲਈ ਜਿੱਥੇ ਤੱਕ ਹੋ ਸਕੇ ਵੱਖਰੇ ਸਕੂਲ ਖੋਲ੍ਹੇ ਜਾਣ, ਆਦਿ-ਧਰਮ ਮੰਡਲ ਆਫ ਪੰਜਾਬ ਜਲੰਧਰ ਨੂੰ ਆਦਿ-ਧਰਮੀਆਂ ਦਾ ਨੁਮਾਇੰਦਾ ਸਮਝਿਆ ਜਾਵੇ। ਦਇਆ ਨੰਦ ਦਲਿਤ ਉਦਾਰ ਮੰਡਲ ਹੁਸ਼ਿਆਰਪੁਰ, ਪਤਿਤ ਉਦਾਰ ਮੰਡਲ, ਅਛੂਤ ਉਦਾਰ ਮੰਡਲ ਅਤੇ ਅੰਤਜ ਉਦਾਰ ਮੰਡਲ ਲਾਹੌਰ ਆਦਿ-ਧਰਮੀਆਂ ਦੇ ਨੁਮਾਇੰਦਗੇ ਨਹੀ ਹਨ, ਮਤੇ ਪਾਸ ਕੀਤੇ।
14. ਲੰਡਨ ਵਿਖੇ ਆਯੋਜਿਤ ਹੋਣ ਜਾ ਰਹੀ ਗੋਲਮੇਜ ਕਾਨਫਰੰਸ ਵਿੱਚ ਆਦਿ ਧਰਮੀਆਂ ਦਾ ਘੱਟ ਤੋ ਘੱਟ ਇੱਕ ਨੁਮਾਇੰਦਾ ਭੇਜਿਆ ਜਾਵੇ।
15. ਸਰਕਾਰ ਆਦਿ-ਧਰਮ ਮੰਡਲ ਰਾਂਹੀ ਚਮੜੇ ਦੀ ਵਸਤਾਂ ਫੋਜ ਪੁਲਿਸ ਆਦਿ ਲਈ ਖਰੀਦੇ ਤਾਂ ਜੋ ਇਨ੍ਹਾਂ ਦੀ ਆਰਥਿਕ ਹਾਲਤ ਸੁਧਰੇ। ਇਹ ਯਾਦ ਪੱਤਰ ਸੁੰਦਰ ਦਿੱਖ ਵਾਲਾ ਕਿਸ਼ਨ ਸਕੀਮ ਪ੍ਰੈਸ, ਰੇਲਵੇ ਰੋਡ ਜਲੰਧਰ ਸ਼ਹਿਰ ਤੋਂ ਛਪਿਆਂ ਜਿੱਥੋ ਆਦਿ ਡੰਕਾਂ ਛੱਪਦਾ ਸੀ ਅੱਜ ਕੱਲ ਉਨ੍ਹਾਂ ਦੀ ਪ੍ਰੈਸ ਦਾ ਨਾਮ ਸੋਨੀ ਪ੍ਰਿੰਟਿੰਗ ਪ੍ਰੈਸ ਹੈ।

### ਪ੍ਰਧਾਨ ਫ੍ਰੈਚਾਈਜ਼ ਕਮੇਟੀ ਨੂੰ ਮਿਲਣ ਨੂੰ ਯਾਦ ਪੱਤਰ 1932 ਈ:

30 ਮਾਰਚ 1932 ਨੂੰ ਰਾਤ 8 ਵਜੇ ਆਦਿ ਧਰਮ ਮੰਡਲ ਦੀ ਖਾਸ ਮੀਟਿੰਗ ਕਿਲਾ ਗੁੱਜਰ ਸਿੰਘ, ਫੇਰੂ ਰੋਡ, ਲਾਹੌਰ ਵਿੱਖੇ ਬਾਬੂ ਬਿਹਾਰੀ ਲਾਲ ਸਿਆਲਕੋਟ ਦੀ ਪ੍ਰਧਾਨਗੀ ਹੇਠ ਮੀਟਿੰਗ ਵਿੱਚ ਹੋਈ ਜਿਸ ਵਿਚ ਇਹ ਫੈਸਲਾ ਲਿਆ ਕਿ ਬਾਬੂ ਮੁੱਗੋਵਾਲੀਆ ਪ੍ਰਧਾਨ ਅਤੇ ਬਾਬੂ ਹਜਾਰਾ ਰਾਮ ਪਿਪਲਾਂ ਵਾਲਾ ਜਨਰਲ ਸਕੱਤਰ ਲਾਰਡ ਲੋਥੀਅਨ ਕਮੇਟੀ (ਫਰੈਂਚਾਈਜ਼ ਕਮੇਟੀ) ਨੂੰ ਪੰਜਾਬ ਕੌਂਸਲ ਵਿੱਚ ਮਿਲਣਗੇ। ਜਿਨ੍ਹਾਂ ਦੀ ਮੱਦਦ ਲਈ 15 ਆਦਿ ਧਰਮੀ ਆਗੂ ਵੀ ਨਾਲ ਜਾਣਗੇ ਜਿਨ੍ਹਾਂ ਦੇ ਨਾਂ ਸਨ: ਪੰਡਿਤ ਹਰੀ ਰਾਮ ਉਪ ਪ੍ਰਧਾਨ, ਸੰਤ ਰਾਮ ਆਜ਼ਾਦ, ਰਾਮ ਚੰਦ ਸੰਪਾਦਕ, ਉਆਦਿ ਡੰਕਾ", ਹਰਦਿੱਤਾ ਮੱਲ ਪ੍ਰਧਾਨ ਮਜ਼ਬੀ ਬਰਾਦਰੀ ਜ਼ਿਲ੍ਹਾ ਫਿਰੋਜ਼ਪੁਰ, ਭਗਤ ਗੁਲਾਬਾ ਮੱਲ, ਮੈਨੇਜਰ, ਮੈਨੇਜਿੰਗ ਕਮੇਟੀ, ਰੋਸ਼ਨ ਲਾਲ ਵਾਲਮੀਕ ਲਾਹੌਰ ਸ਼ਹਿਰ, ਬਿਹਾਰੀ ਲਾਲ ਸਿਆਲਕੋਟ, ਰੇਸੀ ਰਾਮ ਖਾਲਸਾ ਬਰਾਦਰੀ ਅੰਬਾਲਾ, ਰਾਮ ਸਿੰਘ ਕਬੀਰ ਪੰਥੀ ਜਿਲਾ ਹੁਸ਼ਿਆਰਪੁਰ, ਭੁੱਲਾ ਰਾਮ ਸੈਕਟਰੀ ਜਿਲ੍ਹਾ ਲਾਇਲਪੁਰ,ਚਮਨ ਲਾਲ ਰਵੀਦਾਸੀਆ ਜਿਲ੍ਹਾ ਲੁਧਿਆਣਾ। ਖੜਕੂ ਮੱਲ ਜਿਲ੍ਹਾ ਕਾਂਗੜਾ, ਉੱਤਮ ਚੰਦ ਚੀਚਾਵਤਨੀ, ਜਿਲਾ ਮਿਟਗੁੰਮਰੀ, ਹਰਦਿਆਲ ਡਲਹੌਜ਼ੀ। ਇਸ ਖਾਸ ਮੀਟਿੰਗ ਵਿੱਚ ਪੰਜ ਮਤੇ ਹੋਰ ਪਾਸ ਕੀਤੇ:

ਪਹਿਲਾ ਮਤਾ: ਆਦਿਧਰਮੀ ਕੀ ਮਰਦ, ਕੀ ਔਰਤ, ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ।

ਦੂਜਾ: ਮੰਡਲ ਵੱਖਰੇ ਚੋਣ ਕਰਤਾ ਪ੍ਰਣਾਲੀ ਦੇ ਪੱਖ ਵਿਚ ਹੈ। ਅਤੇ ਸੰਯੁਕਤ ਚੋਣ ਕਰਤਾ ਪ੍ਰਣਾਲੀ ਦੇ ਸਖਤ ਵਿਰੁਧ ਹੈ।

ਤੀਜਾ ਮਤਾ: ਰਾਜਾ ਮੁੰਜੇ ਪੈਕਟ ਦੀ ਸਖਤ ਵਿਰੋਧਤਾ ਕਰਦੇ ਹਾਂ।

ਚੌਥਾ ਮਤਾ: ਇਹ ਫੈਸਲਾ ਕਰਦੇ ਹਾਂ ਕਿ ਮਹਾਤਮਾ ਗਾਂਧੀ, ਕਾਂਗਰਸ, ਐਮ. ਸੀ. ਰਾਜਾ ਅਛੂਤਾਂ ਦੇ ਨੇਤਾ ਨਹੀਂ ਹਨ। ਸਗੋਂ ਡਾ. ਅੰਬੇਡਕਰ ਅਛੂਤਾਂ ਦੇ ਅਸਲੀ ਨੇਤਾ ਹਨ।

ਪੰਜਵਾਂ ਮਤਾ: ਹਿੰਦੂਵਾਦ, ਦਇਆਨੰਦ ਦਲਿਤਉਧਾਰ, ਅਛੂਤ ਉਧਾਰ ਅਤੇ ਆਰੀਆ ਸਮਾਜ ਅਛੂਤ ਵਰਗ ਨੂੰ ਧੋਖਾ ਦੇਣ ਲਈ ਬਣਾਏ ਗਏ ਹਨ। ਇਹ ਚਾਹੁੰਦੇ ਹਨ ਕਿ ਸਰਕਾਰ ਅਛੂਤਾਂ ਦੇ ਮਸਲਿਆ ਵਾਰੇ ਇਨ੍ਹਾਂ ਨਾਲ ਕੋਈ ਸੰਬੰਧ ਨਾ ਰੱਖੇ। ਇਨਾਂ ਮਤਿਆਂ ਦਾ ਪੱਤਰ ਬਾਬੂ ਪਿੱਪਲਾਂਵਾਲਾ ਵਲੋਂ ਪ੍ਰਧਾਨ, ਫਰੈਂਚਾਈਜ਼ ਕਮੇਟੀ ਲਾਹੌਰ ਨੂੰ 31 ਮਾਰਚ, 1932 ਨੂੰ ਲਿਖਿਆ।

ਜਿਸ ਲੈਟਰਪੈਡ 'ਤੇ ਇਹ ਪੱਤਰ ਟਾਈਪ ਕੀਤਾ ਉਸ ਉੱਪਰ 'ਆਦਿ ਧਰਮ ਮੰਡਲ (ਪੰਜਾਬ) ਜਲੰਧਰ ਸ਼ਹਿਰ' ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਵਿੱਚ ਲਿਖਿਆ ਹੈ। ਉਪੱਰ ਖਬੇ ਹੱਥ ਜੈ ਗੁਰਦੇਵ, ਸੱਜੇ ਹੱਥ ਆਦਿ-ਧਰਮ ਕੀ ਜੈ' ਅਤੇ ਵਿਚਕਾਰ ਵਿਚ ਉਸੋਂਹੰ"' ਛਪਿਆ ਹੈ। ਖੱਬੇ ਪਾਸੇ ਅਦਿ ਧਰਮ ਮੰਡਲ ਦੇ ਉਦੇਸ਼' ਸਿਰਲੇਖ ਹੇਠ ਛਪਿਆ ਹੈ:

1. ਆਦਿ ਧਰਮੀਆਂ ਦੇ ਖੁੱਸੇ ਹੋਏ ਹੱਕਾਂ ਦੀ ਪ੍ਰਾਪਤੀ ਕਰਨਾ।
2. ਮਨੂੰ ਸਿਮਰਤੀ ਅਤੇ ਹੋਰ ਸ਼ਾਸ਼ਤਰ ਜਿਨ੍ਹਾਂ ਵਿਚ ਆਦਿ ਧਰਮੀਆਂ ਨੂੰ ਗਿਰਾਇਆ ਗਿਆ ਕਾਨੂੰਨਨ ਜ਼ਬਤ ਕਰਾਉਣੇ।
3 ਜਾਤਪਾਤ ਦਾ ਪੱਖਵਾਦ ਛੱਡਕੇ ਏਕਤਾ ਪ੍ਰੇਮ ਵਧਾਉਣਾ।
4. ਆਦਿ ਧਰਮੀਆਂ ਦੇ ਦੁੱਖਾਂ ਦੀ ਹਾਲ ਪੁਕਾਰ ਗਵਰਨਮੈਂਟ ਤੱਕ ਪਹੁੰਚਾਉਣੀ।
5. ਜਥੇਬੰਦੀ ਅਤੇ ਵਿਦਿਆ ਦਾ ਹਾਸਲ ਕਰਨਾ।

ਉਦੇਸ਼ਾਂ ਦੀ ਡੱਬੀ ਦੇ ਨਾਲ ਟੇਢੇ ਰੋਕ ਲਿਖਿਆ ਹੈ- ਆਦ ਧਰਮ ਨਾ ਛੋਡਨਾ ਨਿਕਲ ਜਾਏ ਚਾਹੇ ਪ੍ਰਾਣ, ਛੋਟੇ ਬੜੋ ਸਭ ਮੰਨ ਲਉ ਬੁੱਢੇ ਅਤੇ ਜੁਆਨ।

### ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ ਪੰਜਾਬ ਫਰੈਂਚਾਈਜ਼ ਕਮੇਟੀ, ਲਾਹੋਰ ਨੂੰ ਇੱਕ ਮੈਮੋਰੰਡਮ ਦਿੱਤਾ ਜੋ ਆਦਿ-ਧਰਮ ਮੰਡਲ ਦੀ ਫਿਲਾਸਪੀ ਨੂੰ ਬੜਾ ਉਘਾੜ ਕੇ ਪੇਸ਼ ਕਰਦਾ ਹੈ ਅਤੇ ਆਦਿ-ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਅਤੇ ਆਦਿ-ਧਰਮੀ ਇੱਕ ਵੱਖਰੀ ਕੌਮ ਵਜੋ ਪੇਸ਼ ਕਰਦਾ ਹੈ ਉੱਚ ਜ਼ਾਤੀਆਂ ਵਲੋਂ ਆਦਿ-ਧਰਮੀਆਂ 'ਤੇ ਕੀਤੇ ਜ਼ੁਲਮਾਂ ਲਈ ਮਨੂੰ ਸਿਮਰਤੀ 17 ਸਲੋਕਾਂ, ਵਿਸ਼ਨੂੰ ਸਿਮਰਤੀ ਵਿੱਚੋਂ ਇੱਕ ਸਲੋਕ, ਮਹਾਂ ਰਿਸ਼ਿ ਗੋਤਮ ਧਰਮ ਸੂਤਰ ਦੇ ਇੱਕ ਸਲੋਕ ਅਤੇ ਭਗਵਾਨ ਬਾਲਮੀਕ ਰਮਾਇਣ ਦੇ ਉੱਤਰ ਕਾਂਡ ਦੇ ਸਰਗ 87 ਦਾ ਹਵਾਲਾ ਦਿੱਤਾ ਹੈ। ਇਹ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਦਿ-ਧਰਮ ਹਿੰਦੂਆਂ ਤੋਂ ਅਲੱਗ ਕੌਮ ਹੈ ਅਤੇ ਹਿੰਦੂਆਂ ਵਿੱਚ ਕਿਸੇ ਕੀਮਤ ਤੇ ਸ਼ਾਮਲ ਨਾ ਹੋਣ ਦਾ ਦਾਅਬਾ ਕੀਤਾ ਹੈ "ਵੱਖਰੇ ਚੋਣ ਖੇਤਰ ਪ੍ਰਨਾਲੀ" ਤੇ ਜ਼ੋਰ ਦੇ ਕੇ ਕਿਹਾ ਕਿ ਇਸ ਵਿੱਚ ਅਸੀਂ ਅਸੰਬਲੀ ਵਿੱਚ ਸਹੀ ਅਵਾਜ਼ ਨਹੀਂ ਭੇਜ ਸਕਦੇ ਉਨ੍ਹਾਂ ਨੇ ਸਰਕਾਰ ਤੇ ਦੋਸ਼ ਲਾਇਆ ਕਿ ਉਸ ਨੇ ਸਾਨੂੰ ਹਿੰਦੂਆਂ ਨਾਲ ਨੱਥੀ ਕਰਕੇ ਸਦਾ ਬੇਇੰਨਸਾਫੀ ਕੀਤੀ ਹੈ ।

1921 ਦੀ ਜਨ ਗਣਨਾ ਜਾਤੀਵਾਰ ਦੀ ਲਿਸਟ ਦਿੱਤੀ ਹੈ ਜਿਸ ਵਿੱਚ 40 ਲੱਖ ਡ੍ਰਿਰੈਸਡ ਕਲਾਸਿਜ਼ ਦੀ ਗਿਣਤੀ ਹੈ 1931 ਦੀ ਜਨ ਗਣਨਾ ਵਿੱਚ 4.5 ਲੱਖ ਵਲੋ ਆਦਿ-ਧਰਮ ਲਿਅਉਣ ਤੇ ਉਨ੍ਹਾਂ ਵਲੋਂ ਜਗੀਰਦਾਰਾਂ ਅਤੇ ਸਰਮਾਏਦਾਰਾਂ ਵਲੋ ਕੀਤੇ ਜ਼ੁਲਮਾ ਬਾਰੇ ਲਿਖਿਆ ਹੈ ਕਿ ਇਹ ਜੁਲਮ ਨਾ ਹੁੰਦੇ ਤਾਂ ਇਹ ਗਿਣਤੀ ਹੋਰ ਵੀ ਵਧ ਜਾਂਦੀ ਇਹ ਤਰੱਕੀ ਸਿਰਫ 5 ਸਾਂਲਾ ਵਿੱਚ ਹੋਈ ਕਿਉਕਿ 1925 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਹੋਈ ਸੀ। ਬਾਲਗ ਵੋਟ ਦੀ ਮੰਗ ਕੀਤੀ ਗਈ ਕਿਉਂਕਿ ਆਦਿ-ਧਰਮੀਆ ਕੋਲ ਵੋਟ ਦੀ ਸ਼ਰਤ ਪੂਰੀ ਕਰਨ ਲਈ ਜ਼ਾਇਦਾਦ ਆਦਿ ਨਹੀਂ ਸੀ। ਸੈਕੰਡਰੀ ਵੋਟ ਦੀ ਵਿਰੋਧਤਾ ਕੀਤੀ।

ਸਰਕਾਰ ਵਲੋਂ ਅਛੂਤਾਂ ਲਈ ਵੱਖਰੇ ਚੋਣ ਖੇਤਰ ਬਣਾਉਣ ਤੇ ਟਾਲ ਮਟੋਲ ਕਰਨ ਤੇ ਬਾਬੂ ਜੀ ਨੇ ਦਲੀਲ ਕੀਤੀ ਕਿ ਜੋ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਲਈ ਵੱਖਰੇ ਖੇਤਰ ਬਣ ਸਕਦੇ ਹਨ ਤਾਂ ਫਿਰ ਅਛੂਤਾਂ ਲਈ ਕਿਉ ਨਹੀਂ। ਹਿੰਦੂ ਲੀਡਰ ਰਾਜਾ ਨਰਿੰਦਰ ਨਾਥ ਮੈਂਬਰ ਗੋਲਮੇਜ ਕਾਨਫਰੰਸ ਅਤੇ ਡਾ. ਘੋਕਲ ਚੰਦ ਨਾਰੰਗ, ਮੰਤਰੀ ਸਥਾਈ ਪ੍ਰਸ਼ਾਸ਼ਨ ਪੰਜਾਬ ਸਰਕਾਰ 'ਤੇ ਵਰ੍ਹਦਿਆ, ਬਾਬੂ ਮੁੱਗੋਵਾਲੀਆ ਨੇ ਕਿਹਾ ਕਿ ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਕੋਈ ਅਛੂਤ ਨਹੀ "ਜਦੋ ਕਿ ਪੰਜਾਬ ਰਿਫਾਰਮਜ਼ ਕਮੇਟੀ ਦੇ ਇੱਕ ਮੈਂਬਰ ਅਤੇ ਸਾਈਮਨ ਕਮਿਸ਼ਨ ਨੇ ਡਿਸਪ੍ਰੈਸਡ ਕਲਾਸਿਸ ਨੂੰ ਵੱਖਰੇ ਰਾਜਨੀਤਕ ਅਧਿਕਾਰ ਦੇਣ ਦੀ ਵਕਾਲਤ ਕੀਤੀ। ਇਸੇ ਛਪੇ ਪੱਤਰ ਉੱਪਰ ਬਾਬੂ ਮੁੱਗੋਵਾਲੀਆ ਅਤੇ ਬਾਬੂ ਪਿਪਲਾਂਵਾਲਾ ਅਤੇ ਬਾਬੂ ਹੰਸ ਰਾਜ ਪ੍ਰੇਮਗੜ੍ਹ ਸਾਬਕਾ ਪ੍ਰਧਾਨ ਆਦਿ ਧਰਮ ਮੰਡਲ ਦੇ ਨਾਂ ਛਪੇ ਹਨ। (ਦੀ ਰਿਪਨ ਪ੍ਰਿੰਟਿੰਗ ਪ੍ਰੈਸ, ਬੁੱਲ ਰੋਡ ਲਾਹੌਰ) ਤੋਂ ਇਸ ਪੱਤਰ ਨੂੰ ਛਪਵਾ ਕੇ ਲੋਕਾਂ ਵਿਚ ਵੀ ਵੰਡਿਆ ਗਿਆ। ਅਖੀਰ ਵਿੱਚ ਬਾਬੂ ਮੁੱਗੋਵਾਲੀਆ ਨੇ ਪ੍ਰਧਾਨ , ਲਾਰਡ ਲੋਥੀਅਨ ਕਮੇਟੀ ਨੂੰ ਉਪਰੋਕਤ ਅਧਾਰ 'ਤੇ ਆਪਣੀ ਗਵਾਹੀ ਦੇਣ ਲਈ ਮੌਕਾ ਪੁੱਛਿਆ।

### ਬਾਬਾ ਸਾਹਿਬ ਅੰਬੇਡਕਰ ਦੀ ਪਹਿਲੀ ਪੰਜਾਬ ਫੇਰੀ 'ਤੇ ਸੁਆਗਤੀ ਭਾਸ਼ਨ

ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਐਮ. ਏ., ਪੀ.ਐਚ.ਡੀ. ਬਾਰ ਐਟ ਲਾਅ, ਐਮ. ਐਲ. ਸੀ. ਮੈਂਬਰ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਨੂੰ ਸੁਆਗਤੀ ਭਾਸ਼ਨ ਵਿਚ ਇਸ ਤਰ੍ਹਾਂ ਪੇਸ਼ ਕੀਤਾ: -"ਅਸੀਂ ਪੰਜਾਬ ਆਦਿ ਧਰਮ ਮੰਡਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰ ਸਾਡੇ ਸੂਬੇ ਦੀ ਪਹਿਲੀ ਫੇਰੀ ਸਮੇਂ ਆਪ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਅਸੀਂ ਆਪਣੇ ਵਲੋਂ ਬੰਬਈ ਵਿਧਾਨ ਸਭਾ ਪ੍ਰੀਸ਼ਦ ਦੇ ਮੈਂਬਰ ਵਜੋਂ ਲੰਡਨ ਵਿੱਚ ਭਾਰਤੀ ਗੋਲਮੇਜ਼ ਕਾਨਫਰੰਸ ਵਿੱਚ ਇਕ ਡੈਲੀਗੇਟ ਵਜ਼ੋਂ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੇ ਇੱਕ ਮੈਂਬਰ ਵਜੋਂ ਡਿਪ੍ਰੈਸਡ ਕਲਾਸਿਜ਼ ਦੇ ਲੋਕਾਂ ਲਈ ਕੀਤੀਆਂ ਸੇਵਾਵਾਂ ਲਈ ਬਹੁਤ ਧੰਨਵਾਦੀ ਹਾਂ। ਤੁਸੀਂ ਇਹ ਜਾਣਕੇ ਹੈਰਾਨ ਹੋਵੋਂਗੇ ਕਿ ਉੱਚ ਜਾਤੀਆਂ ਵਲੋਂ ਸਾਡੇ ਸੂਬੇ ਵਿਚ ਸਾਡੀ ਹੋਂਦ ਤੋਂ ਮੁੱਕਰਿਆ ਜਾ ਰਿਹਾ ਹੈ। ਸਾਡੇ ਸੂਬੇ ਵਿਚ ਦੂਜੇ ਸੂਬਿਆਂ ਵਾਂਗ ਛੂਆ-ਛਾਤ ਬਰਕਰਾਰ ਹੈ। ਸਾਡੀ ਛੋਹ ਨਾਲ ਹੀ ਇਕ ਉੱਚੀ ਜਾਤੀ ਦਾ ਭਿਟਿਆ ਜਾਂਦਾ ਹੈ। ਸਾਨੂੰ ਜਨਤਕ ਖੂਹਾਂ ਤੇ ਪਾਣੀ ਭਰਨ ਦੀ ਇਜ਼ਾਜਤ ਨਹੀਂ ਹੈ। ਬ੍ਰਾਹਮਣ ਪੁਜਾਰੀ ਸਾਡੀ ਪੂਜਾ ਪਾਠ ਨਹੀਂ ਕਰਵਾ ਸਕਦਾ। ਧੋਬੀ ਸਾਡੇ ਕਪੜੇ ਨਹੀਂ ਧੋਂਦਾ। ਨਾਈ ਸਾਡੀ ਹਜ਼ਾਮਤ ਨਹੀਂ ਕਰ ਸਕਦਾ। ਝਿਊਰ ਸਾਡਾ ਪਾਣੀ ਨਹੀਂ ਭਰਦਾ। ਸਾਡੇ ਵਿਆਹਾਂ ਸਮੇਂ ਅਤੇ ਹੋਰ ਤਿਓਹਾਰਾਂ ਮੌਕਿਆਂ ਸਮੇਂ ਅਸੀਂ ਪਿੰਡਾਂ ਵਿਚ ਡੋਲੀ ਲੈਕੇ ਨਹੀਂ ਲੰਘ ਸਕਦੇ ਅਤੇ ਬੈਂਡ ਨਹੀਂ ਵਜਾ ਸਕਦੇ।

ਅਸੀਂ ਨਾ ਤਾਂ ਸਾਂਝਾ ਕਾਰੋਬਾਰ ਕਰ ਸਕਦੇ ਹਾਂ ਅਤੇ ਨਾ ਹੀ ਇਕੱਠੇ ਵਿਚਰ ਸਕਦੇ ਹਾਂ। ਸੰਖੇਪ ਵਿੱਚ ਸਾਡੀ ਉਨ੍ਹਾਂ ਨਾਲ ਭੋਰਾ ਭਰ ਵੀ ਸਾਝ ਨਹੀਂ ਹੈ। The Land Alineation Act (ਭੂਮੀ ਇੰਤਕਾਲ ਆਰਜੀ ਐਕਟ) ਨੇ ਡ੍ਰਿਰੈਸਡ ਕਲਾਸਿਜ਼ ਦੀ ਹਾਲਤ ਨਾਜ਼ੁਕ ਕਰ ਦਿੱਤੀ ਹੈ। ਇਸ ਕਾਨਫਰੰਸ ਵਿੱਚ ਵਿਦਿਆ ਨੂੰ ਪ੍ਰਫੁੱਲਤ ਕਰਨ ਲਈ

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋ 22 ਅਪ੍ਰੈਲ 1980)

ਸਿਖਿਆ ਮੰਤਰਾਲੇ ਨੇ ਆਪਣੇ ਮਤਾ ਨੰਬਰ 20181-ਜੀ, ਮਿਤੀ 19-11-1929 ਰਾਹੀ ਕੁੱਝ ਰਿਆਇਤਾਂ ਦਾ ਐਲਾਨ ਕੀਤਾ। ਇਹ ਪੰਜਾਬ ਦੇ ਇਤਹਾਸ ਵਿੱਚ ਪਹਿਲਾ ਮੌਕਾ ਹੈ ਕਿ ਇੱਕ ਡਿਸਪ੍ਰੈਸਡ ਕਲਾਸਿਜ਼ ਦੇ ਮੈਂਬਰ ਨੂੰ ਸਥਾਈ ਫਰੈਂਚਾਈਜ਼ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਹੈ ਅਸੀ ਖੁਸ਼ੀ-ਖੁਸ਼ੀ ਜਕੀਨ ਕਰਦੇ ਹਾਂ ਕਿ ਆਪਦੇ ਹੱਥਾਂ ਵਿੱਚ ਸਾਡੇ ਹੱਕ ਸੁਰੱਖਿਆਤ ਹਨ ਸਾਨੂੰ ਉਮੀਦ ਹੈ ਕਿ ਆਪ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਬੜੈ ਧਿਆਨ ਨਾਲ ਗੌਰ ਕਰੋਗੇ ਕਿਉਕਿ ਸਾਡੀ ਹੋਂਦ ਨੂੰ ਹੀ ਨਕਾਰਿਆ ਜਾ ਰਿਹਾ ਹੈ ਆਉਣ ਵਾਲੀ ਪੀੜ੍ਹੀ ਆਪ ਦੇ ਨਾਮ ਨੂੰ ਡਿਪ੍ਰੈਸਡ ਕਲਾਸਿਜ਼ ਦੇ ਚੈਂਪਿਅਨ ਵਜੋਂ ਸੁਨੈਹਰੀ ਅੱਖਰਾਂ ਵਿੱਚ ਲਿਖੇਗੀ ਆਪ ਜੀ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

ਸੱਤਵੀ ਸਲਾਨਾ ਕਾਨਫਰੰਸ 1932 ਈ:

18 ਅਤੇ 19 ਜੂਨ 1932 ਨੂੰ ਆਦਿ-ਧਰਮ ਮੰਡਲ ਦੀ 7ਵੀ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿੱਚ ਕੀਤੀ ਗਈ ਜਿਸ ਵਿੱਚ ਰਿਪੋਰਟ ਅਨੁਸਾਰ 4000 ਆਦਿ-ਧਰਮੀ ਸ਼ਾਮਲ ਹੋਏ। ਪਹਿਲੇ ਦਿਨ ਸੰਤ ਮਾਹਾਤਮਾ ਰਾਮ ਅਜਾਦ ਮਿਸ਼ਨਰੀ ਜਿਲ੍ਹਾ ਲਾਇਲਪੁਰ (ਪਿਛਲਾ ਪਿੰਡ ਨੰਗਲ ਸ਼ਹੀਦਾ ਤਹਿਸੀਲ ਹੁਸ਼ਿਆਰਪੁਰ) ਨੇ ਪ੍ਰਧਾਨਗੀ ਕੀਤੀ। ਕਾਨਫਰੰਸ ਦਾ ਉਦਘਾਟਨੀ ਭਾਸ਼ਨ ਸਵੇਰੇ ਬਾਬੂ ਮੁੱਗੋਵਾਲੀਆ ਨੇ ਕੀਤਾ ਅਤੇ ਸਵਾਗਤੀ ਕਮੇਟੀ ਵਲੋ ਡੇਲੀਗੇਟਾਂ ਨੂੰ ਜੀ ਆਇਆਂ ਕਿਹਾ ਉ ਧਾਰਮਿਕ ਗੀਤਾ ਅਤੇ ਭਾਸ਼ਨਾ ਤੋਂ ਬਾਅਦ ਮੰਡਲ ਦੇ ਅਨੇਕ ਕਾਰਜਾਂ ਲਈ ਅਨੇਕਾਂ ਪ੍ਰੋਗਰਾਂਮਾ ਦਾ ਐਲਾਨ ਕੀਤਾ। ਕਾਨਫਰੰਸ ਦੇ ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਵੱਖਰੇ ਚੋਣ ਖੇਤਰ ਪ੍ਰਨਾਲੀ ਦੇ ਵਿਚਕਾਰ ਪ੍ਰਗਟ ਕੀਤੀ।"

19 ਜੂਨ ਨੂੰ ਮਾਸਟਰ ਲਾਲ ਚੰਦ ਪ੍ਰਧਾਨ ਬਾਲਮੀਕ ਆਦਿ ਧਰਮ ਸਭਾ ਅਕਲੀਆਂਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇ ਕਾਨਫਰੰਸ ਦੀ ਕੁਰਸੀ ਸੰਭਾਲੀ ਦੁਪਹਿਰ 12 ਵਜੇ ਤੱਕ ਡਿਪ੍ਰੈਸਡ ਕਲਾਸਿਜ਼ ਦੀ ਏਕਤਾ ਤੇ ਜੋਰ ਦੇਣ ਵਾਲੇ ਭਾਸ਼ਨ ਦਿੱਤੇ। ਦੁਪਹਿਰ ਇੱਕ ਵਜੇ ਤੱਕ ਮੈਨੇਜਿੰਗ ਕਮੇਟੀ ਦੇ ਮੈਂਬਰਾ ਅਤੇ ਅਹੁਦੇਦਾਰਾਂ ਦੀ ਚੋਣ ਹੋਈ।

ਮੰਡਲ ਦੇ ਪ੍ਰਧਾਨ ਬਾਬੂ ਮੁੱਗੋਵਾਲੀਆ, ਪੰਡਿਤ ਹਰੀ ਰਾਮ ਪੰਡੋਰੀ ਅਤੇ ਬੀਬੀ ਉੱਪ ਪ੍ਰਧਾਨ, ਬਾਬੂ ਹਜਾਰਾ ਰਾਮ ਪਿਪਲਾਵਾਲਾਂ ਜਨਰਲ ਸਕੱਤਰ, ਬਾਬੂ ਲਸ਼ਮਣ ਦਾਸ ਮੁਕੇਰੀਆਂ ਸਹਾਇਕ ਸਕੱਤਰ , ਮਹਾਤਮਾ ਸੰਤ ਰਾਮ ਆਜ਼ਾਦ ਚੱਕ ਨੰਬਰ 290, ਲਾਇਲਪੁਰ ਮਿਸ਼ਨਰੀ, ਬਾਬੂ ਰਾਮ ਚੰਦ ਖੇੜਾ ਸੰਪਾਦਕ ਆਦਿ-ਡੰਕਾ' ਸ. ਨਗੀਨਾ ਸਿੰਘ ਚੱਕ ਨੰਬਰ 276, ਲਾਇਲਪੁਰ, ਹੈੱਡ ਕਲਰਕ, ਮਹਾਤਮਾ ਗਣੇਸ਼ ਦਾਸ ਨੂੰ ਸਾਰੇ ਆਦਿ-ਧਰਮ ਦਲਾਂ ਦਾ ਜਨਰਲ ਨਿਯੁਕਤ ਕੀਤਾ।

ਪ੍ਰਬੰਧਕੀ ਕਮੇਟੀ ਦੇ ਪ੍ਰਧਾਨ: ਸੇਠ ਲੱਭੂ ਰਾਮ ਸੂਚੀ ਪਿੰਡ ਜਲੰਧਰ ਸ਼ਹਿਰ, ਭਗਤ ਗੁਲਾਬਾ ਮੱਲ, ਮੁਸਾਹਿਬਪੁਰ ਮੁਕੇਰੀਆਂ। ਉਪ ਪ੍ਰਧਾਨ: ਮਾਸਟਰ ਲਾਲ ਚੰਦ ਵਾਲਮੀਕੀ, ਵਾਲਮੀਕਿ ਆਦਿ ਧਰਮ ਮੰਡਲ, ਅਕਲੀਆਂਵਾਲਾ ਫਿਰੋਜ਼ਪੁਰ ਉਪ ਪ੍ਰਧਾਨ, ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ, ਪੰਡਿਤ ਬਖਸ਼ੀ ਰਾਮ ਵਾਲਮੀਕਿ ਬੁੰਡਾਲਾ ਜਿਲ੍ਹਾ ਜਲੰਧਰ। ਸਹਾਇਕ ਸਕੱਤਰ, ਸ਼ਾਹੂਕਾਰ ਲੱਛੂ ਮੱਲ ਪਿੰਡ ਮੇਹਰ ਭਟੋਲ਼ੀ ਹੁਸ਼ਿਆਰਪੁਰ। ਸਹਾਇਕ ਸਕੱਤਰ, ਸੇਠ ਕਿਸ਼ਨ ਦਾਸ, ਲਾਲ ਬਾਜਾਰ ਜਲੰਧਰ ਸ਼ਹਿਰ ਖਜਾਨਚੀ, ਸ਼੍ਰੀਮਤੀ ਰਾਮਾ ਬਾਈ ਪਿੰਡ ਸਾਂਗਲਾ ਜਿਲ੍ਹਾ ਹੁਸ਼ਿਆਰਪੁਰ, ਸ਼੍ਰੀਮਤੀ ਠਾਕੁਰ ਰਾਣੀ ਬਾਈ ਪਤਨੀ ਸਰਦਾਰ ਰੱਲਾ ਸਿੰਘ ਚੱਕ ਨੰ: 86 ਜਿਲ੍ਹਾ ਮਿੰਟਗੁਮਰੀ ਅਤੇ 28 ਹੋਰ ਵਿਅਕਤੀ ਕਾਰਜਕਾਰਨੀ ਦੇ ਮੈਂਬਰ ਲਏ ਗਏ।

ਸੱਤਵੀਂ ਸਲਾਨਾ ਕਾਨਫਰੰਸ ਵਿਚ ਸਰਵ ਸੰਮਤੀ ਨਾਲ ਚੌਦਾਂ ਮਤੇ ਪਾਸ ਕੀਤੇ- ਮੰਡਲ ਨੂੰ ਰਜਿਸਟਰ ਕੀਤਾ ਜਾਵੇ ਅਤੇ ਨਵੀਂ ਖਰੀਦੀ ਜ਼ਮੀਨ ਦੀ ਰਜ਼ਿਸਟਰੀ ਮੰਡਲ ਦੇ ਨਾਂ ਕਰਵਾਈ ਜਾਵੇ।

1 ਅੱਜ ਤੋਂ ਮੰਡਲ ਨੂੰ 'ਦੀ ਪੰਜਾਬ ਆਦਿ-ਧਰਮ (ਡਿਪ੍ਰੈਸਡ ਕਲਾਸਿਜ਼ ਫੈਡਰੇਸ਼ਨ) ਦੇ ਨਾਂ ਨਾਲ ਬੁਲਾਇਆ ਜਾਵੇ।
2 ਹਰ ਜਿਲ੍ਹੇ ਵਿਚ ਮੰਡਲ ਦੇ ਦਫਤਰ ਖੋਲ੍ਹੇ ਜਾਣ।
3 ਜਨਰਲ ਸਕੱਤਰ ਹਰ ਮਹੀਨੇ ਹਿਸਾਬ ਕਿਤਾਬ ਦੇਖੇਗਾ।
4 ਰਾਜਾ ਮੁੰਜੇ ਪੈਕਟ ਦਾ ਵਿਰੋਧ ਕੀਤਾ ਗਿਆ।
5 ਵਿਧਾਨ ਪ੍ਰੀਸ਼ਦਾਂ, ਜਿਲ੍ਹਾ ਬੋਰਡਾਂ ਅਤੇ ਮਿਉਸਪਲ ਕਮੇਟੀਆਂ ਵਿਚ ਨਾਮਜ਼ਦਗੀ। ਸਿੱਖਿਆ ਵਿਚ ਵਿਸ਼ੇਸ ਰਿਆਇਤਾਂ ਦੇਣ ਅਤੇ ਜੇ.ਵੀ. ਟ੍ਰੇਂਡ ਅਧਿਆਪਕਾਂ ਨੂੰ ਨਿਯੁਕਤੀਆਂ ਦੇਣ ,ਸਰਕਾਰ ਵਲੋਂ ਡਿਪ੍ਰੈਸਿਡ ਕਾਲਸਿਜ਼ ਦੀ ਫੌਜ਼ ਅਤੇ ਪੁਲਿਸ ਵਿਚ ਭਰਤੀ ਸਮੇਂ ਕੇਸਾਂ ਤੇ ਇਤਰਾਜ਼ ਨੂੰ ਯੋਗ ਨਾ ਠਹਿਰਾਇਆ। ਆਦਿ ਧਰਮ ਮਹਾਂ ਸਭਾ ਅਕਲੀਆਂ ਨੂੰ ਅਤੇ ਇਸ ਵਲੋਂ ਖੋਲ੍ਹੇ ਅਦਾਰਿਆਂ ਨੂੰ ਆਦਿ ਧਰਮ ਮੰਡਲ ਵਜੋਂ ਮਾਨਤਾ ਦੇਣਾ ਆਦਿ ਮਤੇ ਪਤਾ ਕੀਤੇ।

*ਆਦਿ ਧਰਮ ਮੰਡਲ ਦਾ ਸ਼ਿਮਲੇ ਵਿਚ ਡੈਲੀਗੇਟ ਇਜਲਾਸ*

27 ਅਤੇ 28 ਅਗੱਸਤ 1932 ਨੂੰ ਬਾਬੂ ਚੂੰਨੀ ਲਾਲ ਥਾਂਪਰ ਵਾਲਮੀਕਿ ਲੀਡਰ ਦੀ ਪ੍ਰਧਾਨਗੀ ਹੇਠ ਸ਼ਿਮਲੇ ਵਿਖੇ ਆਦਿ-ਧਰਮ ਮੰਡਲ ਦੀ ਡੈਲੀਗੇਟ ਕਾਨਫਰੰਸ ਹੋਈ। ਫਿਰਕੇਦਰਾਨਾ ਅਵਾਰਡ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਅਣਗੌਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਅਤੇ ਸਾਰੀਆਂ ਜਾਂਤਾ ਨੂੰ ਆਪਣੇ ਵਿਤਕਰੇ ਭੁਲਾ ਕੇ ਅਵਾਰਡ ਦੀ ਵਿਰੋਧਤਾ ਕਰਨ ਦੀ ਅਪੀਲ ਕੀਤੀ ਗਈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅੱਗਵਾਈ ਹੇਠ ਵਿਸ਼ਾ ਕਮੇਟੀ ਨੇ ਕਾਨਫਰੰਸ ਦੇ ਖੁੱਲੇ ਸੈਸ਼ਨ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਤੇ ਇਹ ਕਾਨਫਰੰਸ ਫਿਰਕੇਦਾਰਾਨਾ ਅਵਾਰਡ ਵਿੱਚ ਪੰਜਾਬ ਦੇ ਅਛੂਤਾਂ ਨੂੰ ਛੱਡਣ ਤੇ ਡੂੰਘੀ ਨਰਾਜ਼ਗੀ ਅਤੇ ਨਿਰਾਸ਼ਾ ਦਾ ਪ੍ਰਗਟਾਅ ਕਰਦੀ ਹੈ। ਅਤੇ ਬਾਬੂ ਮੰਗੂ ਰਾਮ ਮੂੱਗੋਵਾਲੀਆ, ਪ੍ਰਧਾਨ ਆਦ ਧਰਮ ਮੰਡਲ, ਪੰਜਾਬ ਵਲੋਂ ਡਿਸਪ੍ਰੈਸਡ ਕਲਾਸਿਜ਼ ਨੂੰ ਬਨਦੀ ਨੁਮਾਇੰਦਗੀ ਦਾ ਯਾਦ ਪੱਤਰ ਭਾਰਤ ਸਰਕਾਰ ਨੂੰ ਦਿੱਤੇ ਦਾ ਪੂਰਨ ਸਮੱਰਥਨ ਕਰਦੀ ਹੈ।

ਕਾਨਫਰੰਸ ਨੇ ਮਤਾ ਪਾਸ ਕੀਤਾ ਕਿ 2 ਹਫਤਿਆਂ ਵਿੱਚ ਤਸੱਲੀ ਬਖਸ਼ ਜੁਆਬ ਦੇਣ ਲਈ ਸਰਕਾਰ ਨੂੰ ਕਿਹਾ ਕਿ ਵਰਨਾ ਕਾਰਜਕਾਰਨੀ ਚੋਣਾਂ ਦੇ ਬਾਈਕਾਟ ਦਾ ਮਤਾ ਪਾਸ ਕਰਕੇ ਡਿਪ੍ਰੈਸਡ ਕਲਾਸਿਜ਼ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਬਣਦੇ ਤੌਰ ਤਰੀਕੇ ਅਪਣਾਉਣ ਲਈ ਕਹੇਗੀ।

ਕਾਨਫਰੰਸ ਵਿੱਚ ਮਤਾ ਪਾਸ ਕੀਤਾ ਕਿ ਪੰਜਾਬ ਦੀਆ ਡਿਪ੍ਰੈਸਡ ਕਲਾਸਿਜ਼ ਵਲੋ ਇੱਕ ਡੈਪੂਟੇਸ਼ਨ ਇੰਗਲੈਂਡ ਭੇਜਿਆ ਜਾਵੇ ਤਾਂ ਜੋ ਇੰਨਸਾਫ ਪ੍ਰਾਪਤ ਕੀਤਾ ਜਾ ਸਕੇ। ਕਾਨਫਰੰਸ ਨੇ ਸਰਕਾਰ ਨੂੰ ਇੱਕ ਕਮੇਟੀ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਸੰਭਾਵੀ ਸਵਿਧਾਨ ਵਿੱਚ ਡ੍ਰਿਸਡ ਕਲਾਸਜ਼ਿ ਨੂੰ ਯੋਗ ਨੁਮਾਇੰਦਗੀ ਯਕੀਨੀ ਬਣਾਇਅ ਜਾ ਸਕੇ। ਇਸ ਕਮੇਟੀ ਦੇ ਅੱਧੇ ਮੈਂਬਰ ਇਨ੍ਹਾਂ ਵਰਗਾਂ ਵਿੱਚੋਂ ਲੈਣ ਲਈ ਕਿਹਾ ਸਫਾਈ ਸੇਵਕਾਂ ਅਤੇ ਹੋਰ ਮੁਲਾਜ਼ਮਾਂ ਲਈ ਘੱਟ ਤੋਂ ਘੱਟ 30 ਰੁਪਏ ਮਹੀਨਾ ਤਨਖਾਹ ਲੈਣ ਦੀ ਮੰਗ ਕੀਤੀ।

ਇਸ ਕਾਨਫਰੰਸ ਵਿੱਚ ਸਰਕਾਰ ਨੂੰ ਡਿਪ੍ਰੈਸਡ ਕਲਾਸਿਜ਼ ਤੋਂ ਟੈਕਸ ਨਾ ਉਗਰਾਉਣ ਲਈ ਕਿਹਾ ਗਿਆ ਕਿਉਂਕਿ ਇਨ੍ਹਾਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਅਤੇ ਦੂਸਰਾ ਫਿਰਕੇਦਾਰਾਨ ਅਵਾਰਡ ਵਿੱਚ ਵੀ ਇਹੋ ਸਲੂਕ ਸਰਕਾਰ ਨੇ ਕੀਤਾ ਹੈ।

ਕਾਨਫਰੰਸ ਨੇ ਬਾਬੂ ਮੁੱਗੋਵਾਲੀਆ ਅਤੇ ਬਾਬੂ ਚੂਨੀ ਲਾਲ ਥਾਪਰ ਨੂੰ ਪੰਜਾਬ ਦੇ ਡ੍ਰਿਸਡ ਕਲਾਸਿਜ਼ ਵਲੋ ਕੇਂਦਰੀ ਸਰਕਾਰ ਅਤੇ ਅੰਗਰੇਜ਼ ਸਰਕਾਰ ਨਾਲ ਗੱਲਬਾਤ ਕਰਨ ਦਾ ਅਧਿਕਾਰ ਦਿੱਤਾ।

ਰਿਫਾਰਮਜ਼ ਕਮਿਸ਼ਨਰ ਪੰਜਾਬ ਨੂੰ 1933 'ਚ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ 24 ਮਈ 1933 ਨੂੰ ਖਾਨ ਬਹਾਦੁਰ ਨਵਾਬ ਮੁਜ਼ੱਫਰ ਖਾਨ ਸੀ.ਆਈ.ਡੀ., ਰਿਫਾਰਮਜ਼ ਕਮਿਸ਼ਨਰ ਪੰਜਾਬ ਅਤੇ ਜੁਆਇੰਟ ਸੈਕਰੇਟਰੀ, ਟ੍ਰਾਂਸਫਰਡ ਮਹਿਕਮਾ, ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕੀਤੀਆਂ ।

1. ਪਹਿਲੀ ਮੰਗ- ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੀ ਲਿਸਟ ਛੇ ਨੂੰ ਪੂਰਨ ਦੱਸਦਿਆਂ ਕਿਹਾ ਕਿ ਸ਼ੁੱਧੀਕਰਨ ਹਿੰਦੂਆਂ ਨੂੰ ਇਸ ਵਿਚ ਸ਼ਾਮਿਲ ਨਾ ਕੀਤਾ ਜਾਏ। ਕਿਉਂਕਿ ਜਦੋਂ ਹਿੰਦੂ ਧਰਮ ਅਪਣਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਹਿੰਦੂਆਂ ਵਲੋਂ ਸਿਖਾਇਆ ਜਾਂਦਾ ਹੈ , ਉਹ ਅਛੂਤਾਂ ਨਾਲ ਕੋਈ ਸਬੰਧ ਨਾ ਰੱਖੇ।

2. ਦੂਜੀ ਮੰਗ – ਹੈਰਾਨੀ ਦੀ ਗੱਲ ਹੈ ਕਿ ਜਦੋਂ ਅਸੀਂ ਆਦਿ ਕਹਿੰਦੇ ਹਾਂ ਕਿ ਸਾਨੂੰ 'ਵੱਖਰੇ ਚੋਣ ਖੇਤਰ ਪ੍ਰਬੰਧ' ਚਾਹੀਦਾ ਹੈ ਕਿਉਂਕਿ ਅਸੀਂ ਹਿੰਦੂ ਨਹੀਂ ਅਛੂਤ ਹਾਂ। ਤਾਂ ਹੰਕਾਰੀ ਹਿੰਦੂ ਕਹਿੰਦੇ ਹਨ: ਪੰਜਾਬ ਵਿੱਚ ਕੋਈ ਅਛੂਤ ਨਹੀਂ ਹਨ"। ਹੁਣ ਜਦੋਂ ਅਛੂਤਾਂ ਨੂੰ ਹੱਕ ਮਿਲੇ ਹਨ ਤਾਂ ਹਿੰਦੂ ਇਤਰਾਜ਼ ਕਰਦੇ ਹਨ ਅਤੇ ਸ਼ੁਧੀਕਰਣ ਹੋਏ ਹਿੰਦੂਆਂ ਨੂੰ ਅਨੂਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ। ਇਸ ਤੋਂ ਸਾਫ ਦਿਖਾਈ ਦਿੰਦਾ ਹੈ ਕਿ ਹਿੰਦੂ ਆਦਿ ਧਰਮੀਆਂ ਨੂੰ ਮਿਲੇ ਹੱਕ ਖੋਹਣੇ ਚਾਹੁੰਦੇ ਹਨ ਪਰ ਅਸੀਂ ਸਰਕਾਰ ਵਲੋਂ ਐਲਾਨੀ ਅਨੂਸੂਚਿਤ ਜਾਤੀਆਂ ਦੀ ਲਿਸਟ ਤੋਂ ਸਤੁੰਸ਼ਟ ਹਾਂ।

3. ਤੀਜੀ ਮੰਗ – ਰਿਜ਼ਰਵੇਸ਼ਨ ਦਾ ਹੱਕ ਸਿਰਫ ਆਦਿ ਧਰਮੀਆਂ ਨੂੰ ਹੋਣਾ ਚਾਹੀਦਾ ਹੈ।ਕਿਉਂਕਿ ਉਹ ਹੀ ਅਛੂਤ ਹਨ। ਇੱਥੋਂ ਤੱਕ ਕਿ ਹਿੰਦੂ ਲੀਡਰ ਰਾਜਾ ਨਰਿੰਦਰ ਨਾਥ, ਮੈਂਬਰ ਗੋਲਮੇਜ਼ ਕਾਰਨਫਰੰਸ ਨੇ ਵੀ ਦੂਜੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਜ਼ੋਰ ਦੇ ਕੇ ਕਿਹਾ, "ਪੰਜਾਬ ਵਿਚ ਆਦਿਧਰਮੀਆਂ ਤੋਂ ਬਿਨਾਂ ਕੋਈ ਅਛੂਤ ਨਹੀਂ ਹੈ"। ਇਸੇ ਤਰ੍ਹਾਂ ਦਯਾਨੰਦ ਦਲਿਤ ਉਦਾਰ ਮੰਡਲ, ਹੁਸ਼ਿਆਰਪੁਰ ਨੇ ਕਿਹਾ ਹੈ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੀਆਂ ਸਿਫਾਰਿਸ਼ਾਂ ਵਿਚ ਵੀ ਇਸੇ ਤਰ੍ਹਾਂ ਕਿਹਾ ਹੈ। ਇਸ ਲਈ ਆਦਿ ਧਰਮੀ ਹੀ ਇਸ ਹੱਕ ਦੇ ਯੋਗ ਹਨ ਅਤੇ ਜਿਨ੍ਹਾਂ ਨੇ ਇਹ ਹੱਕ ਪ੍ਰਾਪਤ ਕਰਨ ਲਈ ਕੁਰਬਾਨੀਆਂ ਦਿੱਤੀਆਂ ਹਨ ਜਦੋਂ ਕਿ ਸ਼ੁੱਧੀਕਰਨ ਹਿੰਦੂਆਂ ਨੇ ਨਾ ਤਾਂ ਕੁਰਬਾਨੀਆਂ ਦਿੱਤੀਆਂ ਹਨ ਨਾ ਹੀ ਉਹ ਇਹ ਹੱਕ ਪ੍ਰਾਪਤ ਕਰਨ ਲਈ ਖਾਹਿਸ਼ਮੰਦ ਹਨ। ਇਸ ਲਈ ਸ਼ੁੱਧੀਕਰਨ ਹੋਏ ਹਿੰਦੂਆਂ ਨੂੰ ਅਨੂਸੂਚਿਤ ਜਾਤੀਆਂ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

4. ਚੌਥੀ ਮੰਗ- ਸ਼ੁੱਧੀਕਰਣ ਹਿੰਦੂਆਂ ਨੂੰ ਕਦੇ ਵੀ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਨਾ ਕੀਤਾ ਜਾਵੇ ਕਿਉਂਕਿ ਜੇ ਉਨ੍ਹਾਂ ਨੂੰ ਸ਼ਾਮਿਲ ਕੀਤਾ ਤਾਂ ਗਰੀਬ ਆਦਿ-ਧਰਮੀ ਸਰਕਾਰ ਵਲੋਂ ਮਿਲੇ ਹੱਕਾਂ ਨੂੰ ਪ੍ਰਾਪਤ ਕਰ ਸਕਣਗੇ ਕਿਉਂ ਹਿੰਦੂ ਸਾਡੀਆਂ ਰਿਜ਼ਰਵ ਸੀਟਾਂ 'ਤੇ ਸਰਮਾਏਦਾਰ ਹੋਣ ਕਰਕੇ ਕਬਜ਼ਾ ਕਰ ਲੈਣਗੇ ਅਤੇ ਸ਼ੁੱਧੀਕਰਣ ਹਿੰਦੂ ਉਹਨਾ ਦੇ ਦਬਾਅ ਥੱਲੇ ਹਨ। ਇਸ ਤਰਾਂ ਗਰੀਬ ਆਦਿ-ਧਰਮੀ ਆਪਣੇ ਨੁਮਾਇੰਦੇ ਭੇਜਣ ਵਿੱਚ ਸਫਲ ਨਹੀਂ ਹੋਣਗੇ ਅਤੇ ਆਦਿ-ਧਰਮੀ ਤਬਾਹ ਹੋ ਜਾਣਗੇ। ਇਸ ਨਾਲ ਈਸਾਇਆਂ ਅਤੇ ਮੁਸਲਮਾਨਾ ਵਿੱਚਲੇ ਅਛੂਤ ਵੀ ਸਾਡੇ ਹੱਕ ਮੰਗਣਗੇ। ਇਸ ਲਈ ਸ਼ੁੱਧੀਕਰਨ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਿਲ ਨਾ ਕਤਿਾ ਜਾਵੇ।

5. ਪੰਜਵੀਂ ਮੰਗ:- ਸਾਡੇ ਲੋਕ ਗਰੀਬ ਹਨਇਸ ਲਈ ਪੜੇ ਲਿਖਿਆ ਨੂੰ ਚੋਣ ਮਹਿਕਮੇ ਵਿੱਚ ਭਰਤੀ ਖੀਤਾ ਜਾਵੇ ਅਤੇ ਡਿਪ੍ਰੈਸਡ ਕਲਾਸਜ ਦੀਆ ਵੋਟਾ ਬਣਾਉਣ ਵੇਲੇ ਖਾਸ ਧਿਆਨ ਦਿੱਤਾ ਜਾਵੇ। ਪੱਤਰ ਤੇ ਬਾਬੂ ਮੰਗੂ ਰਾਮ ਪ੍ਰਧਾਨ, ਹਜਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ , ਪੰਡਤ ਬਖਸ਼ੀ ਰਾਮ ਜਨਰਲ ਸਕੱਤਰ, ਅਤੇ ਬਾਬੂ ਡੋਗਰ ਮੱਲ ਉੱਪ ਪ੍ਰਧਾਨ ਪੰਜਾਬ ਬਾਲਮੀਕ ਅਛੂਤ ਐਸੋਸੀਏਸ਼ਨ ਜਲੰਧਰ ਸ਼ਹਿਰ ਦੇ ਨਾ ਹਨ।

ਇਸ ਪੱਤਰ ਤੇ The Punjab Ad-Dharmi (Depressed Casses ) Federation Jalandhar City ਅੰਗਰੇਜੀ ਅਤੇ ਉਰਦੂ ਵਿੱਚ ਛਪਿਆ ਹੈ ਖੱਬੇ ਹੱਥ ਡੱਬੀ ਵਿੱਚ ਅੰਗਰੇਜੀ ਵਿੱਚ ਛਪਿਆਂ ਹੈ (Principles)

1. To work in every way for the uplift for all Ad-Dharmi (Aborging depressed classes) of punjab generally calles Achhuts and Shudras especially.
2. To work without religious prejudge for the unity of all.
3. To obtain all political rights in co-operation with the government.
4. keep government intouch with the true state of Ad-Dharmi's.
5. To organizes and execute by mean of publication of History Literature etc and to popularize arts and science by means of school , press and libraries .

*ਗਵਰਨ ਪੰਜਾਬ ਨੂੰ 1935 ਵਿੱਚ ਯਾਦ ਪੱਤਰ*

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 3 ਜਨਵਰੀ 1935 ਨੂੰ ਹੈਰਬਰਟ ਵਿਲੀਅਮ ਸੀ.ਐਸ. ਆਈ., ਸੀ. ਆਈ. ਈ., ਓ.ਬੀ. ਈ. ਗਵਰਨਰ, ਪੰਜਾਬ, ਲਾਹੌਰ ਨੂੰ ਹਜ਼ਾਰਾਂ ਆਦਿ ਧਰਮੀਆਂ ਸਣੇ ਇਕ ਮੈਮੋਰੰਡਮ ਦਿੱਤਾ। ਇਸ ਮੈਮੋਰੰਡਮ ਤੋਂ ਪਤਾ ਲੱਗਦਾ ਹੈ ਕਿ ਪਹਿਲੀ ਜੂਨ 1933 ਨੂੰ ਵੀ ਬਾਬੂ ਮੁੱਗੋਵਾਲੀਆ ਨੇ ਗਵਰਨਰ ਨੂੰ ਇਕ ਮੈਮੋਰੰਡਮ ਦਿੱਤਾ ਸੀ। 1933 ਦੇ ਮੈਮੋਰੰਡਮ ਸਬੰਧੀ ਪੰਜਾਬ ਸਰਕਾਰ ਲਾਹੌਰ ਦੇ ਮੁੱਖ ਸੱਕਤਰ ਨੇ ਪੱਤਰ ਨੰ.33246 ਜਨਰਲ ਮਿਤੀ 18 ਦਿਸੰਬਰ 1933 ਰਾਹੀਂ ਦੱਸਿਆ ਕਿ ਪੰਜਾਬ ਮੰਤਰੀ ਮੰਡਲ ਨੇ ਆਦਿ ਧਰਮੀਆਂ ਦੀਆਂ ਮੰਗਾਂ ਬਾਰੇ ਵਿਚਾਰ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਉਦਮ ਸ਼ੁਰੂ ਕਰ ਦਿੱਤੇ ਹਨ।

ਬਾਬੂ ਮੁੱਗੋਵਾਲੀਆ ਨੇ 1935 ਦੇ ਮੈਮੋਰੰਡਮ ਵਿਚ ਗਵਰਨਰ ਨੂੰ ਲਿਖਿਆ ਕਿ ਪੰਜਾਬ ਸਰਕਾਰ ਵਲੋਂ ਬਗਾਰ ਪ੍ਰਥਾ ਜਾਰੀ ਹੈ ਖਾਸ ਕਰ ਜਿਲਾ ਕਾਂਗੜਾ ਵਿੱਚ ਮੁਰਦਿਆਂ ਨੂੰ ਚੁੱਕਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਵਾਰੇ ਜਿਲਾ ਅਧਿਕਾਰੀਆਂ ਨੂੰ ਲਿਖਿਆ, ਪਰ ਵਿਅਰਥ ਗਿਆ ਹੈ। ਪਰ ਬਾਬੂ ਜੀ ਨੇ ਗਵਰਨਰ ਨੂੰ ਲਿਖਿਆ ਕਿ ਉਹ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕਰਨ। ਦਰਿਆ ਬਿਆਸ ਪਾਰ ਕਰਨ ਵੇਲੇ ਬੇੜੀ ਵਾਲੇ ਆਦਿ-ਧਰਮੀਆਂ ਨੂੰ ਬਿਠਾਉਂਦੇ ਨਹੀਂ ਜਦੋਂ ਕਿ ਦਰਿਆ ਸਰਕਾਰੀ ਜਾਇਦਾਦ ਹਨ। ਬਾਬੂ ਨੇ ਅੱਗੇ ਲਿਖਿਆ ਕਿ ਮਿਉਂਸਪਲ ਕਮੇਟੀਆਂ ਅਤੇ ਜ਼ਿਲ੍ਹਾ ਬੋਰਡਾਂ ਵਿਚਲੇ ਗੈਰ-ਆਦਿਧਰਮੀ, ਆਦਿ ਧਰਮੀਆਂ ਤੇ ਪ੍ਰੋਫੈਸ਼ਨਲ ਟੈਕਸ ਮਨਮਰਜ਼ੀ ਨਾਲ ਲਾਉਂਦੇ ਹਨ ਜੋ ਕਿ ਬੇਇਨਸਾਫੀ ਹੈ। ਨੰਬਰਦਾਰ, ਸਫੈਦ ਪੋਸ਼, ਪਟਵਾਰੀ ਅਤੇ ਜ਼ੈਲਦਾਰ ਬਗਾਰ ਨਾ ਕਰਨ ਵਾਲੇ ਆਦਿ-ਧਰਮੀਆਂ ਤੇ ਮਨਮਰਜ਼ੀ ਦਾ ਟੈਕਸ ਲਾਕੇ ਪੁਲਿਸ ਰਾਹੀਂ ਪ੍ਰੇਸ਼ਾਨ ਕਰਦੇ ਹਨ। ਬਾਬੂ ਜੀ ਨੇ ਸਖਤ ਸ਼ਬਦਾਂ ਵਿਚ ਲਿਖਿਆ ਕਿ ਜੇ ਅਛੂਤ ਆਪਣਾ ਧਰਮ ਆਦਿ-ਧਰਮ ਦੱਸਦੇ ਹਨ ਤਾਂ ਉਨ੍ਹਾਂ ਤੇ ਪ੍ਰੋਫੈਸ਼ਨਲ ਟੈਕਸ ਠੋਕ ਕੇ ਲਾਇਆ ਜਾਂਦਾ ਹੈ। ਜੇ ਉਹ ਆਪਣਾ ਧਰਮ ਸਿੱਖ , ਹਿੰਦੂ, ਮੁਸਲਿਮ ਦੱਸਦੇ ਹਨ ਤਾਂ ਕੋਈ ਟੈਕਸ ਨਹੀਂ ਲਾਉਂਦੇ। ਬਾਬੂ ਜੀ ਨੇ ਆਦਿ-ਧਰਮੀਆਂ 'ਤੋਂ ਇਸ ਟੈਕਸ ਨੂੰ ਹਟਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਲ ਬਾਡੀਜ਼ ਵਿਚ ਆਦਿ ਧਰਮੀਆਂ ਦੀ ਨੁਮਾਇੰਦਗੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਰਲਹਣ ਵਿਚ ਅਫਸਰਾਂ ਵਲੋਂ ਆਦਿਧਰਮੀਆਂ 'ਤੇ ਕੀਤੇ ਜੁਲਮਾਂ ਲਈ ਇੰਨਕੁਆਰੀਆਂ ਕਰਵਾਉਣ ਤੇ ਵੀ ਜੋਰ ਦਿੱਤਾ।

ਬਾਬੂ ਜੀ ਨੇ ਆਦਿ ਧਰਮੀਆਂ ਨੂੰ ਉਨ੍ਹਾਂ ਦੀ ਆਬਾਦੀ ਅਨੁਸਾਰ ਸਰਕਾਰੀ ਨੌਕਰੀਆਂ ਵਿੱਚ ਰਿਜਰਵਰੇਸ਼ਨ ਤੇ ਜੋਰ ਦਿੱਤਾ। 1901 ਈ. ਵਿੱਚ ਆਦਿ-ਧਰਮੀਆਂ ਨੂੰ ਦਬਾਉਣ ਲਈ ਪੰਜਾਬ ਭੂੰਮੀ ਇੰਤਕਾਲ ਆਰਜੀ ਐਕਟ ਬਣਿਆ ਜਿਸ ਨੂੰ ਬਾਬੂ ਜੀ ਨੇ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਐਲਾਨਦਿਆਂ ਰੱਦ ਕਰਨ ਲਈ ਕਿਹਾ ਤਾ ਜੋ ਆਦਿ-ਧਰਮੀ ਆਪਣੀ ਰਿਹਾਇਸ਼ ਲਈ ਥਾਂ ਖਰੀਦ ਸਕਣ।

ਸਰਕਾਰ ਵਲੋਂ ਨਵੇ ਸਵਿਧਾਨ ਵਿੱਚ ਐਲਾਨੀਆਂ ਅਨੁਸੂਚਿਤ ਜਾਤੀਆਂ ਦੀ ਲਿਸਟ ਵੇਖ ਕੇ ਵੱਖ ਵੱਖ ਮਹਿਕਮਿਆਂ ਵਿੱਚ ਭੇਜਣ ਬਾਰੇ ਅਤੇ ਇਹਨਾ ਜਾਂਤਾ ਦਾ ਧਰਮ ਅਦਿ-ਧਰਮ ਮੰਨਣ ਬਾਰੇ ਵੀ ਗਵਰਨਰ ਨੂੰ ਲਿਖਿਆ। ਇਹ ਮੈਮੋਰੰਡਮ ਅੰਗਰੇਜੀ ਵਿੱਚ ਪਾਪੂਲਰ ਪ੍ਰੈਸ ਜਲੰਧਰ ਸ਼ਹਿਰ ਤੋਂ ਛਪਵਾ ਕੇ ਵੰਡਿਆ ਗਿਆ। ਸਾਡੇ ਕੋਲ ਮੈਨੋਰੰਡਮ ਦੀ ਕਾਪੀ ਉੱਪਰ ਬਾਬੂ ਹਜਾਰਾ ਰਾਮ ਪਿੱਪਲਾਂਵਾਲਾ ਦੇ ਹਸਤਾਖਰ ਅਤੇ ਆਦਿ-ਧਰਮ ਮੰਡਲ ਆਫ ਪੰਜਾਬ ਦੀ ਪੰਜਾਬੀ /ਅੰਗਰੇਜੀ ਵਿੱਚ ਮੋਹਰ ਲੱਗੀ ਹੋਈ ਹੈ ਜਿਸ ਦੇ ਵਿੱਚਕਾਰ ਸੋਹੰ ਲਿਖਿਆਂ ਹੋਇਆ ਹੈ।

*ਰਿਫਾਰਮਜ ਕਮਿਸ਼ਨਰ ਸ਼ਿਮਲਾ ਨੂੰ 1935 ਵਿੱਚ ਯਾਦ ਪੱਤਰ*

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 18 ਸਤੰਬਰ 1935 ਨੂੰ ਰਿਫਾਰਮਜ਼ ਕਮਿਸ਼ਨਰ ਅਤੇ ਜਾਇੰਟ ਸੈਕਟਰੀ, ਟ੍ਰਾਂਸਪਫਰਡ ਡਿਪਾਰਟਮੈਂਟ, ਪੰਜਾਬ ਸਰਕਾਰ, ਸ਼ਿਮਲਾ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਿਲ ਕੇ ਇੱਕ ਮੈਮੋਰੈਡਮ ਦਿੱਤਾ। ਪੰਜਾਬ ਸਰਕਾਰ ਨੇ ਇਸ ਤੋ ਪਹਿਲਾਂ 13 ਅਗਸਤ ਅਤੇ ਸਤੰਬਰ 1935 ਨੂੰ ਕ੍ਰਮਵਾਰ ਅਸਥਾਈ ਪੰਜਾਬ ਅਸੰਬਲੀ ਹਲਕਿਆਂ ਦਾ ਐਲਾਨ ਕਰ ਦਿੱਤਾ ਗਿਆ।

ਬਾਬੂ ਜੀ ਨੇ ਅੰਮ੍ਰਿਤਸਰ ਅਤੇ ਜਲੰਧਰ ਜਿਲ੍ਹਿਆਂ ਦੀ ਇੱਕ ਸੀਟ ਐਲਾਨਣ ਦਾ ਵਿਰੋਧ ਕਰਦਿਆਂ ਕਿਹਾ ਕਿ ਜਲੰਧਰ ਅਤੇ ਅੰਮ੍ਰਿਤਸਰ ਜਿਲ੍ਹਿਆਂ ਨੂੰ ਦੋ ਸੀਟਾਂ ਚਾਹੀਦੀਆਂ ਹਨ। ਇੱਕ ਸੀਟ ਜਲੰਧਰ ਅਤੇ ਦੂਜੀ ਅਮ੍ਰਿਤਸਰ ਜ਼ਿਲ੍ਹੇ ਦੀ। ਬਾਬੂ ਜੀ ਨੇ ਦਲੀਲ ਦਿੱਤੀ ਕਿ ਕਿਉਂਕਿ ਬਹੁਗਿਣਤੀ ਆਦਿ-ਧਰਮੀ ਪਿੰਡਾ ਵਿੱਚ ਰਹਿੰਦੇ ਹਨ ਇਸ ਲਈ ਇਨ੍ਹਾਂ ਸੀਟਾਂ 'ਤੇ ਪੇਂਡੂ ਉਮੀਦਵਾਰਾਂ ਨੂੰ ਹੀ ਖੜ੍ਹੇ ਕਰਨ ਦਾ ਨਿਯਮ ਹੋਣਾ ਚਾਹੀਦਾ ਹੈ । ਉਸ ਸਮੇਂ ਪੇਡੂ ਅਤੇ ਸ਼ਹਿਰੀ ਸੀਟਾਂ ਦੀ ਰਿਜ਼ਰਵ ਸੀਟਾਂ ਵਿੱਚ ਸਿਰਫ ਪੇਂਡੂ ਖੇਤਰ ਵਿੱਚੋਂ ਹੀ ਬਣਨ। 5 ਸਤੰਬਰ 1935 ਵਿੱਚ ਅਸੰਬਲੀ ਹਲਕਿਆਂ ਵਿੱਚ ਤਬਦੀਲੀ ਕਰਨ ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਕਿਹਾ ਜੇ ਹੱਦਬੰਦੀ ਕਮੇਟੀ (Delimitation Committee) ਸਾਹਮਣੇ ਜੁਬਾਨੀ ਗਵਾਹੀ ਦੇਣਾ ਵੀ ਸਮਝਿਆ ਤਾਂ ਉਹ ਆਪਣਾ ਪੱਖ ਪੇਸ਼ ਕਰਨ ਲਈ ਤਿਆਰ ਹਨ। ਇਸ ਯਾਦ ਪੱਤਰ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਹਜ਼ਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਸੰਤ ਰਾਮ ਅਜ਼ਾਦ ਮਿਸ਼ਨਰੀ, ਸੇਠ ਕਿਸ਼ਨ ਦਾਸ ਵਿੱਤ ਸਰਕਾਰ ਅਤੇ ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ ਦੇ ਨਾਂ ਛਪੇ ਹਨ। ਪਾਪੂਲਰ ਪ੍ਰੈਸ, ਜਲੰਧਰ ਸ਼ਹਿਰ ਵਿੱਚ ਇਹ ਪੱਤਰ ਛਪਿਆ।

*ਮੁੱਖ ਮੰਤਰੀ ਨੂੰ ਰੋਸ ਪੱਤਰ*

ਬਾਬੂ ਮੁਗੋਵਾਲੀਏ ਨੇ 11-04-1942 ਨੂੰ ਮੁੱਖ ਮੰਤਰੀ ਪੰਜਾਬ ਨੂੰ ਇੱਕ ਰੋਸ ਪੱਤਰ ਲਿਖਿਆ ਕਿ ਜਿਸ ਤਰਾਂ ਦੂਜੀਆਂ ਕੌਮਾਂ ਨੂੰ ਦੂਜੀ ਸੰਸਾਰ ਜੰਗ ਵਿੱਚ ਫੌਜ ਵਿੱਚ ਭਰਤੀ ਕਰਨ ਤੇ ਜਮੀਨਾਂ ਅਲਾਟ ਕੀਤੀਆ ਹਨ ਉਸੇ ਤਰਾਂ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕੀਤੀਆ ਜਾਣ। ਇਸ ਪੱਤਰ ਵਿੱਚ ਪਤਾ ਲੱਗਦਾ ਹੈ ਕਿ ਸਰਕਾਰ ਵਲੋ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕਰਨ ਦੀ ਸਕੀਮ ਬਣਾਈ ਹੋਈ ਹੈ। ਇਸ ਪੱਤਰ ਵਿੱਚ ਸੂਚੀ ਹੈ ਕਿ ਕਿਹੜੇ-ਕਿਹੜੇ ਸਥਾਨਾਂ ਤੇ ਆਦਿ-ਧਰਮੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਆਦਿ-ਧਰਮ ਮੰਡਲ ਨੇ ਕਾਨਫਰੰਸਾਂ ਕੀਤੀਆਂ ਜਿਵੇਂ ਕਿ ਕਾਲਾ ਬੱਕਰਾ ਜਲੰਧਰ, ਪਿੱਪਲਾਂਵਾਲਾ, ਮਾਹਿਲਪੁਰ, ਹਰਿਆਣਾ ਹਾਜੀਪੁਰ, ਜਿਲਾ ਹੁਸ਼ਿਆਰਪੁਰ, ਜਗਰਾਂਓ, ਪੀਰੋਂ ਦਾਖਾ, ਡੇਹਲੋਂ, ਜਿਲਾ ਲੁਧਿਆਣਾ, ਜਿਲਾ ਲਾਇਲਪੁਰ ਜੋ ਕਿ ਅੱਜਕੱਲ ਪਾਕਿਸਤਾਨ ਵਿੱਚ ਹੈ, ਦਰੋਕਾ ਜਿਲਾ ਕਾਂਗੜਾਂ, ਮਿੰਟ-ਗੁੰਮਟੀ, ਮੁਲਤਾਨ, ਸਰਗੋਧਾ, ਸ਼ੈਖੂਪੁਰਾ, ਲਾਹੌਰ (ਹੁਣ ਪਾਕਿਸਤਾਨ 'ਚ), ਅੰਮ੍ਰਿਤਸਰ, ਗੁਰਦਾਸਪੁਰ ਅੰਬਾਲਾ (ਹੁਣ ਹਰਿਆਣਾ ਵਿੱਚ) ਅਤੇ ਸ਼ਿਮਲਾ ਜੋ ਕਿ ਅੱਜਕੱਲ ਹਿਮਾਚਲ ਪ੍ਰਦੇਸ਼ ਵਿੱਚ ਆਦਿ। ਇਸ ਪੱਤਰ ਉੱਪਰ ਬਾਬੂ ਮੰਗੂਰਾਮ ਮੁਗੋਵਾਲੀਆ ਪ੍ਰਧਾਨ, ਬਾਬੂ ਸ਼ਾਮ ਲਾਲ ਸਕੱਤਰ (ਬਾਬੂ ਲੱਭੂ ਰਾਮ ਸੂਚੀ ਪਿੰਡ ਪ੍ਰਧਾਨ ਪ੍ਰਬੰਧਕੀ ਕਮੇਟੀ) ਬਾਬੂ ਰਾਮ ਚੰਦ ਸਹਾਇਕ ਸਕੱਤਰ ਅਤੇ ਸੰਪਾਦਕ "ਆਦਿ ਡੰਕਾਂ" ਬਾਬੂ ਸੰਤ ਰਾਮ ਅਜਾਦ ਮਿਸ਼ਨਰੀ ਸੇਠ ਕਿਸ਼ਨ ਦਾਸ ਐਮ.ਐਲ.ਏ ਖਜਾਨਚੀ , ਬਾਬੂ ਸੰਸਾਰ ਚੰਦ ਮਹਾਂ ਉੱਪਦੇਸ਼ਕ, ਪੂਰਨ ਚੰਦ ਰਮਤਾ ਪ੍ਰਚਾਰਕ, ਖੇਮ ਚੰਦ ਪ੍ਰਚਾਰਕ (ਇਹਨਾ ਦੇ ਨਾਮ ਤੇ ਲੀਕ ਵੱਜੀ ਹੈ) ਦੋ ਨਾਮ ਟਾਈਪ ਹਨ।

*ਗਵਰਨਰ ਪੰਜਾਬ ਨੂੰ ਯਾਦ ਪੱਤਰ*

18-05-1934 ਨੂੰ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੈਮੋਰੰਡਮ ਦਿੱਤਾ ਕਿ ਆਦਿ-ਧਰਮੀ ਲੜਕੀਆਂ ਨਾਲ ਹਿੰਦੂ ਸਿੱਖ ਸਰਮਾਏਦਾਰ ਜਗੀਰਦਾਰਾਂ ਨੇ ਬਲਾਤਕਾਰ ਕੀਤੇ ਜਿਹਨਾ ਦੇ ਨਾਂ ਪਤੇ ਦਿੱਤੇ ਹਨ ਜੋ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣੇ ਨਾਲ ਸਬੰਧਤ ਹਨ। ਇਸ ਲਈ ਸ਼ਾਰਧਾ ਐਕਟ ਨੂੰ ਜੁੰਮੇਵਾਰ ਦੱਸਿਆ। ਪ੍ਰੋਫੈਸ਼ਨਲ ਟੈਕਸ ਨੂੰ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਦੱਸਿਆ ਕਿ ਜੇ ਉਹ ਆਪਣਾ ਧਰਮ ਹਿੰਦੂ, ਸਿੱਖ, ਇਸਲਾਮ ਦੱਸਣ ਤਾਂ ਇਹ ਟੈਕਸ ਨਹੀ ਲਾਉਦੇ।

ਇਸ ਦਾ ਹੱਲ ਦੱਸਦਿਆ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਲਿਖਿਆ ਕਿ ਸਾਨੂੰ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਬਣਦਾ ਹੱਕ ਦਿੱਤਾ ਜਾਵੇ ਅਤੇ ਪ੍ਰੋਫੈਸ਼ਨਲ ਟੈਕਸ ਉਗਰਾਹਣ ਦੇ ਅਧਿਕਾਰ ਦੇਣ ਲਈ ਕਿਹਾ। ਤੀਜੀ ਮੰਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਕੀਤੀ। ਇਹ ਯਾਦ ਪੱਤਰ ਵੀ ਕਿਸ਼ਨ ਸਟੀਮ ਪ੍ਰੈਸ ਰੇਲਵੇ ਰੋਡ ਜਲੰਧਰ ਸ਼ਹਿਰ ਵਿੱਚ ਛਪਿਆ ਹੈ। ਇਹ ਤਾਂ ਕੁੱਝ ਦਸਤਾਵੇਜ ਜੋ ਆਪ ਦੇ ਸਨਮੁਖ ਰੱਖੇ ਹਨ। ਖੋਜ ਵਿਦਿਆਂਰਥੀਆਂ ਲਈ ਅੱਗੇ ਰੱਖੇ ਹਨ। ਅੰਤ ਵਿੱਚ ਕਿਸੇ ਸ਼ਾਇਰ ਦੇ ਸ਼ਬਦ ਦੁਹਰਾਉਣਾ ਚਾਹੁੰਦਾ ਹਾਂ:

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਬਣੀਆਂ ਸੰਸਥਾਂ ਨੂੰ ਬੇਨਤੀ

ਸਾਡੀ ਕੌਮ ਦੇ ਸਿਰਫ ਇੱਕੋ-ਇੱਕ ਮਹਾਨ ਲੀਡਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆਂ, ਜਿਨ੍ਹਾਂ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਨੂੰ ਗੁਰੂ ਧਾਰਿਆ ਅਤੇ ਭਗਤ ਰਵਿਦਾਸ ਨੂੰ ਗੁਰੂ ਰਵਿਦਾਸ ਦੀ ਮਾਨਤਾ ਭਾਰਤੀ ਸਮਾਜ ਤੋਂ ਸੰਘਰਸ਼ ਕਰਕੇ ਪ੍ਰਾਪਤ ਕੀਤੀ।

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਬਣੀਆਂ ਸੰਸਥਾਂ ਅਤੇ ਹੋਰਨਾਂ ਸਮਾਜ ਭਲਾਈ ਸੰਸਥਾਵਾਂ ਨੂੰ ਬੇਨਤੀ ਹੈ ਕਿ ਹਰ ਸਾਲ ਬਾਬੂ ਜੀ ਦਾ ਜਨਮ ਦਿਨ ਅਤੇ ਬਰਸੀ ਮਨਾ ਕੇ ਸਾਡੇ ਸਮਾਜ ਦੇ ਇਸ ਚਾਨਣ ਮੁਨਾਰੇ ਦੀ ਮਿੱਠੀ ਯਾਦ ਨੂੰ ਤਾਜ਼ਾ ਰੱਖਣ।

"ਨਾਮ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ,
ਹੀਰਾ ਅਨਮੋਲ ਮਿੱਟੀ ਵਿੱਚ ਰੁਲਣਾ ਨਹੀ ਚਾਹੀਦਾ"

*– ਸੀ. ਐਲ ਚੁੰਬਰ*

11, 12 ਜੂਨ 1926 ਤੇ ਵਿਸ਼ੇਸ਼

# ਬਾਬੂ ਮੰਗੂ ਰਾਮ ਮੁੱਗੋਵਾਲੀਆ ਤੋਂ ਪਹਿਲਾਂ ਅਛੂਤਾਂ ਦੀ ਰਾਜਨੀਤੀ


ਦਲਿਤ ਜਮਾਤਾਂ ਲਈ ਕਿਸੇ ਉਮੰਗ ਪੂਰਨ ਸਮਾਜਿਕ ਤਬਦੀਲੀਆਂ ਦੇ ਮੌਕੇ ਇਤਿਹਾਸ ਵਿਚ ਬਹੁਤ ਦੁਰਲੱਭ ਰਹੇ ਹਨ। ਪੰਜਾਬ ਦੇ ਅਜੋਕੇ ਸਮਾਜਿਕ ਇਤਿਹਾਸ ਵਿਚ ਇਹੋ ਜਿਹਾ ਦੁਰਲੱਭ ਮੌਕਾ ਇਸ ਸਦੀ ਦੇ ਵੀਹਵਿਆਂ ਵਿਚ ਆਇਆ ਜਦੋਂ ਕਈ ਹੋਰ ਧਾਰਮਿਕ ਅੰਦੋਲਨਾਂ ਸਹਿਤ ਆਦਿ ਧਰਮ ਅੰਦੋਲਨ ਨੇ ਵੀ ਮੋਢੇ ਨਾਲ ਮੋਢਾ ਡਾਹ ਕੇ ਅੱਗੇ ਵਧਣਾ ਸ਼ੁਰੂ ਕੀਤਾ। ਪਹਿਲੇ ਵਿਸ਼ਵ ਯੁੱਧ ਦੇ ਖਤਮ ਹੋਣ ਤੋਂ ਬਾਅਦ ਭਾਰਤ ਵਿਚ ਬਰਤਾਨਵੀ ਨੀਤੀਆਂ ਵਿਚ ਕੁਝ ਤਬਦੀਲੀਆਂ ਦੇਖਣ ਨੂੰ ਮਿਲੀਆਂ। ਇੰਝ ਮਹਿਸੂਸ ਹੋਇਆ ਕਿ ਅਛੂਤਾਂ ਦੀ ਬਿਹਤਰੀ ਲਈ ਕੁਝ ਨਵੇਂ ਮੌਕੇ ਸੰਭਵ ਹੋ ਸਕਣਗੇ। ਇਹੋ ਸਮਾਂ ਸੀ ਜਦੋਂ ਉਹਨਾਂ ਨੂੰ ਆਪਣੀ ਵਡੇਰੀ ਗਿਣਤੀ ਦੀ ਰਾਜਨੀਤਿਕ ਅਹਿਮੀਅਤ ਦਾ ਪਹਿਲੀ ਵਾਰ ਅਹਿਸਾਸ ਹੋਇਆ। ਇਸ ਰਾਜਨੀਤਿਕ ਚੇਤਨਾ ਦਾ ਸਿਹਰਾ ਪੰਜਾਬ ਵਿਚਲੀਆਂ ਨੀਵੀਆਂ ਜਾਤੀਆਂ ਦੇ ਨੇਤਾਵਾਂ ਦੇ ਨਾਲ ਨਾਲ ਭਾਰਤ ਦੇ ਦੂਜੇ ਹਿੱਸਿਆਂ ਵਿਚ ਸਰਗਰਮ ਅਛੂਤ ਜਥੇਬੰਦੀਆਂ ਦੇ ਨਾਲ ਨਾਲ ਪੰਜਾਬ ਦੀ ਫਿਰਕਾਪ੍ਰਸਤ ਰਾਜਨੀਤੀ ਨੂੰ ਵੀ ਜਾਂਦਾ ਹੈ। ਮੁਲਕੋਂ ਬਾਹਰਲੇ ਭਾਰਤੀਆਂ ਦੀਆਂ ਜਥੇਬੰਦੀਆਂ ਤੋਂ ਵੀ ਆਦਿ ਧਰਮੀਆਂ ਨੂੰ ਜਥੇਬੰਦ ਹੋਣ ਲਈ ਪ੍ਰੇਰਨਾ ਮਿਲੀ। ਅਛੂਤ ਜਥੇਬੰਦੀਆਂ ਨੂੰ 1917 ਵਿਚ ਉਸ ਸਮੇਂ ਕੁਝ ਸਫਲਤਾ ਮਿਲੀ ਜਦੋਂ ਕਾਂਗਰਸ ਨੇ ਕਲਕੱਤਾ ਵਿਚ ਹੋਏ ਇਜਲਾਸ ਵਿਚ ਛੂਆ ਛਾਤ ਹਟਾਉਣ ਦੀ ਮੰਗ ਨੂੰ ਸ਼ਾਮਲ ਕਰ ਲਿਆ ਪਰ ਜਲਦੀ ਬਾਅਦ ਹੀ ਰਾਜਨੀਤਿਕ ਹਾਲਾਤ ਬਦਲ ਗਏ।

1919 ਈ. ਦੇ ਗੌਰਮਿੰਟ ਆਫ ਇੰਡੀਆ ਐਕਟ ਰਾਹੀਂ ਭਾਰਤੀ ਪਾਰਲੀਮੈਂਟ ਵਿਚ ਸੰਪਰਦਾਇਕ ਆਧਾਰ 'ਤੇ ਨੁਮਾਇੰਦਗੀ ਦੇਣ ਦਾ ਫੈਸਲਾ ਕੀਤਾ ਗਿਆ। ਇਸ ਨਾਲ ਅਛੂਤਾਂ ਨੂੰ ਆਪਣੇ ਆਪ ਨੂੰ ਰਾਜਨੀਤਿਕ ਤੌਰ 'ਤੇ ਜਥੇਬੰਦ ਕਰਨ ਅਤੇ ਆਪਣੀ ਸਦੀਆਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਦਾ ਮੌਕਾ ਮਿਲਿਆ। 1925-26 ਦੇ ਆਸ ਪਾਸ ਉਤਰ ਪ੍ਰਦੇਸ਼, ਦਿੱਲੀ ਅਤੇ ਪੰਜਾਬ ਦੇ ਅਛੂਤਾਂ ਨੂੰ ਇਕੱਠੇ ਕਰਨ ਦਾ ਯਤਨ ਕੀਤਾ ਗਿਆ। ਅਛੂਤਾਂ ਵਿਚ ਏਕਤਾ ਦਾ ਇਹ ਯਤਨ ਨਕਾਰਾ ਰਿਹਾ ਕਿਉਂਕਿ ਆਦਿ ਹਿੰਦੂ ਦੇ ਸਵਾਮੀ ਅਛੂਤਾ ਨੰਦ ਇਸ ਨੂੰ ਅਖਿਲ ਭਾਰਤੀ ਆਧਾਰ 'ਤੇ ਸੰਗਠਿਤ ਕਰਨਾ ਚਾਹੁੰਦੇ ਸਨ ਪਰ ਬਾਬੂ ਮੁੱਗੋਵਾਲੀਆ ਪਹਿਲਾਂ ਖੇਤਰੀ ਆਧਾਰ 'ਤੇ ਵੱਖ ਵੱਖ ਨਾਵਾਂ ਹੇਠਾਂ ਸੰਗਠਿਤ ਕਰਨਾ ਲੋੜਦੇ। ਬਾਬੂ ਮੁੱਗੋਵਾਲੀਆ ਨੂੰ 'ਹਿੰਦੂ' ਲਫਜ਼ ਦੀ ਵਰਤੋਂ 'ਤੇ ਵੀ ਇਤਰਾਜ਼ ਸੀ। ਅਛੂਤਾਂ ਦੀ ਬਹੁਗਿਣਤੀ ਦਾ ਰਾਜਨੀਤਿਕ ਫਾਇਦਾ ਲੈਣ ਲਈ ਇਸਾਈ ਅਤੇ ਇਸਲਾਮਿਕ ਜਥੇਬੰਦੀਆਂ ਨੇ ਉਹਨਾਂ ਨੂੰ ਆਪਣੇ ਆਪਣੇ ਦਾਇਰੇ ਵਿਚ ਲਿਆਉਣ ਦੇ ਯਤਨ ਸ਼ੁਰੂ ਕਰ ਦਿੱਤੇ ਸਨ। ਆਰੀਆ ਸਮਾਜੀਆਂ ਜੋ ਕਿ ਬ੍ਰਾਹਮਣਵਾਦ ਦੇ ਸਿੱਕੇ ਦਾ ਦੂਜਾ ਪਾਸਾ ਹਨ, ਨੇ ਇਸ ਨੂੰ ਇਕ ਖ਼ਤਰਨਾਕ ਅਲਾਮਤ ਸਮਝਦਿਆਂ ਅਛੂਤਾਂ ਨੂੰ ਆਰੀਆ ਸਮਾਜ ਵਿਚ ਲਿਆਉਣ ਲਈ ਸ਼ੁੱਧੀ ਅੰਦੋਲਨ ਆਰੰਭਿਆ। ਆਰੀਆ ਸਮਾਜੀਆਂ ਨੇ ਆਪਣਾ ਪ੍ਰਭਾਵ ਵਧਾਉਣ ਲਈ ਡੀ. ਏ. ਵੀ. ਸਕੂਲ ਅਤੇ ਕਾਲਜ ਸਥਾਪਤ ਕੀਤੇ, ਜਿਨ੍ਹਾਂ ਵਿਚ ਅਛੂਤਾਂ ਨੂੰ ਦਾਖਲਾ ਦਿੱਤਾ ਗਿਆ। ਮੁਸਲਮਾਨ ਅਤੇ ਇਸਾਈ ਵੀ ਇਸ ਪੱਖੋਂ ਪਿੱਛੇ ਨਹੀਂ ਸਨ। ਉਹਨਾਂ ਨੇ ਆਰੀਆ ਸਮਾਜੀਆਂ ਦਾ ਪੂਰਾ ਪੂਰਾ ਮੁਕਾਬਲਾ ਕੀਤਾ ਅਤੇ ਅਛੂਤਾਂ ਨੂੰ ਹੋਰ ਕਈ ਰਿਆਇਤਾਂ ਦਿੱਤੀਆਂ। ਇਸ ਸਮੇਂ ਸਿੱਖਾਂ ਨੇ ਵੀ ਆਰੀਆ ਸਮਾਜ ਵੱਲੋਂ ਚਲਾਏ ਸ਼ੁੱਧੀ ਅੰਦੋਲਨ ਦਾ ਵਿਰੋਧ ਕੀਤਾ ਕਿਉਂਕਿ ਅਛੂਤ ਸਿੱਖਾਂ ਵਿਚੋਂ ਵੀ ਕਈਆਂ ਨੇ ਆਰੀਆ ਸਮਾਜੀ ਬਣਨਾ ਪ੍ਰਵਾਨ ਕੀਤਾ। ਸਿੱਖਾਂ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਿੱਖ ਹਿੰਦੂ ਨਹੀਂ। ਗਿਆਨੀ ਦਿੱਤ ਸਿੰਘ ਅਤੇ ਭਾਈ ਕਾਹਨ ਸਿੰਘ ਨਾਭਾ ਲਿਖਤ ਪੁਸਤਕਾਂ 'ਹਮ ਹਿੰਦੂ ਨਹੀਂ' ਨੇ ਸਿੱਖ ਧਰਮ ਵਿਚਲੇ ਬ੍ਰਾਹਮਣਵਾਦ ਖਿਲਾਫ ਜਾਗਰੂਕ ਕੀਤਾ। ਖਾਲਸਾ ਦੀਵਾਨ ਨੇ ਆਪਣਾ ਵੱਖਰਾ 'ਦਲਿਤ ਸ਼੍ਰੇਣੀ ਅੰਦੋਲਨ' ਆਰੰਭ ਦਿੱਤਾ ਤਾਂ ਕਿ ਅਛੂਤਾਂ ਦੀ ਹਮਾਇਤ ਖੁੱਲ੍ਹੇ ਤੌਰ 'ਤੇ ਹਾਸਲ ਕੀਤੀ ਜਾ ਸਕੇ। ਕਾਂਗਰਸ ਵੱਲੋਂ 1917 ਦੇ ਕਲਕੱਤਾ ਇਜਲਾਸ ਵਿਚ ਛੂਤ ਛਾਤ ਵਿਰੋਧੀ ਮੰਗ ਨੂੰ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਕਰ ਲੈਣ ਦਾ ਮਕਸਦ ਵੀ ਅਛੂਤਾਂ ਦੀ ਬਹੁਗਿਣਤੀ ਦਾ ਰਾਜਨੀਤਿਕ ਲਾਭ ਉਠਾਉਣਾ ਹੀ ਸੀ। ਅੱਜ ਵੀ ਰਾਜਨੀਤਿਕ ਪਾਰਟੀਆਂ ਅਛੂਤਾਂ ਦੀ ਬਹੁਗਿਣਤੀ ਦਾ ਲਾਭ ਉਠਾਉਣ ਵਿਚ ਸਰਗਰਮ ਹਨ। ਸਭ ਤੋਂ ਪਹਿਲਾਂ ਅਛੂਤਾਂ ਦਾ ਸ਼ੁੱਧੀਕਰਨ ਕਰਨ ਦਾ ਪਰਪੰਚ ਕਰਕੇ ਆਰੀਆ ਸਮਾਜ ਨੇ ਅਛੂਤਾਂ ਨੂੰ ਆਪਣੇ ਪ੍ਰਭਾਵ ਅਧੀਨ ਲੈ ਆਉਂਦਾ ਸੀ। ਆਰੀਆ ਸਕੂਲਾਂ ਵਿਚ ਪੜ੍ਹੇ-ਲਿਖੇ ਹੋਣ ਕਾਰਨ ਮੁਢਲੇ ਅਛੂਤ ਪੜ੍ਹਾਈ ਖਤਮ ਕਰਕੇ ਆਰੀਆ ਸਮਾਜ ਦੇ ਪ੍ਰਚਾਰਕ ਜਾਂ ਅਧਿਆਪਕ ਬਣਦੇ ਰਹੇ। ਸਵਾਮੀ ਸ਼ੁਦਰਾਨੰਦ ਜਲੰਧਰ ਦੇ ਆਰੀਆ ਸਕੂਲ ਤੋਂ 1914 ਈ. ਵਿਚ ਵਿੱਦਿਆ ਪ੍ਰਾਪਤੀ ਉਪਰੰਤ ਆਰੀਆ ਸਮਾਜ ਦੇ ਪ੍ਰਚਾਰਕ ਬਣੇ। ਇਸੇ ਤਰ੍ਹਾਂ ਠਾਕਰ ਦਾਸ ਕੰਦੋਲਾ, ਬਸੰਤ ਸਿੰਘ ਅਤੇ ਬਾਅਦ ਵਿਚ ਮਾਸਟਰ ਗੁਰਬੰਤਾ ਸਿੰਘ ਨੇ ਆਰੀਆ ਸਮਾਜੀ ਸਕੂਲਾਂ ਤੋਂ ਪੜ੍ਹ ਕੇ ਇਹਨਾਂ ਸੰਸਥਾਵਾਂ ਵਿਚ ਅਧਿਆਪਕ ਵਜੋਂ ਕੰਮ ਕੀਤਾ, ਜਿਨ੍ਹਾਂ ਨੇ ਆਰੀਆ ਸਮਾਜ ਲਈ ਸਿੱਧੇ ਤੌਰ 'ਤੇ ਕੰਮ ਨਹੀਂ ਵੀ ਕੀਤਾ ਪਰ ਆਰੀਆ ਸਮਾਜੀ ਪ੍ਰਭਾਵ ਤੋਂ ਬਚ ਨਾ ਸਕੇ। ਹੁਸ਼ਿਆਰਪੁਰ ਵਿਚ ਆਰੀਆ ਸਮਾਜ ਤੋਂ ਪ੍ਰਭਾਵਿਤ ਅਛੂਤਾਂ ਨੇ ਦਇਆਨੰਦ ਦਲਿਤ ਉਧਾਰ ਮੰਡਲ ਅਤੇ ਲਾਹੌਰ ਵਿਚ ਦਇਆ ਨੰਦ ਅਛੂਤ ਉਧਾਰ ਮੰਡਲ ਵਰਗੀਆਂ ਸੰ-ਸਥਾਵਾਂ ਸਥਾਪਤ ਕੀਤੀਆਂ ਪਰ ਜਿਹੜੇ ਆਦਿ ਧਰਮੀਆਂ ਨੇ ਆਰੀਆ ਸਮਾਜ ਦੀ ਸਰਗਰਮੀ ਨਾਲ ਹਮਾਇਤ ਕੀਤੀ ਸੀ, ਉਹਨਾਂ ਦਾ ਧਰਮ ਜਲਦੀ ਹੀ ਟੁੱਟ ਗਿਆ। ਉਹ ਆਰੀਆ ਸਮਾਜ ਵਿਚ ਰਹਿ ਕੇ ਬਰਾਬਰੀ ਦਾ ਦਰਜਾ ਚਾਹੁੰਦੇ ਸਨ। ਆਦਿ ਧਰਮ ਮੰਡਲ ਦੀ ਸਥਾਪਨਾ ਤੋਂ ਪਹਿਲਾਂ ਆਰੀਆ ਸਮਾਜ ਦੇ ਹੁਸ਼ਿਆਰਪੁਰ ਨੇੜਲੇ ਪਿੰਡ ਪੁਰਾਣੀ ਬਸੀ ਦੇ ਘੁਮਿਆਰ ਜਾਤੀ ਦੇ ਸੰਤ ਰਾਮ ਬੀ. ਏ. ਨੇ 1922 ਵਿਚ ਜਾਤ ਪਾਤ ਤੋੜਕ ਮੰਡਲ ਨਾਂ ਹੇਠਾਂ ਇਕ ਅੰਦੋਲਨ ਆਰੰਭਿਆ। ਇਹ ਮੰਡਲ 1924 ਤੱਕ ਆਰੀਆ ਸਮਾਜੀਆਂ ਦੇ ਬ੍ਰਾਹਮਣਵਾਦੀ ਪਾਖੰਡਾਂ ਕਰਕੇ ਆਰੀਆ ਸਮਾਜ ਨਾਲ ਬੁਰੀ ਤਰ੍ਹਾਂ ਉਲਝ ਪਿਆ ਤੇ ਅੰਤ ਵਿਚ ਇਹਨਾਂ ਨੇ ਆਰੀਆ ਸਮਾਜ ਨੂੰ ਛੱਡ ਕੇ 'ਆਦਿ ਧਰਮ' ਵਿਚ ਆਪਣਾ ਵੱਖਰਾ 'ਆਰੀਆ ਸਮਾਜ' ਸਿਰਜ ਲਿਆ। ਆਦਿ ਧਰਮ ਦੀ ਪਹਿਲੀ ਜਥੇਬੰਦਕ ਮੀਟਿੰਗ ਜਲੰਧਰ ਸ਼ਹਿਰ ਵਿਚ 1925 ਈ. ਵਿਚ ਹੋਈ। ਇਸ ਉਪਰੰਤ ਸ਼ਾਮ ਚੁਰਾਸੀ, ਨੂਰ ਮਹਿਲ ਅਤੇ ਪੰਡੇਰੀ ਨਿਜਰਾਂ ਵਿਚ ਕਈ ਮੀਟਿੰਗਾਂ ਹੋਈਆਂ।

ਇਹਨਾਂ ਮੀਟਿੰਗਾਂ ਵਿਚ ਇਹ ਫੈਸਲਾ ਲਿਆ ਕਿ ਇਸ ਜਥੇਬੰਦੀ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਵੀ ਸ਼ਾਮਲ ਕੀਤਾ ਜਾਵੇ। ਬਾਬੂ ਮੁੱਗੋਵਾਲੀਆ ਅਮਰੀਕਾ ਵਿਚ ਗਦਰ ਪਾਰਟੀ ਦੇ ਸਰਗਰਮ ਆਗੂ ਵਜੋਂ ਭਾਰਤ ਪਰਤਣ 'ਤੇ ਭਾਰਤੀਆਂ ਖਾਸ ਕਰਕੇ ਅਛੂਤਾਂ ਦੇ ਹੀਰੋ ਬਣ ਗਏ। ਕਾਫੀ ਯਤਨਾਂ ਤੋਂ ਬਾਅਦ ਬਾਬੂ ਮੁੱਗੋਵਾਲੀਆ ਨੇ ਆਦਿ ਧਰਮੀਆਂ ਦੀ ਨਵੀਂ ਜਥੇਬੰਦੀ ਬਣਾਉਣਾ ਮੰਨਿਆ। ਬਾਬੂ ਮੁੱਗੋਵਾਲੀਆ ਦੇ ਅਸਰ ਰਸੂਖ ਨਾਲ ਬਹੁਤ ਸਾਰੇ ਆਦਿ ਧਰਮੀ ਜੋ ਕਿ ਆਰੀਆ ਸਮਾਜ ਨਾਲ ਜੁੜੇ ਹੋਏ ਸਨ, ਆਰੀਆ ਸਮਾਜ ਨੂੰ ਛੱਡ ਕੇ ਆਦਿ ਧਰਮ ਮੰਡਲ ਵਿਚ ਸ਼ਾਮਲ ਹੋ ਗਏ। ਬਾਬੂ ਮੁੱਗੋਵਾਲੀਆ ਨੇ ਆਦਿ ਧਰਮ ਮੰਡਲ ਦੀ ਪਹਿਲੀ ਮੀਟਿੰਗ ਵੀ ਆਪਣੇ ਪਿੰਡ ਮੁੱਗੋਵਾਲ ਥਾਣਾ ਮਾਹਿਲਪੁਰ ਵਿਚ 11-12 ਜੂਨ 1026 ਨੂੰ ਕੀਤੀ, ਜਿੱਥੇ ਬਾਬੂ ਜੀ ਨੂੰ ਇਸ ਨਵੀਂ ਜਥੇਬੰਦੀ ਦਾ ਪ੍ਰਧਾਨ ਚੁਣ ਲਿਆ ਗਿਆ। ਉਹ ਇਸ ਅਹੁਦੇ 'ਤੇ ਇਸ ਪੂਰੇ ਅੰਦੋਲਨ ਦੇ ਸਮੇਂ ਤੱਕ ਕਾਇਮ ਰਹੇ ਅਤੇ ਇੰਝ ਆਦਿ ਧਰਮ ਅੰਦੋਲਨ ਅਤੇ ਬਾਬੂ ਮੁੱਗੋਵਾਲੀਆ ਇੱਕ ਮਿਕ ਹੋ ਗਏ। ਬਾਬੂ ਮੁੱਗੋਵਾਲੀਆ ਪੜ੍ਹੇ ਲਿਖੇ, ਘਰੋਂ ਸੁਖਾਲੇ ਅਤੇ ਬਹਾਦਰ ਨੌਜਵਾਨ ਸਨ। ਵਿਦੇਸ਼ਾਂ ਵਿਚ 16 ਸਾਲ ਤੱਕ ਰਹਿ ਕੇ ਉਹਨਾਂ ਨੇ ਜੋ ਇੱਜ਼ਤ ਮਾਣ, ਬਰਾਬਰੀ ਦਾ ਦਰਜਾ ਤੇ ਜ਼ਿੰਦਗੀ ਦੀਆਂ ਸਭ ਸਹੂਲਤਾਂ ਮਾਣੀਆਂ, ਉਹ ਚਾਹੁੰਦੇ ਸਨ ਕਿ ਉਸ ਤਰ੍ਹਾਂ ਹਰ ਅਛੂਤ ਦੇ ਹਿੱਸੇ ਵੀ ਆਵੇ। 1926 ਵਿਚ 40 ਸਾਲ ਦੀ ਉਮਰ ਵਿਚ ਉਹਨਾਂ ਨੇ ਅਛੂਤਾਂ ਦੀ ਬਿਹਤਰੀ ਲਈ ਜੋਰਸਤਾ ਚੁਣਿਆ, ਉਹ ਬੜਾ ਭਿਆਨਕ ਪਰ ਸਵੈਮਾਣਤਾ ਭਰਪੂਰ ਸੀ। ਬਾਬੂ ਮੁੱਗੋਵਾਲੀਆ ਦੀਆਂ ਦੇਸ਼ ਦੀ ਆਜ਼ਾਦੀ ਸੰਗਰਾਮ ਅਤੇ ਅਛੂਤਾਂ ਦੀ ਆਜ਼ਾਦੀ ਦੇ ਸੰਗਰਾਮ ਵਿਚ ਕੀਤੀਆਂ ਘਾਲਣਾਵਾਂ ਨੂੰ ਲੋਕਾਂ ਸਾਹਵੇਂ ਲਿਆਉਣਾ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਮਹਾਤਮਾ ਗਾਂਧੀ, ਸ੍ਰੀ ਅਰਬਿੰਦੋ, ਡਾ. ਅੰਬੇਦਕਰ ਤੇ ਹੋਰ ਸਮਾਜ ਸੁਧਾਰਕਾਂ ਤੇ ਰਾਜਨੀਤਿਕ ਨੇਤਾਵਾਂ ਤੋਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਦੇਣ ਕਿਸੇ ਤਰ੍ਹਾਂ ਵੀ ਘੱਟ ਨਹੀਂ।

**- ਪ੍ਰੋ. ਡਾਕਟਰ ਦਰਸ਼ਨ ਸਿੰਘ 'ਬਖਸ਼ੀ'**
**ਧੰਨਵਾਦ ਸਹਿਤ- "ਕੌਮੀ ਉਡਾਰੀਆਂ"**

# ਮਹਾਤਮਾ ਗਾਂਧੀ ਬਨਾਮ ਬਾਬੂ ਮੁੱਗੋਵਾਲੀਆ





ਬਾਬੂ ਮੰਗੂ ਰਾਮ ਮੁੱਗੋਵਾਲੀਆ ਇਹ ਚਾਹੁੰਦੇ ਸਨ ਕਿ ਹਿੰਦੂਆਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਅਤੇ ਅਛੂਤਾਂ ਦੀ ਤਰੱਕੀ ਕਰਨ ਲਈ ਸਾਡੇ ਹੱਥ ਸਿਆਸੀ ਤਾਕਤ ਦਾ ਹੋਣਾ ਜ਼ਰੂਰੀ ਹੈ। ਇਸ ਲਈ ਉਹਨਾਂ ਨੇ ਚੋਣਾਂ ਵਿਚ ਹਲਕੇ ਰਿਜ਼ਰਵ ਕਰਾਉਣ ਲਈ ਜੱਦੋ ਜਹਿਦ ਕੀਤੀ, ਦੂਜੇ ਪਾਸੇ ਮਹਾਤਮਾ ਗਾਂਧੀ ਇਹ ਚਾਹੁੰਦੇ ਸਨ ਕਿ ਅਛੂਤਾਂ ਦੀ ਗਿਣਤੀ ਹਿੰਦੂਆਂ ਵਿਚ ਰਹੇ ਅਤੇ ਅਛੂਤ ਹਿੰਦੂਆਂ ਵਿਚ ਰਹਿ ਕੇ ਸਿਆਸਤ ਵਿਚ ਜਾਣ। ਇਸ ਕਰਕੇ ਗਾਂਧੀ ਅਛੂਤਾਂ ਨਾਲ ਦਿਖਾਵੀ ਹਮਦਰਦੀ ਜ਼ਾਹਿਰ ਕਰਦਾ ਸੀ ਅਤੇ ਉਹਨਾਂ ਦੀਆਂ ਗੰਦੀਆਂ ਬਸਤੀਆਂ ਵਿਚ ਜਾ ਕੇ ਅਛੂਤਾਂ ਨੂੰ ਮਿਲਦਾ ਸੀ। ਭਾਰਤ ਦੇ ਇਤਿਹਾਸ ਵਿਚ ਗਾਂਧੀ ਨੂੰ ਅਛੂਤਾਂ ਦਾ ਵੱਡਾ ਮਿੱਤਰ ਦੱਸਿਆ ਗਿਆ ਅਤੇ ਗਾਂਧੀ ਨੇ ਹੀ ਅਛੂਤਾਂ ਦਾ ਨਾਮ ਬਦਲ ਕੇ 'ਹਰੀਜਨ' ਰੱਖਿਆ ਸੀ।

ਉਹਨਾਂ ਦਾ ਕਹਿਣਾ ਸੀ ਕਿ ਭਾਰਤ ਤਦ ਹੀ ਆਜ਼ਾਦ ਹੋ ਸਕਦਾ ਹੈ ਜੇਕਰ ਅਸੀਂ ਅਛੂਤਾਂ ਨੂੰ ਨਾਲ ਮਿਲਾ ਕੇ ਆਜ਼ਾਦੀ ਲਈ ਘੋਲ ਕਰੀਏ। ਕਾਂਗਰਸ ਪਾਰਟੀ ਨੇ ਅਛੂਤਾਂ ਦੀ ਭਾਰਤ ਪੱਧਰ 'ਤੇ ਆਲ ਇੰਡੀਆ ਸੁਪਰੈਸਡ ਕਲਾਸਿਜ਼ ਫੈਡਰੇਸ਼ਨ ਬਣਾਈ ਹੋਈ ਸੀ, ਜਿਸ ਨੇ 'ਬੋਝਾ ਬਗਾਰ' ਖਤਮ ਕਰਾਉਣ ਲਈ ਸੰਨ 1924 ਵਿਚ ਲਾਹੌਰ ਵਿਚ ਕਈ ਰੈਲੀਆਂ ਕੀਤੀਆਂ। ਬਾਅਦ ਵਿਚ ਇਸ ਸੰਸਥਾ ਦਾ ਨਾਮ ਡੀਪਰੈਸਡ ਕਲਾਸਿਜ਼ ਮਿਸ਼ਨ ਰੱਖਿਆ ਗਿਆ। ਜਦੋਂ ਸੰਨ 1928 ਵਿਚ ਸਾਈਮਨ ਕਮਿਸ਼ਨ ਲਾਹੌਰ ਆਇਆ ਤਾਂ ਇਸ ਸੰਸਥਾ ਨੇ ਆਪਣਾ ਡੈਲੀਗੇਸ਼ਨ ਭੇਜਿਆ, ਜਿਸ ਨੇ ਸਿਰਫ ਲੈਂਡ ਅਲਾਇਨੇਸ਼ਨ ਐਕਟ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਗੋਰੀ ਸਰਕਾਰ ਅੱਗੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਕਿ ਸਾਡੀ ਗਰੀਬੀ ਅਨਪੜ੍ਹਤਾ ਅਤੇ ਪੱਛੜੇਪਣ ਦਾ ਵੱਡਾ ਕਾਰਨ ਹਿੰਦੂ ਹਨ ਜੋ ਸਾਡੀ ਤਰੱਕੀ ਵਿਚ ਰੋੜਾ ਅਟਕਾਉਂਦੇ ਹਨ। ਸਾਨੂੰ ਹਿੰਦੂਆਂ ਨਾਲੋਂ ਵੱਖਰੀ ਕੌਮ ਦਾ ਦਰਜਾ ਦਿੱਤਾ ਜਾਵੇ। ਬਾਬੂ ਜੀ ਨੇ ਸਾਈਮਨ ਕਮਿਸ਼ਨ ਤੇ ਲੋਥੀਅਨ ਕਮੇਟੀ ਅੱਗੇ ਸਪਸ਼ਟ ਕੀਤਾ ਸੀ ਕਿ ਨਾ ਅਸੀਂ ਹਿੰਦੂ ਹਾਂ ਤੇ ਨਾ ਹੀ ਮੁਸਲਮਾਨ ਹਾਂ, ਬਲਕਿ ਅਸੀਂ ਆਦਿ ਧਰਮੀ ਹਾਂ ਅਤੇ ਸਾਡੀ ਕੌਮ ਵੱਖਰੀ ਹੈ।

ਦੂਜੇ ਧਰਮਾਂ ਵਾਲਿਆਂ ਨੇ ਇਸ ਗੱਲ ਦਾ ਬਹੁਤ ਵਿਰੋਧ ਕੀਤਾ ਪਰ ਬਾਬੂ ਜੀ ਨੇ ਕੋਈ ਪਰਵਾਹ ਨਾ ਕੀਤੀ ਅਤੇ ਆਪਣੇ ਸਟੈਂਡ 'ਤੇ ਕਾਇਮ ਰਹੇ ਜਦੋਂ ਸੰਨ 1930 ਵਿਚ 'ਲੂਣ ਸਤਿਆ ਗ੍ਰਹਿ' ਕਾਂਗਰਸੀਆਂ ਵੱਲੋਂ ਚਲਾਇਆ ਗਿਆ ਤਾਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਪੰਜਾਬ ਸ਼ਾਖਾ ਨੇ ਜਦੋਂ ਇਹ ਸੱਤਿਆਗ੍ਰਹਿ ਜਲੰਧਰ ਵਿਚ ਸ਼ੁਰੂ ਕੀਤਾ ਤਾਂ ਆਦਿ ਧਰਮੀਆਂ ਨੇ ਇਸ ਦਾ ਡਟ ਕੇ ਵਿਰੋਧ ਕੀਤਾ, ਜਿਸ ਕਰਕੇ ਆਦਿ ਧਰਮੀਆਂ ਅਤੇ ਕਾਂਗਰਸੀਆਂ ਵਿਚ ਜ਼ਬਰਦਸਤ ਲੜਾਈ ਹੋਈ ਅਤੇ ਕਾਂਗਰਸੀਆਂ ਨੂੰ ਕੁਟਾਪਾ ਚਾੜ੍ਹਿਆ ਗਿਆ ਅਤੇ ਲੂਣ ਦੀਆਂ ਭੱਠੀਆਂ ਢਾਹ ਦਿੱਤੀਆਂ ਗਈਆਂ ਅਤੇ ਸਮਾਨ ਲੁੱਟਿਆ ਗਿਆ। ਇਸ ਝਗੜੇ ਨੇ ਗਾਂਧੀ ਦੀ ਨੀਂਦ ਹਰਾਮ ਕਰ ਦਿੱਤੀ। ਪੰਜਾਬ ਵਿਚ ਇਸ ਝਗੜੇ ਕਾਰਨ ਸਥਿਤੀ ਕਾਫੀ ਗੰਭੀਰ ਹੋ ਗਈ ਸੀ। ਇਹ ਇਸ ਕਰਕੇ ਕੀਤਾ ਗਿਆ ਸੀ ਕਿ ਕਾਂਗਰਸ ਨੇ ਕਦੀ ਕ੍ਰਿਆਤਮਕ ਰੂਪ ਵਿਚ ਸੱਚੇ ਦਿਲੋਂ ਕੋਈ ਹੰਭਲਾ ਨਹੀਂ ਮਾਰਿਆ ਸੀ। ਕਾਂਗਰਸ ਹਿੰਦੂਆਂ ਨੂੰ ਤਾਂ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣਾ ਚਾਹੁੰਦੀ ਸੀ ਪਰ ਆਦਿ ਧਰਮ ਮੰਡਲ ਨੇ ਜਦੋਂ ਅਛੂਤਾਂ ਦੀ ਆਜ਼ਾਦੀ ਦੀ ਗੱਲ ਛੇੜੀ ਤਾਂ ਕਾਂਗਰਸ ਨੇ ਮਨੂੰਵਾਦੀ ਬੋਲੀ ਬੋਲੀ। ਆਦਿ ਧਰਮੀਆਂ ਦਾ ਕਹਿਣਾ ਸੀ ਕਿ ਜੋ ਸਾਨੂੰ ਚੈਨ ਨਾਲ ਨਹੀਂ ਜਿਊਣ ਦਿੰਦਾ ਅਸੀਂ ਵੀ ਉਹਨਾਂ ਦਾ ਜਿਊਣਾ ਹਰਾਮ ਕਰ ਦਿਆਂਗੇ।

ਜਦੋਂ ਸੰਨ 1930-32 ਵਿਚ ਲੰਡਨ ਵਿਚ ਗੋਲਮੇਜ਼ ਕਾਨਫਰੰਸ ਹੋਈ ਤਾਂ ਅਛੂਤਾਂ ਦੀ ਨੁਮਾਇੰਦਗੀ ਐਮ. ਸੀ. ਰਾਜਾ ਨੇ ਕੀਤੀ ਅਤੇ ਉਸ ਨੇ ਅਛੂਤਾਂ ਨਾਲ ਗੱਦਾਰੀ ਕਰਕੇ ਗਾਂਧੀ ਦੇ ਹੱਕ ਵਿਚ ਵੋਟ ਪਾਈ ਜਦੋਂ ਇਸ ਗੱਲ ਦੀ ਖ਼ਬਰ ਬਾਬੂ ਮੁੱਗੋਵਾਲੀਆ ਨੂੰ ਪੁੱਜੀ ਤਾਂ ਉਹਨਾਂ ਨੇ ਤਾਰਾਂ ਦੇ ਕੇ ਡਾ. ਅੰਬੇਦਕਰ ਨੂੰ ਅਛੂਤਾਂ ਦਾ ਨੁਮਾਇੰਦਾ ਦੱਸਿਆ। ਜਦੋਂ ਡਾਕਟਰ ਅੰਬੇਦਕਰ ਸਾਹਿਬ ਨੇ ਇਸ ਕਾਨਫਰੰਸ ਵਿਚ ਅਛੂਤਾਂ ਲਈ ਵੱਖਰੀ ਕੌਮ ਦਾ ਦਰਜਾ ਅਤੇ ਵੱਖਰੇ ਚੋਣ ਹਲਕੇ ਅਲਾਟ ਕਰਾਉਣ ਬਾਰੇ ਬਹਿਸ ਕੀਤੀ ਤਾਂ ਗਾਂਧੀ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ, ਜਿਸ ਕਰਕੇ ਡਾ. ਅੰਬੇਦਕਰ ਸਾਹਿਬ ਦੀ ਮੰਗ ਪੂਰੀ ਨਾ ਹੋਈ ਅਤੇ ਕਾਨਫਰੰਸ ਵਿਚ ਡੈਡਲਾਕ ਪੈਦਾ ਹੋ ਗਿਆ। ਗਾਂਧੀ ਵਾਰ ਵਾਰ ਇਹ ਕਹਿੰਦਾ ਸੀ ਕਿ ਅਛੂਤ ਹਿੰਦੂ ਕੌਮ ਦਾ ਹਿੱਸਾ ਹਨ, ਇਸ ਲਈ ਇਹਨਾਂ ਦੀ ਗਿਣਤੀ ਹਿੰਦੂਆਂ ਵਿਚ ਕਰਕੇ ਚੋਣ ਹਲਕੇ ਬਣਾਏ ਜਾਣ ਜਦੋਂ ਇਹ ਵਾਰਤਾ ਵਿਚਾਲੇ ਹੀ ਟੁੱਟ ਗਈ ਤਾਂ ਗਾਂਧੀ ਵਾਪਸ ਭਾਰਤ ਪੁੱਜਾ ਅਤੇ ਉਸ ਨੇ ਅਛੂਤਾਂ ਦੀ ਵੱਖਰੀ ਕੌਮ ਅਤੇ ਅਛੂਤਾਂ ਲਈ ਵੱਖਰੇ ਚੋਣ ਹਲਕਿਆਂ ਵਿਰੁੱਧ 18 ਸਤੰਬਰ 1932 ਨੂੰ ਪੂਨੇ ਵਿਚ 'ਮਰਨ ਵਰਤ' ਸ਼ੁਰੂ ਕਰ ਦਿੱਤਾ, ਦੂਜੇ ਪਾਸੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਵੀ ਗਾਂਧੀ ਦੇ ਵਿਰੁੱਧ 'ਮਰਨ ਵਰਤ' ਜਲੰਧਰ ਵਿਚ ਸ਼ੁਰੂ ਕਰ ਦਿੱਤਾ ਅਤੇ ਇਹ ਐਲਾਨ ਵੀ ਕੀਤਾ ਕਿ ਜਦੋਂ ਤੱਕ ਸਰਕਾਰ ਅਛੂਤਾਂ ਨੂੰ ਵੱਖਰੀ ਕੌਮ ਦਾ ਦਰਜਾ ਨਹੀਂ ਦਿੰਦੀ ਅਤੇ ਉਹਨਾਂ ਲਈ ਵੱਖਰੇ ਚੋਣ ਹਲਕੇ ਅਲਾਟ ਨਹੀਂ ਕਰਦੀ, ਮੈਂ ਉਦੋਂ ਤੱਕ 'ਮਰਨ ਵਰਤ' ਨਹੀਂ ਛੱਡਾਂਗਾ। ਉਸ ਸਮੇਂ ਬਾਬੂ ਮੰਗੂ ਰਾਮ ਜੀ ਨੇ ਲਲਕਾਰ ਕੇ ਗਾਂਧੀ ਨੂੰ ਚੈਲੰਜ ਕੀਤਾ ਕਿ ਜੋ ਗਾਂਧੀ ਆਪਣੇ ਹਿੰਦੂਆਂ ਲਈ ਮਰਨ ਲਈ ਤਿਆਰ ਹੈ ਤਾਂ ਮੈਂ ਭੀ ਅਛੂਤਾਂ ਲਈ ਮਰਨ ਲਈ ਤਿਆਰ ਹਾਂ।

ਬਾਬੂ ਮੰਗੂ ਰਾਮ ਨੇ ਸ਼ਿਮਲੇ ਜਾ ਕੇ ਕਿੰਗ ਜਾਰਜ ਦੇ ਨਾਮ ਖੁੱਲ੍ਹੀ ਚਿੱਠੀ ਲਿਖੀ ਅਤੇ ਆਪਣੀਆਂ ਮੰਗਾਂ ਪੇਸ਼ ਕੀਤੀਆਂ। ਬਾਬੂ ਜੀ ਨੇ ਲਿਖਿਆ ਕਿ ਜੇਕਰ ਅਛੂਤਾਂ ਲਈ ਪੰਜਾਬ ਵਿਚ ਵੱਖਰੇ ਚੋਣ ਹਲਕੇ ਨਾ ਬਣਾਏ ਅਤੇ ਅਛੂਤਾਂ ਨੂੰ ਵੱਖਰੀ ਕੌਮ ਦਾ ਦਰਜਾ ਨਾ ਦਿੱਤਾ ਗਿਆ ਤਾਂ ਪੰਜਾਬ ਵਿਚ ਗੜਬੜ ਫੈਲ ਜਾਵੇਗੀ ਕਿਉਂਕਿ ਪੰਜਾਬ ਦੇ ਸਾਰੇ ਅਛੂਤ ਮੇਰੇ ਨਾਲ ਹਨ ਜੋ ਮੇਰੀ ਖਾਤਰ ਮਰ ਮਿਟਣ ਲਈ ਤਿਆਰ ਹਨ।

ਪੰਜਾਬ ਦੇ ਹਾਲਾਤ ਕਾਫੀ ਵਿਗੜ ਚੁੱਕੇ ਸਨ। ਆਖਿਰਕਾਰ ਜਦੋਂ ਰਿਜ਼ਰਵੇਸ਼ਨ ਬਾਰੇ ਡਾ. ਅੰਬੇਦਕਰ ਸਾਹਿਬ ਅਤੇ ਮਹਾਤਮਾ ਗਾਂਧੀ ਵਿਚਕਾਰ ਗੱਲਬਾਤ ਹੋਈ ਤਾਂ ਡਾ. ਅੰਬੇਦਕਰ ਨੂੰ ਮਜਬੂਰ ਹੋ ਕੇ ਹਿੰਦੂਆਂ ਅਤੇ ਗਾਂਧੀ ਦੀ ਮੰਨ ਕੇ ਅਛੂਤਾਂ ਦੀ ਹਿੰਦੂਆਂ ਤੋਂ ਵੱਖਰੀ ਹੋਂਦ ਦੀ ਗੱਲ ਛੱਡਣੀ ਪਈ, ਜਿਸ ਨਾਲ ਬਾਬੂ ਜੀ ਅਤੇ ਡਾ. ਅੰਬੇਦਕਰ ਵਿਚਕਾਰ ਖਿਚਾਓ ਪੈਦਾ ਹੋ ਗਿਆ।

ਗਾਂਧੀ ਨੇ ਮਰਨ ਵਰਤ ਛੱਡ ਦਿੱਤਾ। ਇਹ ਸਮਝੌਤਾ 24 ਸਤੰਬਰ 1932 ਨੂੰ ਪੂਨਾ ਐਕਟ ਦੇ ਅਧੀਨ ਹੋਇਆ। ਗਾਂਧੀ ਨੇ ਕਿਹਾ ਕਿ ਜੇਕਰ ਅਛੂਤ ਵੱਖਰੇ ਚੋਣ ਹਲਕਿਆਂ ਦੀ ਮੰਗ ਛੱਡ ਦੇਣ ਤਾਂ ਉਹਨਾਂ ਲਈ ਜਨਰਲ ਹਲਕਿਆਂ ਵਿਚ ਰਿਜ਼ਰਵ ਸੀਟਾਂ ਦਿੱਤੀਆਂ ਜਾਣਗੀਆਂ। ਇਸ ਤਰ੍ਹਾਂ ਭਾਵੇਂ ਪੂਨਾ ਐਕਟ ਅਧੀਨ ਸਮਝੌਤਾ ਹੋ ਗਿਆ ਅਤੇ ਗਾਂਧੀ ਨੇ 'ਮਰਨ ਵਰਤ' ਛੱਡ ਦਿੱਤਾ ਪਰ ਬਾਬੂ ਮੰਗੂ ਰਾਮ ਨੇ ਮਰਨ ਵਰਤ ਨਾ ਛੱਡਿਆ ਕਿਉਂਕਿ ਇਸ ਸੰਧੀ ਵਿਚ ਕੋਈ ਗਰੰਟੀ ਨਹੀਂ ਦਿੱਤੀ ਗਈ ਸੀ ਕਿ ਪੰਜਾਬ ਵਿਚ ਅਛੂਤਾਂ ਲਈ ਕਿੰਨੀਆਂ ਸੀਟਾਂ ਰਾਖਵੀਆਂ ਕੀਤੀਆਂ ਗਈਆਂ ਹਨ। ਇਸ ਲਈ ਸਰਕਾਰ ਨੂੰ ਬਾਬੂ ਜੀ ਅੱਗੇ ਝੁਕਣਾ ਪਿਆ ਅਤੇ ਪੰਜਾਬ ਵਿਚ ਅੱਠ ਸੀਟਾਂ ਆਦਿ ਧਰਮੀਆਂ ਲਈ ਰਿਜ਼ਰਵ ਕੀਤੀਆਂ ਗਈਆਂ ਤਾਂ ਬਾਬੂ ਮੰਗੂ ਰਾਮ ਨੇ ਵਰਤ ਛੱਡਿਆ। ਇਹ ਮਰਨ ਵਰਤ 28 ਦਿਨ ਚੱਲਿਆ ਜਦੋਂ ਤੱਕ ਪੂਨਾ ਐਕਟ ਲਿਖਤੀ ਤੌਰ 'ਤੇ ਜਲੰਧਰ ਨਹੀਂ ਪੁੱਜਿਆ ਕਿਉਂਕਿ ਬਾਬੂ ਜੀ ਦਾ ਕਹਿਣਾ ਸੀ ਕਿ ਜਿਨ੍ਹਾਂ ਲੋਕਾਂ ਨੇ ਹਜ਼ਾਰਾਂ ਸਾਲਾਂ ਤੋਂ ਸਾਨੂੰ ਜ਼ਲੀਲ ਕੀਤਾ ਹੈ, ਉਹਨਾਂ ਦੇ ਦਾਅਵੇ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

ਇਸ ਮੌਕੇ ਜਲੰਧਰ ਵਿਚ ਬਹੁਤ ਵੱਡੀ ਰੈਲੀ ਆਦਿ ਧਰਮੀਆਂ ਵੱਲੋਂ ਕੀਤੀ ਗਈ, ਜਿਸ ਵਿਚ ਸਾਰਾ ਪ੍ਰਬੰਧ ਸੇਠ ਕਿਸ਼ਨ ਦਾਸ ਸਾਬਕਾ ਐਮ. ਐਲ. ਏ. ਨੇ ਕੀਤਾ। ਸੰਤ ਸਵਰਨ ਦਾਸ ਬੱਲਾਂ ਵਾਲਿਆਂ ਨੇ ਬਾਬੂ ਜੀ ਨੂੰ ਜੂਸ ਪਿਲਾ ਕੇ ਵਰਤ ਤੁੜਵਾਇਆ।

ਇਸ ਤਰ੍ਹਾਂ ਬਾਬੂ ਮੰਗੂ ਰਾਮ ਜੀ ਨੇ ਹਿੰਦੂਆਂ ਵਿਚੋਂ ਅਛੂਤਾਂ ਦੀ ਵੱਖਰੀ ਕੌਮ 'ਆਦਿ ਧਰਮੀ' ਮਨਜ਼ੂਰ ਕਰਵਾ ਕੇ ਅਤੇ ਚੋਣਾਂ ਲਈ ਰਿਜ਼ਰਵ ਸੀਟਾਂ ਅਲਾਟ ਕਰਵਾ ਕੇ ਜਿੱਤ ਪ੍ਰਾਪਤ ਕੀਤੀ। ਜਦੋਂ ਵੀ ਕੋਈ ਮਨੁੱਖਤਾਵਾਦੀ ਇਤਿਹਾਸਕਾਰ ਗਾਂਧੀ ਜੀ ਦੀ ਅਛੂਤਾਂ ਨਾਲ ਮਿੱਤਰ ਮਾਰ ਦਾ ਵਰਣਨ ਕਰੇਗਾ ਤਾਂ ਡਾ. ਅੰਬੇਦਕਰ ਦੇ ਗਾਂਧੀ ਪ੍ਰਤੀ ਕਹੇ ਇਹ ਸ਼ਬਦ ਸੱਚੇ ਸਿੱਧ ਹੋਣਗੇ ਕਿ ਜੇ ਕਿਸੇ ਦੇ ਮੂੰਹ ਵਿਚ ਰਾਮ ਰਾਮ ਅਤੇ ਬਗਲ ਵਿਚ ਛੁਰੀ ਹੋਵੇ ਅਤੇ ਉਸ ਨੂੰ ਮਹਾਤਮਾ ਕਿਹਾ ਜਾਵੇ ਤਾਂ ਮਹਾਤਮਾ ਗਾਂਧੀ ਸੱਚਮੁੱਚ ਹੀ ਮਹਾਤਮਾ ਹਨ ਪਰ ਬਾਬੂ ਮੁੱਗੋਵਾਲੀਆ ਨੂੰ ਸਦਾ ਹੀ ਆਦਿ ਧਰਮੀਆਂ ਅਤੇ ਮਨੁੱਖਤਾ ਦੇ ਅਲੰਬਰਦਾਰ ਵਜੋਂ ਜਾਣਿਆ ਅਤੇ ਸਤਿਕਾਰਿਆ ਜਾਵੇਗਾ।

**-ਚਤਰ ਸੈਨ ਮੁੱਗੋਵਾਲੀਆ**
**ਧੰਨਵਾਦ ਸਹਿਤ- "ਕੌਮੀ ਉਡਾਰੀਆਂ"**

# ਪਾਕਿਸਤਾਨ 'ਚ ਭਾਰਤ ਲਈ ਜਾਸੂਸੀ ਕਰਨ ਵਾਲੇ ਸੁਰਿੰਦਰਪਾਲ ਮਹਿੰਮੀ ਦੀ ਦਰਦ ਭਰੀ ਦਾਸਤਾਨ

## 6 ਜਵਾਨ ਲੜਕੀਆਂ ਦੇ ਬਾਪ ਵਲੋਂ ਕੇਂਦਰ ਅਤੇ ਪੰਜਾਬ ਸਰਕਾਰ ਤੇ ਜਾਤੀ ਵਿਤਕਰਾ ਕਰਨ ਦੇ ਦੋਸ਼, ਸ਼ਰਾਬੀਆਂ ਅਤੇ ਸਮਗਲਰਾਂ ਨੂੰ ਲੱਖਾਂ/ਕਰੋੜਾਂ ਦੀ ਸਹਾਇਤਾ

ਭਾਰਤ ਲਈ ਕੁਰਬਾਨੀਆਂ ਕਰਨ ਵਾਲੇ ਪੰਜਾਬੀਆਂ ਨਾਲ ਕੇਂਦਰ ਸਮੇਤ ਪੰਜਾਬ ਵਿਚ ਸਮੇਂ ਸਮੇਂ ਰਹੀਆਂ ਵੱਖ ਵੱਖ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਵਲੋਂ ਕਦੇ ਕੁੱਝ ਨਹੀਂ ਕੀਤਾ ਗਿਆ। ਭਾਰਤ ਦੀ ਖੁਫੀਆ ਏਜੰਸੀ ਰਾਅ ਲਈ ਮੈਂ ਲਗਭਗ 15 ਸਾਲ ਕੰਮ ਕੀਤਾ। ਲਗਭਗ 24 ਵਾਰ ਪਾਕਿਸਤਾਨ ਵਿਚ ਜਾ ਕੇ ਭਾਰਤ ਲਈ ਏਜੰਸੀ ਦੇ ਉਚ ਅਧਿਕਾਰੀਆਂ ਨੂੰ ਉਥੋਂ ਦੀ ਸਰਕਾਰ, ਜਥੇਬੰਦੀਆਂ ਸਮੇਤ ਉਥੇ ਰਹਿਕੇ ਭਾਰਤ ਸਰਕਾਰ ਵਿਰੁੱਧੀ ਕਾਰਵਾਈਆਂ ਕਰਨ ਵਾਲੇ ਲੋਕਾਂ ਦੀਆਂ ਗਤੀਵਿਧੀਆਂ ਦੀ ਗੁਪਤ ਜਾਣਕਾਰੀ ਮੁਹੱਈਆ ਕਰਵਾਈ ਪ੍ਰੰਤੂ ਜਦ ਮੈਂ 25 ਵੀਂ ਬਾਰ ਪਾਕਿਸਤਾਨ ਦੇ ਸਿਆਲਕੋਟ ਬਾਰਡਰ ਤੇ ਉਥੋਂ ਦੀ ਫੌਜ਼ ਦੇ ਕਾਬੂ ਆਇਆ ਤਾਂ ਉਸਦੀ ਕਿਸੇ ਨੇ ਕਦੇ ਕੋਈ ਸਾਰ ਨਹੀਂ ਲਈ। ਉਸਨੂੰ ਜਾਸੂਸੀ ਲਈ ਪਾਕਿਸਤਾਨ ਭੇਜਣ ਵਾਲੇ ਉਸ ਸਮੇਂ ਦੇ ਭਾਰਤੀ ਖੁਫੀਆ ਏਜੰਸੀ ਰਾਅ ਦੇ ਇੰ-ਸਪੈਕਟਰ ਦਿਨੇਸ਼ ਸ਼ਰਮਾਂ ਅਤੇ ਡੀ ਐਸ ਪੀ ਚੈਚਲ ਸਿੰਘ ਮਨਕੋਟੀਆ ਉਰਫ ਹਰੀ ਸਿੰਘ ਡੋਗਰਾ ਨੇ ਉਸ ਸਮੇਤ ਉਸਦੇ ਪਰਿਵਾਰ ਦੀ ਪਾਕਿਸਤਾਨ ਵਿਚ ਗ੍ਰਿਫਤਾਰ ਹੋ ਜਾਣ ਤੋਂ ਬਾਅਦ ਕੋਈ ਪੁੱਛਗਿਛ ਨਹੀਂ ਕੀਤੀ। ਉਸਨੇ ਆਪਣੀ ਜ਼ਿੰਦਗੀ ਦੇ 10 ਸਾਲ ਪਾਕਿਸਤਾਨ ਦੀਆਂ ਹੋਰ ਜੇਲ੍ਹਾਂ ਤੋਂ ਇਲਾਵਾ ਕਈ ਸਾਲ ਕੋਟ ਲੱਖਪੱਤ ਦੀ ਜੇਲ੍ਹ ਵਿਚ ਨਰਕ ਭਰੀ ਜਿੰਦਗੀ ਬਤੀਤ ਕੀਤੀ। ਉਪ੍ਰੋਕਤ ਵਿਚਾਰ ਅੱਜ ਇਥੇ ਭਾਰਤ ਲਈ ਪਾਕਿਸਤਾਨ ਵਿਚ ਅਸਲ ਵਿਚ ਜਾਸੂਸੀ ਕਰਨ ਵਾਲੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਾੜੀਆਂ ਖੁਰਦ ਦੇ ਵਾਸੀ ਅਤੇ 6 ਲੜਕੀਆਂ ਅਤੇ 2 ਲੜਕਿਆਂ ਦੇ ਲਾਚਾਰ ਗਰੀਬ ਅਤੇ ਪਾਕਿ ਫੌਜ਼ ਦੇ ਤਸ਼ੱਦਦ ਨਾਲ ਅਪਾਹਜ ਬਣੇ ਸੁਰਿੰਦਰਪਾਲ ਮਹਿਮੀ ਨੇ ਆਪਣਾ ਦੁੱਖ ਪ੍ਰਗਟ ਕਰਦਿਆਂ ਇਹਨਾਂ ਸਤਰਾਂ ਦੇ ਲੇਖਕ ਨਾਲ ਸਾਂਝੇ ਕੀਤੇ।

ਸੁਰਿੰਦਰਪਾਲ ਮਹਿਮੀ ਨੇ ਦੋਸ਼ ਲਾਇਆ ਕਿ ਭਾਰਤ ਵਿਚ ਦੇਸ਼ ਭਗਤਾਂ ਦੀ ਸੱਤਾਧਾਰੀ ਪਾਰਟੀਆਂ ਦੇ ਆਗੂ ਉਹਨਾਂ ਦੀਆਂ ਕੁਰਬਾਨੀਆਂ ਦਾ ਕੋਈ ਮੁੱਲ ਨਹੀਂ ਪਾਉਂਦੇ ਸਗੋਂ ਉਹਨਾਂ ਦੇ ਨਾਮ ਤੇ ਉਹਨਾਂ ਦੇ ਸ਼ਹੀਦੀ ਅਤੇ ਜਨਮ ਦਿਵਸ ਸਮਾਗਮਾਂ ਮੌਕੇ ਸਿਆਸਤ ਕਰਦੇ ਹਨ। ਉਕਤ ਦਿਨਾਂ ਤੋਂ ਬਾਅਦ ਸ਼ਹੀਦਾਂ ਦੇ ਬੁੱਤਾਂ ਤੇ ਜਾਨਵਰ ਬਿੱਠਾਂ ਕਰਦੇ ਹਨ ਅਤੇ ਮਿੱਟੀ ਘੱਟੇ ਨਾਲ ਭਰ ਜਾਂਦੇ ਹਨ। ਸ਼ਹੀਦ ਊਧਮ ਸਿੰਘ ਦਾ ਲੁਧਿਆਣਾਂ ਅਤੇ ਸ਼ਹੀਦ ਭਗਤ ਸਿੰਘ ਦਾ ਉਸਦੇ ਪਿੰਡ ਸਮੇਤ ਪੰਜਾਬ ਵਿਚ ਕਈ ਹੋਰ ਥਾਵਾਂ ਤੇ ਲੱਗੇ ਬੁੱਤਾਂ ਦੀ ਹਾਲਤ ਦੇਖਕੇ ਸ਼ਹੀਦਾਂ ਦੇ ਪਰਿਵਾਰ ਹੀ ਨਹੀਂ ਸਗੋਂ ਸੱਚੇ ਦੇਸ਼ ਭਗਤ ਰੋਣ ਲਈ ਮਜ਼ਬੂਰ ਹਨ। ਉਕਤ ਸ਼ਹੀਦਾਂ ਦੇ ਯਾਦਗਾਰੀ ਸਮਾਗਮਾਂ ਤੋਂ ਬਾਅਦ ਕੋਈ ਵੀ ਸਿਆਸੀ ਆਗੂ ਉਹਨਾਂ ਵੱਲ ਧਿਆਨ ਨਹੀਂ ਦਿੰਦਾ।

ਮਹਿੰਮੀ ਨੇ ਦੱਸਿਆ ਕਿ ਉਸ ਨਾਲ ਜਾਤੀ ਵਿਤਕਰਾ ਹੋਇਆ ਹੈ। ਕੇਂਦਰ ਸਮੇਤ ਪੰਜਾਬ ਸਰਕਾਰ ਵਲੋਂ ਅਜਿਹੇ ਪਾਕਿਸਤਾਨ ਵਿਚ ਸਜਾ ਕੱਟਣ ਵਾਲਿਆਂ ਨੂੰ ਲੱਖਾਂ ਕਰੋੜਾਂ ਰੁਪਏ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਿਹਨਾਂ ਨੇ ਦੇਸ਼ ਲਈ ਕਦੇ ਕੁੱਝ ਵੀ ਨਹੀਂ ਕੀਤਾ। ਉਹਨਾਂ ਦੱਸਿਆ ਕਿ ਉਹ 1977 ਵਿਚ ਆਪਣੇ ਪਰਿਵਾਰ ਦਾ ਪੇਟ ਪਾਲਣ ਲਈ ਆਪਣੀਆਂ ਲੜਕੀਆਂ ਅਤੇ ਦੋ ਬੱਚਿਆਂ ਸਮੇਤ ਮਾਤਾ ਪਿਤਾ ਅਤੇ ਭੈਣ ਭਰਾਵਾਂ ਦਾ ਪੇਟ ਪਾਲਣ ਲਈ ਇਕ ਖੁਫੀਆ ਏਜੰਸੀ ਦੇ ਡੀ ਐਸ ਪੀ ਦੇ ਕਹਿਣ ਤੇ ਭਾਰਤ ਲਈ ਕੁੱਝ ਪੈਸਿਆਂ ਬਦਲੇ ਪਾਕਿਸਤਾਨ ਵਿਚ ਜਾਸੂਸੀ ਲਈ ਗਿਆ। ਉਸਨੇ ਦੱਸਿਆ ਕਿ ਉਹ ਬੜੀ ਫੁਰਤੀ ਨਾਲ ਪੁਲੀਸ ਦੀ ਮੱਦਦ ਨਾਲ ਬਾਰਡਰ ਪਾਰ ਕਰਦਾ ਤੇ ਥੋੜ੍ਹੇ ਦਿਨਾਂ ਬਾਅਦ ਭਰਪੂਰ ਜਾਣਕਾਰੀ ਅਤੇ ਲੋੜੀਂਦੇ ਦਸਤਾਵੇਜ ਲੈ ਕੇ ਵਾਪਿਸ ਭਾਰਤ ਆਉਂਦਾ ਜਾਂਦਾ ਰਿਹਾ। ਉਹ ਕਈ ਸਾਲ ਦੇਸ਼ ਲਈ ਜਸੂਸੀ ਕਰਦਾ ਰਿਹਾ। ਉਸਦੇ ਕੰਮ ਕਰਨ ਦੇ ਤਰੀਕੇ ਤੋਂ ਭਾਰਤ ਦੇ ਖੁਫੀਆ ਅਧਿਕਾਰੀ ਬਹੁਤ ਖੁਸ਼ ਸਨ ਪ੍ਰੰਤੂ ਜਦ ਉਹ ਇਸ ਆਉਣ ਜਾਣ ਵਿਚ 1977 ਵਿਚ ਪਾਕਿਸਤਾਨ ਤੋਂ ਖੁਫੀਆ ਦਸਤਾਵੇਜਾਂ ਸਮੇਤ ਸਿਆਲਕੋਟ ਬਾਰਡਰ ਤੇ ਪਾਕਿਸਤਾਨੀ ਫੌਜ਼ ਦੇ ਧੱਕੇ ਚੜ੍ਹਿਆ ਤਾਂ ਉਸਦੀ ਕਿਸੇ ਵੀ ਭਾਰਤੀ ਅਧਿਕਾਰੀ ਜਾਂ ਸਰਕਾਰ ਨੇ ਕੋਈ ਸਾਰ ਨਹੀਂ ਲਈ। ਉਸਨੂੰ ਪਾਕਿਸਤਾਨੀ ਫੌਜ਼ ਵਲੋਂ ਬੜੀ ਬੇਦਰਦੀ ਨਾਲ ਕੁੱਟਿਆ ਗਿਆ। ਉਸਨੂੰ ਬਰਫ ਤੇ ਲੰਮਾਂ ਪਾਕੇ ਪਿੱਠ ਤੇ ਕੋੜੇ ਅਤੇ ਡੰਡਿਆਂ ਨਾਲ ਭੰਨਿਆਂ ਗਿਆ। ਫੌਜ਼ ਦੇ ਅਧਿ-ਕਾਰੀ ਉਸਨੂੰ ਲਗਭਗ ਤਿੰਨ ਮਹੀਨੇ ਉਸਤੇ ਤਸ਼ੱਦਦ ਕਰਦੇ ਰਹੇ ਤੇ ਤਿੰਨ ਮਹੀਨੇ ਬਾਅਦ ਉਸਨੂੰ ਜਦ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਉਸਨੂੰ ਜੱਜ ਵਲੋਂ 25 ਸਾਲ ਦੀ ਸਜਾ ਸੁਣਾਈ ਗਈ। ਉਸਨੇ ਦੱਸਿਆ ਕਿ ਸਜਾ ਤੋਂ ਬਾਅਦ ਉਸਨੂੰ ਮੁਲਤਾਨ ਸੈਂਟਰ ਜੇਲ੍ਹ ਵਿਚ ਕਾਲ ਕੋਠੜੀ ਵਿਚ ਸੁੱਟ ਦਿੱਤਾ ਗਿਆ। ਉਥੇ ਬੰਦ ਕੈ-ਦੀਆਂ ਦੀ ਹਾਲਤ ਜ਼ਾਨਵਰਾਂ ਵਰਗੀ ਦੇਖਕੇ ਉਹ ਵੀ ਪਾਗਲ ਬਣ ਗਿਆ। ਉਸਨੂੰ ਸੋਣ ਅਤੇ ਨਾਉਣ ਨਹੀਂ ਦਿੱਤਾ ਜਾਂਦਾ ਸੀ। ਉਸਨੂੰ ਹਰਇਕ ਤਰੀਕੇ ਨਾਲ ਜਲੀਲ ਕੀਤਾ ਜਾਂਦਾ। ਉਥੇ ਬੰਦ ਭਾਰਤੀ ਕੈਦੀ ਤਸੱਦਦ ਕਾਰਨ ਅੰਨ੍ਹੇ ਅਤੇ ਬੋਲੇ ਹੋ ਚੁੱਕੇ ਸਨ । ਉਹਨਾਂ ਦੇ ਵਾਲ ਅਤੇ ਨਹੂ ਵਧੇ ਹੋਏ ਸਨ। ਉਹਨਾਂ ਦੀ ਇਸਦੇ ਬਾਵਜੂਦ ਐਨੀ ਕੁੱਟਮਾਰ ਕੀਤੀ ਜਾਂਦੀ ਕਿ ਰੂਹ ਕੰਬ ਜਾਂਦੀ। ਉਥੇ ਕੈਦੀ ਹਰ ਦੂਸਰੇ ਤੀਸਰੇ ਦਿਨ ਮਰਦੇ ਹਨ ਜਿਹਨਾਂ ਦੀ ਬਾਹਰ ਧੂਅ ਨਹੀਂ ਕੱਢੀ ਜਾਂਦੀ ਤੇ ਉਥੇ ਹੀ ਦਫਨਾ ਦਿੱਤੇ ਜਾਂਦੇ ਹਨ।

ਉਸਨੇ ਦੱਸਿਆ ਕਿ ਉਸਨੇ ਆਪਣੀ ਉਥੇ ਕੁੱਝ ਬਣਾਈ ਪਛਾਣ ਸਦਕਾ ਆਪਣਾ ਕੇਸ ਅਦਾਲਤ ਵਿਚ ਵਕੀਲ ਰਾਹੀਂ ਪਾਇਆ ਤਾਂ ਪੂਰੇ 10 ਸਾਲ ਬਾਅਦ 1989 ਵਿਚ ਉਸਨੂੰ ਅਦਾਲਤ ਵਲੋਂ ਬਰੀ ਕਰ ਦਿੱਤਾ ਗਿਆ। ਉਸ ਵਕਤ ਉਹ ਪਾਕਿਸਤਾਨ ਦੀ ਕੋਟਲੱਖਪਤ ਰਾਏ ਜੇਲ੍ਹ ਵਿਚ ਬੰਦ ਸੀ। ਇਸ ਜੇਲ੍ਹ ਵਿਚ ਉਹ ਲਗਭਗ 6 ਸਾਲ ਬੰਦ ਰਿਹਾ ਤੇ ਬਰੀ ਹੋਣ ਉਪਰੰਤ ਵੀ ਉਹ ਕਈ ਮਹੀਨੇ ਉਥੇ ਬੰਦ ਰਿਹਾ। ਭਾਰਤ ਵਿਚ ਮਰਾਰਜੀ ਦਿਸਾਈ ਦੀ ਸਰਕਾਰ ਤੋਂ ਬਾਅਦ ਇੰਦਰਾ ਗਾਂਧੀ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਤਾਂ ਦੋਵਾਂ ਦੇਸ਼ਾਂ ਵਿਚਕਾਰ ਕੁੱਝ ਨੇੜਤਾ ਹੋਣ ਕਾਰਨ ਉਸਨੂੰ ਪਾਕਿਸਤਾਨ ਸਰਕਾਰ ਨੇ ਰਿਹਾਅ ਕਰ ਦਿੱਤਾ ਗਿਆ। ਉਸਨੇ ਦੱਸਿਆ ਕਿ ਉਹ 10 ਸਾਲ ਜੇਲ੍ਹ ਵਿਚ ਨਰਕ ਭਰੀ ਜਿੰਦਗੀ ਕੱਟਣ ਉਪਰੰਤ ਜਦ ਭਾਰਤ ਨੂੰ ਆਇਆ ਤਾਂ ਉਸਨੂੰ ਕਿਸੇ ਨੇ ਨਹੀਂ ਪੁੱਛਿਆ। ਸਰਕਾਰ ਅਤੇ ਰਾਅ ਜਿਸ ਲਈ ਉਸਨੇ ਕੰਮ ਕੀਤਾ ਸੀ ਦੇ ਅਧਿਕਾਰੀਆਂ ਵਲੋਂ ਉਸਨੂੰ ਅਣਜਾਣ ਕਹਿਕੇ ਦਫਤਰੋਂ ਤੋਰ ਦਿੱਤਾ। ਸੁਰਿਦਰਪਾਲ ਮਹਿੰਮੀ ਨੇ ਦੱਸਿਆ ਕਿ ਉਸਨੂੰ ਇਹ ਦੱਸਣ ਵਿਚ ਕੋਈ ਝਿਜਕ ਨਹੀਂ ਕਿ ਉਸਨੂੰ ਦਲਿਤ ਹੋਣ ਕਾਰਨ ਪੰਜਾਬ ਅਤੇ ਕੇਂਦਰੀ ਆਗੂਆਂ ਸਮੇਤ ਉਚ ਜਾਤੀ ਨਾਲ ਸਬੰਧਤ ਅਧਿਕਾਰੀਆਂ ਦੇ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ। ਉਸਨੇ ਦੇਸ਼ ਲਈ ਜਾਸੂਸੀ ਕੀਤੀ ਅਤੇ ਜੇਲ੍ਹ ਵਿਚ 10 ਸਾਲ ਨਰਕ ਕੱਟਿਆ ਪ੍ਰੰਤੂ ਜਿਹੜੇ ਉਸਨੂੰ ਪਾਕਿਸਤਾਨ ਦੀ ਕੋਟਲੱਖਪਤ ਜੇਲ੍ਹ ਵਿਚ ਮਿਲੇ ਸਨ, ਜਿਹਨਾਂ ਨੇ ਉਸਨੂੰ ਖੁਦ ਦੱਸਿਆ ਸੀ ਕਿ ਉਹ ਭੁਲੇਖੇ ਨਾਲ ਨਸ਼ੇ ਵਿਚ ਇਧਰ ਆ ਬੜੇ ਸਨ, ਉਹਨਾਂ ਨੂੰ ਪੰਜਾਬ ਸਰਕਾਰ ਵਲੋਂ ਲੱਖਾਂ ਰੁਪਿਆ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦੇ ਕੇ ਸਨਮਾਨਿਤ ਕੀਤਾ। ਉਸਨੇ ਦੱਸਿਆ ਕਿ ਪਿੱਛਲੇ ਸਾਲੀ ਰਿਹਾ ਹੋਏ ਕਸ਼ਮੀਰ ਸਿੰਘ ਜੋ 35 ਸਾਲ ਤੋਂ ਜੇਲ੍ਹ ਵਿੱਚ ਬੰਦ ਸੀ, ਉਸਦੀ ਉਥੇ ਹਾਲਤ ਤਰਸ ਵਾਲੀ ਸੀ ਜੋ ਮੇਰੇ ਵਰਗੇ ਕਈ ਹੋਰਾਂ ਦੀ ਵੀ ਸੀ ਪ੍ਰੰਤੂ ਉਸਦੀ ਭਾਰਤ ਨੂੰ ਕੋਈ ਦੇਣ ਨਹੀਂ ਹੈ। ਉਸਨੇ ਜਾਸੂਸੀ ਕੀਤੀ ਹੀ ਨਹੀਂ। ਭਾਰਤ ਦੇ ਜੰਗੀ ਫੋਜ਼ੀ ਜੋ ਜੇਲ੍ਹ ਵਿਚ ਪਾਗਲ ਹਨ ਜਿਹਨਾਂ ਨੂੰ ਕੋਈ ਸੁਰਤ ਨਹੀਂ ਉਹਨਾਂ ਬਾਰੇ ਕਦੇ ਵੀ ਕਿਸੇ ਨੇ ਨਹੀਂ ਸੋਚਿਆ। ਕਸ਼ਮੀਰ ਸਿੰਘ ਨੂੰ ਰਿਹਾਅ ਹੋਣ ਤੇ ਸਰਕਾਰ ਨੇ ਲੱਖਾਂ ਰੁਪਿਆ ਦਿੱਤਾ ਅਤੇ ਲੜਕੇ ਨੂੰ ਸਰਕਾਰੀ ਨੌਕਰੀ ਦੇ ਦਿੱਤੀ। ਇਸੇ ਤਰ੍ਹਾਂ ਸ਼ਰਾਬੀ ਸਰਬਜੀਤ ਸਿੰਘ ਨੂੰ ਤਾਂ ਸ਼ਹੀਦ ਦਾ ਖਿਤਾਬ ਅਤੇ ਉਸਦੀਆਂ ਲੜਕੀਆਂ ਨੂੰ ਸਰਕਾਰੀ ਨੌਕਰੀਆਂ ਸਮੇਤ ਦੋ ਕਰੋੜ ਰੁਪਏ ਤੋਂ ਵੱਧ ਰਾਸ਼ੀ ਦੇ ਕੇ ਭਾਰਤ ਦੇ ਪਾਕਿ ਜੇਲ੍ਹਾ ਵਿਚ ਕਈ ਸਾਲਾਂ ਤੋਂ ਸੜ ਰਹੇ ਜੰਗੀ ਕੈ-ਦੀਆਂ ਦਾ ਅਪਮਾਨ ਕੀਤਾ ਹੈ। ਉਸਨੇ ਦੱਸਿਆ ਕਿ ਸਰਕਾਰਾ ਚਲਾਉਣ ਵਾਲੇ ਆਗੂ ਜਾਤੀ ਵਿਤਕਰਾ ਕਰ ਰਹੇ ਹਨ। ਸਰਬਜੀਤ ਸਿੰਘ ਨੂੰਤਰਸ ਦਾ ਪਾਤਰ ਕਿਹਾ ਜਾ ਸਕਦਾ ਸੀ ਤੇ ਉਸਦੀ ਮਾਲੀ ਮੱਦਦ ਕਰਨੀ ਬਣਦੀ ਸੀ ਨਾ ਕਿ ਉਸਨੂੰ ਸ਼ਹੀਦ ਦੀ ਉਪਾਧੀ ਨਾਲ ਸਨਮਾਨਿਆਂ ਜਾਣਾ ਚਾਹੀਦਾ ਸੀ।



ਸ਼ਿਵ ਕੁਮਾਰ ਬਾਵਾ (95929-54007)

ਮਹਿੰਮੀ ਨੇ ਦੋਸ਼ ਲਾਇਆ ਕਿ ਉਸ ਨਾਲ ਆਗੂਆਂ ਸਮੇਤ ਸਰਕਾਰ ਨੇ ਜਾਤੀ ਵਿਤਕਰਾ ਕੀਤਾ ਹੈ। ਆਦਿ ਧਰਮੀ ਵਿਦੇਸ਼ਾਂ ਵਿਚ ਜੇਲ੍ਹਾਂ ਕੱਟਣ ਵਾਲੇ ਲੋਕਾਂ ਦੀ ਭਾਰਤ ਸਮੇਤ ਪੰਜਾਬ ਸਰਕਾਰ ਨੇ ਕਦੇ ਕੋਈ ਸਾਰ ਨਹੀਂ ਲਈ। ਉਸਨੇ ਦੱਸਿਆ ਕਿ ਉਸਦੀਆਂ 6 ਲੜਕੀਆਂ ਅਤੇ ਦੋ ਲੜਕੇ ਹਨ। ਲੜਕੀਆਂ ਚੰਗੀਆਂ ਪੜ੍ਹੀਆਂ ਲਿਖੀਆਂ ਅਤੇ ਹੋਰ ਪੜ੍ਹ ਰਹੀਆਂ ਹਨ। ਉਸਨੂੰ ਆਪਣੇ ਪਰਿਵਾਰ ਦਾ ਪੇਟ ਪਾਲਣ ਲਈ ਨਰੇਗਾ ਤਹਿਤ ਮਜ਼ਦੂਰੀ ਕਰਨੀ ਪੈਂਦੀ ਹੈ ਉਸਦੀ ਪਤਨੀ ਸੁਰੇਸ਼ ਰਾਣੀ ਅਤੇ ਲੜਕੀਆਂ ਵੀ ਦਿਹਾੜੀ ਕਰਕੇ ਆਪਣੀ ਪੜ੍ਹਾਈ ਦਾ ਖਰਚਾ ਖੁਦ ਕਰ ਰਹੀਆਂ ਹਨ।

ਉਸਨੂੰ ਉਸਦੀ ਕੁਰਬਾਨੀ ਦਾ ਕੋਈ ਮੁੱਲ ਨਹੀਂ ਮਿਲਿਆ ਜਿਸ ਲਈ ਉਸਦਾ ਮੁੱਖ ਦੋਸ਼ ਇਹੋ ਹੈ ਕਿ ਉਹ ਆਦਿ ਧਰਮੀ ਹੈ। ਦਫਤਰਾਂ ਵਿਚ ਅਧਿਕਾਰੀ ਉਸਦੀ ਕੋਈ ਸੁਣਵਾਈ ਨਹੀਂ ਕਰਦੇ। ਉਸਦਾ ਚੂਲਾ ਅਤੇ ਖੱਬੀ ਬਾਂਹ ਤਸ਼ੱਦਦ ਕਾਰਨ ਟੁੱਟ ਚੁੱਕੀ ਹੈ,ਜਿਸਦੇ ਇਲਾਜ ਤੇ ਲੱਖਾਂ ਰੁਪਿਆ ਖਰਚ ਆਵੇਗਾ ਪ੍ਰੰਤੂ ਉਸ ਕੋਲ ਕੋਈ ਪੈਸਾ ਨਹੀਂ ਤੇ ਸਰਕਾਰ ਨੇ ਉਸਦੀ ਕਦੇ ਸੁਣੀ ਨਹੀਂ। ਉਸਨੇ ਮੰਗ ਕੀਤੀ ਕਿ ਕੇਂਦਰ ਅਤੇ ਪੰਜਾਬ ਸਰਕਾਰ ਉਸਦੇ ਪੜ੍ਹੇ ਲਿਖੇ ਬੱਚਿਆਂ ਨੂੰ ਜਾਤੀਵਾਦ ਤੋਂ ਉਪਰ ਉਠਕੇ ਸਰਕਾਰੀ ਨੌਕਰੀ ਦੇਵੇ ਅਤੇ ਪਰਿਵਾਰ ਨੂੰ ਹਰ ਤਰ੍ਹਾ ਦੀ ਸੰਭਵ ਆਰਥਿਕ ਸਹਾਇਤਾ ਦੇਵੇ। ਉਸਨੇ ਦੱਸਿਆ ਕਿ ਉਸਦੀਆਂ ਅੱਖਾਂ ਦੀ ਰੋਸ਼ਨੀ ਵੀ ਘੱਟ ਗਈ ਹੈ ਤੇ ਉਹ ਆਪਣੇ ਪਰਿਵਾਰ ਦਾ ਬੜੀ ਮੁਸਕਲ ਨਾਲ ਗੁਜ਼ਾਰਾ ਚਲਾ ਰਿਹਾ ਹੈ।

# ਸ੍ਰੀ ਗੁਰੂ ਅੰਗਦ ਦੇਵ ਕਾਲਜ ਦਾ 'ਪ੍ਰਾਸਪੈਕਟਸ' ਰਿਲੀਜ਼, ਦਾਖਲੇ ਸ਼ੁਰੂ

ਖਡੂਰ ਸਾਹਿਬ- ਸੇਵਾ ਦੇ ਪੁੰਜ ਬਾਬਾ ਸੇਵਾ ਸਿੰਘ ਕਾਰ ਸੇਵਾ ਵਾਲਿਆਂ ਦੀ ਸਰਪ੍ਰਸਤੀ ਹੇਠ ਚੱਲ ਰਹੇ ਉਚੇਰੀ ਸਿੱਖਿਆ ਦੇ ਨਾਮਵਰ ਅਦਾਰੇ ਸ੍ਰੀ ਗੁਰੂ ਅੰਗਦ ਦੇਵ ਕਾਲਜ ਦੇ ਨਵੇਂ ਅਕਾਦਮਿਕ ਵਰ੍ਹੇ 2013-14 ਦੇ ਦਾਖਲੇ ਸਬੰਧੀ 'ਪ੍ਰਾਸਪੈਕਟਸ' ਅੱਜ ਬਾਬਾ ਬਲਵਿੰਦਰ ਸਿੰਘ ਕਾਰ ਸੇਵਾ ਵਾਲਿਆਂ ਦੀ ਅਗਵਾਈ ਵਿਚ ਜਥੇਦਾਰ ਬਲਵਿੰਦਰ ਸਿੰਘ ਅਤੇ ਕਾਲਜ ਪ੍ਰਬੰਧਕੀ ਕਮੇਟੀ ਦੇ ਸਕੱਤਰ ਸ. ਅਵਤਾਰ ਸਿੰਘ ਬਾਜਵਾ ਵੱਲੋਂ ਸਾਂਝੇ ਤੌਰ 'ਤੇ ਰਿਲੀਜ਼ ਕੀਤਾ ਗਿਆ ਅਤੇ ਦਾਖਲਿਆਂ ਦਾ ਰਸਮੀ ਆਗ਼ਾਜ਼ ਕੀਤਾ ਗਿਆ। ਇਸ ਮੌਕੇ ਹੋਏ ਇਕ ਸਾਦੇ ਸਮਾਗਮ ਦੌਰਾਨ ਕਾਲਜ ਦੇ ਪ੍ਰਿੰਸੀਪਲ ਡਾ. ਸੁਰਿੰਦਰ ਬੰਗੜ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸ਼ੈਸ਼ਨ 2013-14 ਦੇ ਦਾਖਲਿਆਂ ਸਬੰਧੀ ਮੁਕੰਮਲ ਵੇਰਵੇ ਪ੍ਰਾਸਪੈਕਟਸ ਵਿਚ ਦਰਜ ਹਨ। ਉਹਨਾਂ ਦੱਸਿਆ ਕਿ ਕਾਲਜ ਵਿਚ ਚੱਲ ਰਹੀਆਂ ਵੱਖ-ਵੱਖ ਸਮੈਸਟਰ ਕਲਾਸਾਂ ਵਿਚ ਦਾਖਲੇ ਦੀ ਬਿਨਾਂ ਲੇਟ ਫੀਸ ਤੋਂ ਆਖਰੀ ਮਿਤੀ 8-7-2013 ਅਤੇ ਐਨੂਅਲ ਕਲਾਸਾਂ ਦੀ 3-7-2013 ਹੈ। ਕਾਲਜ ਵਿਚ ਸਬੰਧਤ ਸ਼ੈਸ਼ਨ ਲਈ ਗਰੇਜੂਏਸ਼ਨ ਪੱਧਰ 'ਤੇ ਬੀ.ਏ, ਬੀ.ਐਸ.ਸੀ. (ਕੰਪਿਊਟਰ ਸਾਇੰਸ), ਬੀ.ਐਸ.ਸੀ. (ਇਕਨ-'ਮਿਕਸ), ਬੀ.ਸੀ.ਏ, ਬੀ.ਐਸ.ਸੀ.(ਆਈ.ਟੀ.), ਬੀ.ਬੀ.ਏ, ਬੀ.ਕਾਮ. (ਰੈਗੂਲਰ), ਬੀ.ਕਾਮ (ਪ੍ਰੋਫੈ-ਸ਼ਨਲ), ਪੋਸਟ ਗਰੈਜੂਏਸ਼ਨ ਪੱਧਰ 'ਤੇ ਐਮ.ਏ. (ਪੰਜਾਬੀ) ਤੇ ਐਮ.ਐਸ.ਸੀ. (ਆਈ.ਟੀ.) ਅਤੇ ਕਿੱਤਾ ਮੁਖੀ ਕੋਰਸਾਂ ਡਿਪਲੋਮਾ ਇਨ ਸਟਿਚਿੰਗ ਐਂਡ ਟੇਲਰਿੰਗ, ਡਿਪਲੋਮਾ ਇਨ ਰੈਫਰਿਜਰੇਸ਼ਨ ਐਂਡ ਏਅਰ ਕੰਡੀਸ਼ਨਿੰਗ ਅਤੇ ਡਿਪਲੋਮਾ ਇਨ ਇਲੈਕਟ੍ਰੀਸ਼ਨ ਦਾ ਦਾਖਲਾ ਜਾਰੀ ਹੈ।



ਡਾ.ਬੰਗੜ ਨੇ ਕਿਹਾ ਕਿ ਬੀਤੇ ਸ਼ੈਸ਼ਨ ਦੌਰਾਨ ਕਾਲਜ ਦੇ ਵਿੱਦਿਆਰਥੀਆਂ ਨੇ ਯੂਨੀਵਰਸਿਟੀ ਮੈਰਿਟ ਵਿਚ ਉਚੇਰੀਆਂ ਪੁਜ਼ੀਸ਼ਨਾਂ ਪ੍ਰਾਪਤ ਕੀਤੀਆਂ ਹਨ ਅਤੇ ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿਚ ਵੀ ਕਾਲਜ ਦੀਆਂ ਟੀਮਾਂ ਮੋਹਰੀ ਰਹੀਆਂ ਹਨ।

ਉਹਨਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸ਼ੈਸ਼ਨ ਵਿਚ ਵੀ ਪੜ੍ਹਾਈ, ਸੱਭਿਆਚਾਰਕ ਸਰਗਰਮੀਆਂ ਅਤੇ ਖੇਡਾਂ ਦੇ ਖੇਤਰ ਵਿਚ ਕਾਲਜ ਨਾ ਸਿਰਫ ਯੂਨੀਵਰਸਿਟੀ , ਸਗੋਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੀਆਂ ਪ੍ਰਾਪਤੀਆਂ ਕਰੇਗਾ, ਜਿਸ ਲਈ ਕਾਲਜ ਦਾ ਸਮੂਹ ਸਟਾਫ ਅਤੇ ਪ੍ਰਬੰਧਕੀ ਕਮੇਟੀ ਪੂਰੀ ਤਰ੍ਹਾਂ ਵਚਨਬੱਧ ਹੈ। ਉਹਨਾਂ ਵਿੱਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਉਪਰੋਕਤ ਮਿਤੀਆਂ ਅਨੁਸਾਰ ਸਮੇਂ ਸਿਰ ਦਾਖਲਾ ਲੈਣ ਤਾਂ ਜੋ ਉਹਨਾਂ ਨੂੰ ਕਿਸੇ ਕਿਸਮ ਦੀ ਲੇਟ ਫੀਸ ਨਾ ਦੇਣੀ ਪਵੇ।

# ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵੱਲੋਂ ਲੋਡਾਈ ਗੁਰੂ ਘਰ 'ਚ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ

ਲੋਡਾਈ- ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦਾ ਕਾਫਲਾ, ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਪਹਿਰੇਦਾਰ ਬਣ ਕੇ, ਸੈਨਹੋਜ਼ੇ, ਮਲਪੀਟਸ, ਸੈਂਟਾਕਲਾਰਾ, ਲੋਡਾਈ, ਆਦਿ ਗੁਰੂ ਘਰਾਂ 'ਚ ਉਥੋਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਕਵੀ ਦਰਬਾਰ ਕਰ ਚੁੱਕਾ ਹੈ। ਇਹਨਾਂ ਪ੍ਰੋਗਰਾਮਾਂ ਨੂੰ ਸਫਲ ਬਣਾਉਣ 'ਚ ਸਭਾ ਦੇ ਸੀਨੀਅਰ ਮੈਂਬਰ ਅਤੇ ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਦੇ ਪ੍ਰਧਾਨ ਪ੍ਰੋ: ਸੁਰਜੀਤ ਸਿੰਘ ਨਨੂਆ ਨੇ ਅਹਿਮ ਯੋਗਦਾਨ ਪਾਇਆ।




ਲੋਡਾਈ ਗੁਰੂ ਘਰ ਵਿਖੇ 05/19/2013 ਦਿਨ ਐਤਵਾਰ ਨੂੰ ਦੁਪਿਹਰ 12 ਵਜੇ ਤੋਂ 1 ਵਜੇ ਤੱਕ ਚਲੇ ਕਵੀ ਦਰਬਾਰ ਵਿੱਚ ਗੁਰੂ ਘਰ ਦੇ ਸਟੇਜ ਸੱਕਤਰ ਸ੍ਰ: ਗੁਰਦਾਵਰ ਸਿੰਘ ਨੇ ਕਵੀ ਦਰਬਾਰ ਸ਼ੁਰੂ ਹੋਣ ਤੇ ਸਟੇਜ ਦੀ ਕਾਰਵਾਈ, ਪ੍ਰੋ: ਸੁਰਜੀਤ ਸਿੰਘ ਨਨੂਆ ਨੂੰ ਸੌਂਪ ਦਿੱਤੀ ਜਿੰਹਨਾਂ ਨੇ ਕਵੀਆਂ ਦੀਆਂ ਰਚਨਾਵਾਂ ਦਾ ਦੌਰ ਸ਼ੁਰੂ ਕਰਨ ਤੋਂ ਪਹਿਲਾਂ, ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਸਬੰਧ ਵਿੱਚ ਅਤੇ ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ, ਉਪ੍ਰੰਤ ਉਹਨਾਂ ਨੇ ਸਟੇਜ ਦੀ ਕਾਰਵਾਈ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਸੀਨੀਅਰ ਆਗੂ ਸ੍ਰ: ਕੁਲਦੀਪ ਸਿੰਘ ਢੀਂਡਸਾ ਨੂੰ ਸੌਂਪੀ।

ਕਵੀ ਦਰਬਾਰ ਵਿੱਚ, ਡਾ: ਗੁਰਦੇਵ ਸਿੰਘ ਘੰਗਸ, ਸ੍ਰ: ਕੁਲਦੀਪ ਸਿੰਘ ਢੀਂਡਸਾ, ਸ੍ਰ: ਪਰਮਿੰਦਰ ਸਿੰਘ ਪ੍ਰਵਾਨਾ, ਸ੍ਰ: ਪਰਮਜੀਤ ਸਿੰਘ ਦਾਖਾ, ਪ੍ਰੋ: ਸੁਰਜੀਤ ਸਿੰਘ ਨਨੂਆ, ਬੀਬੀ ਗੁਰਦੇਵ ਕੌਰ, ਸ੍ਰ: ਜਸਦੀਪ ਸਿੰਘ ਆਦਿ ਕਵੀਜਨਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸੰਗਤਾਂ ਨਾਲ ਭਰੇ ਦੀਵਾਨ ਹਾਲ 'ਚ ਸਾਂਝ ਪਾਈ। ਕਵੀਆਂ ਦੀਆਂ ਰਚਨਾਵਾਂ ਦੌਰਾਨ ਜੈਕਾਰਿਆਂ ਦੀਆਂ ਗੂੰਜਾਂ ਸੁਣਾਈ ਦੇ ਰਹੀਆਂ ਸਨ। ਕਵੀਆਂ ਦੀਆਂ ਰਚਨਾਵਾਂ ਦਾ ਆਨੰਦ ਮਾਣ ਰਹੀਆਂ ਸੰਗਤਾਂ ਨੇ ਉਠ ਉਠ ਕੇ ਕਵੀਆਂ ਦਾ ਮਾਨ ਸਨਮਾਨ ਅਤੇ ਹੌਂ-ਸਲਾ ਅਫਜਾਈ ਕੀਤੀ। ਗੁਰੂ ਘਰ ਦੀ ਸਟੇਜ ਤੋਂ ਕਵੀਜਨਾਂ ਨੂੰ ਸਨਮਾਨਿਤ ਕਰਦਿਆਂ, ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਕਵੀ ਸਭਾ ਦੀ ਮਾਇਕ ਤੌਰ ਤੇ ਹੌਂਸਲਾ ਅਫਜਾਈ ਕੀਤੀ ਅਤੇ ਅਗੋਂ ਵੀ ਇਹੋ ਜਿਹੇ ਪ੍ਰੋਗਰਾਮ ਕਰਵਾਉਂਦੇ ਰਹਿਣ ਦਾ ਭਰੋਸਾ ਦਿੱਤਾ।

# ਦਮਦਮੀ ਟਕਸਾਲ ਦੇ ਟਰੇਸੀ ਗੁਰੂ ਘਰ ਵਿਖੇ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵੱਲੋਂ ਕਵੀ ਦਰਬਾਰ

ਕੈਲੇਫੋਰਨੀਆ- ਰੇਡੀਓ ਚੜ੍ਹਦੀ ਕਲਾ ਕੈਲੇਫੋਰ-ਨੀਆ ਰਾਹੀਂ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵੱਲੋਂ ਸਫਲਤਾ ਪੂਰਵਕ ਚਲੇ ਤਕਰੀਬਨ ਇੱਕ ਸਾਲ ਕਵੀ ਦਰਬਾਰ ਦੀ ਕਾਮਯਾਬੀ ਤੋਂ ਬਾਅਦ ਹੁਣ ਸਭਾ ਨੇ ਗੁਰੂ ਘਰਾਂ 'ਚ ਸਿੱਖ ਧਰਮ ਸਿੱਖ ਸਮਾਜ ਸਿੱਖ ਸੱਭਿਆਚਾਰ ਸਿੱਖ ਵਿਰਸਾ ਸਿੱਖ ਸੰਘਰਸ਼ ਨੂੰ ਸਮ-ਰਪਿਤ ਕਵੀ ਦਰਬਾਰ ਕਰਨੇ ਸ਼ੁਰੂ ਕੀਤੇ ਹੋਏ ਹਨ। ਅਮਰੀਕਨ ਸਿੱਖ ਇਤਿਹਾਸ 'ਚ ਪਹਿਲ ਦੇ ਅਧਾਰ ਤੇ ਇਸ ਸਭਾ ਦਾ ਕਾਫਲਾ ਸਿੱਖੀ ਨੂੰ ਸਮਰਪਿਤ ਹੋ ਕੇ ਆਪਣੀਆਂ ਸਰਗਰਮੀਆਂ ਚਲਾ ਰਿਹਾ ਹੈ। ਇਸੇ ਕਾਰਨ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਉਥੋਂ ਦੀਆਂ ਸਿੱਖ ਸੰਗਤਾਂ ਵੱਲੋਂ ਸਭਾ ਨੂੰ ਬੇਹੱਦ ਸਹਿ-ਯੋਗ ਪ੍ਰਾਪਤ ਹੋ ਰਿਹਾ ਹੈ।

ਦਮਦਮੀ ਟਕਸਾਲ ਮਹਿਤਾ ਪੰਜਾਬ ਖਾਲਸਤਾਨ ਹੈਡਕੁਆਟਰ ਦੀ ਅਮਰੀਕਾ ਸਥਿਤ ਬ੍ਰਾਂਚ ਟਰੇਸੀ ਗੁਰੂ ਘਰ ਵਿਖੇ 26 ਮਈ 2013 ਨੂੰ ਦੁਪਿਹਰ 12 ਵਜੇ ਤੋਂ 1 ਵਜੇ ਤੱਕ ਸਭਾ ਨੇ ਗੁਰੂ ਘਰ ਦੇ ਮੁੱਖ ਸੇਵਾਦਾਰ ਬਾਬਾ ਧਰਮ ਸਿੰਘ ਦੇ ਅਸ਼ੀਰਵਾਦ ਸਦਕਾ ਕਵੀ ਦਰਬਾਰ ਦਾ ਆਯੋਜਨ ਕੀਤਾ। ਕਵੀ ਦਰਬਾਰ ਸ਼ੁਰੂ ਹੋਣ ਤੇ ਗੁਰੂ ਘਰ ਦੇ ਸਟੇਜ ਸਕੱਤਰ ਸ੍ਰ ਦੀਪ ਸਿੰਘ ਨੇ ਕਵੀਜਨਾਂ ਨੂੰ ਜੀ ਆਇਆਂ ਕਹਿੰਦੇ ਹੋਏ ਸਟੇਜ ਦੀ ਕਾਰਵਾਈ ਸਭਾ ਦੇ ਸੀਨੀਅਰ ਮੈਂਬਰ ਪ੍ਰੋ ਸੁਰਜੀਤ ਸਿੰਘ ਨਨੂਆ ਨੂੰ ਸੌਂਪੀ ਜਿਨ੍ਹਾਂ ਨੇ ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਸਟੇਜ ਦੀ ਕਾਰਵਾਈ ਸਭਾ ਦੇ ਸੀਨੀਅਰ ਆਗੂ ਸ੍ਰ ਪਰਮਿੰਦਰ ਸਿੰਘ ਪ੍ਰਵਾਨਾ ਨੂੰ ਸੌਂਪੀ ਜਿਨ੍ਹਾਂ ਨੇ ਛਾਇਰੋ ਛਾਇਰੀ ਕਰਦਿਆਂ ਬਹੁਤ ਹੀ ਸੁੱਚਜੇ ਢੰਗ ਨਾਲ ਸਟੇਜ ਨੂੰ ਸੰਭਾਲਿਆ।

ਕਵੀ ਦਰਬਾਰ ਵਿੱਚ ਬੀਬੀ ਮਨਜੀਤ ਕੌਰ ਗਿਲ ਸਿਆਟਲ ਬੀਬੀ ਰਾਣੀ ਕੌਰ ਕਾਹਲੋਂ ਬੀਬੀ ਗੁਰਦੇਵ ਕੌਰ ਸ੍ਰ ਕੁਲਦੀਪ ਸਿੰਘ ਢੀਂਡਸਾ ਸ੍ਰ ਪਰਮਜੀਤ ਸਿੰਘ ਸੇਖੋਂ ਦਾਖਾ ਸ੍ਰ ਪਰਮਿੰਦਰ ਸਿੰਘ ਪ੍ਰਵਾਨਾ ਪ੍ਰੋ ਸੁਰਜੀਤ ਸਿੰਘ ਨਨੂਆ ਸ੍ਰ ਤਰਸੇਮ ਸਿੰਘ ਸੁਮਨ ਸ੍ਰ ਜਸਦੀਪ ਸਿੰਘ ਆਦਿ ਕਵੀਜਨਾਂ ਨੇ ਆਪਣੀਆਂ ਸੁੰਦਰ ਰਚ-ਨਾਵਾਂ ਰਾਹੀਂ ਸੰਗਤਾਂ ਨਾਲ ਭਰੇ ਦੀਵਾਨ ਹਾਲ ਚ ਵਿਚਾਰਾਂ ਦੀ ਸਾਂਝ ਪਾਈ। ਗੁਰੂ ਘਰ ਦੇ ਸਟੇਜ ਸਕੱਤਰ ਸ੍ਰ ਦੀਪ ਸਿੰਘ ਨੇ ਅਤੇ ਗੁਰੂ ਘਰ ਦੇ ਮੁੱਖ ਸੇਵਾਦਾਰ ਬਾਬਾ ਧਰਮ ਸਿੰਘ ਨੇ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਉਪਰਾਲੇ ਦੀ ਅਤੇ ਕਵੀਜਨਾਂ ਦੇ ਵਿਚਾਰਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਸਭ ਨੂੰ ਅੰਮ੍ਰਿਤ ਛੱਕਣ ਦੀ ਪ੍ਰੇਰਨਾ ਦਿੱਤੀ।

ਕਵੀਜਨਾਂ ਦੀਆਂ ਜੋਸ਼ੀਲੀਆਂ ਰਚਨਾਵਾਂ ਸੁਣ ਕਿ ਸੰਗਤਾਂ ਜੈਕਾਰੇ ਛਡਦੀਆਂ ਹੋਈਆਂ ਉਠ ਉਠ ਕੇ ਕਵੀਆਂ ਦਾ ਮਾਨ ਸਨਮਾਨ ਅਤੇ ਹੌਸਲਾ ਅਫਜਾਈ ਕਰ ਰਹੀਆਂ ਸਨ। ਬਾਬਾ ਧਰਮ ਸਿੰਘ ਵੱਲੋਂ ਸੰਮੂਹ ਕਵੀਜਨਾਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਅਖੀਰ ਵਿਚ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਫਾਂਉਡਰ ਸ੍ਰ ਪਰਮਜੀਤ ਸਿੰਘ ਸੇਖੋਂ ਦਾਖਾ ਵੱਲੋਂ ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਮਿਲੇ ਸਹਿਯੋਗ ਦਾ ਅਤੇ ਦੂਰੋਂ ਨਿੜਿਉਂ ਪੰਹੁਚੇ ਸੰਮੂਹ ਕਵੀਜਨਾਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਪ੍ਰੋ ਸੁਰਜੀਤ ਸਿੰਘ ਨਨੂਆ ਨੇ ਯੋਗਦਾਨ

# ਖਿਡਾਰਨਾਂ ਲਈ ਪ੍ਰੇਰਨਾ ਸਰੋਤ - ਮਾਧੁਰੀ ਏ. ਸਿੰਘ



ਬਲਜਿੰਦਰ ਮਾਨ
98150-18947
Email : nikkiankarum-blan@rediffmail.com

ਉੱਤਮ ਪ੍ਰਦੇਸ਼ ਦੇ ਹਰਦੋਈ ਜਿਲੇ ਵਿਚ ਜਨਮ ਲੈਣ ਵਾਲੀ ਅਰਜਨ ਅਵਾਰਡੀ ਮਾਧਰੀ ਸਕਸੈਨਾ ਕੌਮਾਂਤਰੀ ਅਥਲੀਟ ਅਮਨਦੀਪ ਸਿੰਘ ਨਾਲ ਸਾਹਾਂ ਦੀ ਸਾਂਝ ਪਾਕੇ ਮਾਧਰੀ ਏ ਸਿੰਘ ਬਣ ਗਈ।ਉਸਨੇ ਆਪਣੇ ਜੀਵਨ ਦੀ ਸ਼ੁਰੂਆਤਤ ਭਾਵੇਂ ਇਕ ਸਧਾਰਨ ਅਥਲੀਟ ਵਜੋਂ ਕੀਤੀ ਪਰ ਉਹ ਆਏ ਦਿਨ ਅੱਗੇ ਤੋਂ ਅਗੇਰੇ ਵਧਸ਼ਦੀ ਗਈ।ਉਸਨੇ ਆਪਣੀਆਂ ਕੌਮਾਂਤਰੀ ਪ੍ਰਾਪਤੀਆ ਨਾਲ ਮਾਹਿਲਪੁਰ ਵਿਚ ਹੀ ਅਰਜਨ ਅਵਾਟਰਡ ਹਾਸਿਲ ਕੀਤਾ।ਉਘੇ ਲੇਖਕ ਅਤੇ ਨੈਸ਼ਨਲ ਅਸ਼ਵਾਰਡੀ ਟੀਚਰ ਸਵਰਗੀ ਗਿਆਨੀ ਹਰਕੇਵਲ ਸਿੰਘ ਸੈਲਾਨੀ ਦੀ ਇਸ ਬਹੁ ਨੇ ਮਾਹਿਲਪੁਰ ਦੇ ਇਤਿਹਾਸ ਨੂੰ ਟਰੈਕ ਦੇ ਖੇਤਰ ਵਿਚ ਆਪਣੀਆਂ ਪ੍ਰਾਪਤੀਆ ਨਾਲ ਮੋੜਾ ਦਿੱਤਾ।ਉਸ ਤੋਂ ਪਹਿਲਾਂ ਮਾਹਿਲਪੁਰ ਦੀ ਚਰਚਾ ਸਿਰਫੌ ਫੁਟਬਾਲ ਕਰਕੇ ਹੀ ਹੁਮਦਿ ਸੀ। ਮਾਧਰੀ ਨੇ ਆਪਣੀਆ ਸ਼ਾਨਦਾਰ ਪ੍ਰਾਪਤੀਆ ਨਾਲ ਮਾਹਿਲਪੁਰ ਦੀ ਚਰਚਾ ਟਰੈਕ ਦੇ ਖੇਤਰ ਵਿਚ ਕਰਵਾ ਦਿੱਤੀ। 1995 ਵਿਚ ਮਰਦਾਸ ਵਿਖੇ ਹੋਈਆਂ ਸੈਫ ਖੇਡਾਂ ਵਿਚ ਪੰਜ ਹਜ਼ਾਰ ਮੀਟਰ ਦੀ ਦੌੜ ਜਿੱਤ ਕੇ ਗੋਲਡ ਮੈਡਲ ਪ੍ਰਾਪਤ ਕੀਤਾ।ਇਸੇ ਸਾਲ ਉਤਰ ਪ੍ਰਦੇਸ਼ ਸਰਕਾਰ ਨੇ ਉਸਨੂੰ ਮਹਾਂ ਰਾਣੀ ਲਕਸ਼ਮੀ (ਬਾਈ ਪੁਰਸਕਾਰ ਪ੍ਰਦਾਨ ਕੀਤਾ ਹੈ। ਸਾਲ 2002 ਵਿਚ ਬੁਸਾਨ ਵਿਚ ਹੋਈਆਂ ਏਸ਼ੀਅਨ ਗੇਮਜ਼ ਵਿਚ ਅੱਠ ਸੋ ਮੀਟਰ ਦਾ ਸਿਲਵਰ ਮੈਡਲ ਬੜੀ ਸ਼ਾਨ ਨਾਲ ਜਿਤ ਲਿਆ। ਇਸੇ ਤਰ੍ਹਾਂ ਏਸ਼ੀਅਨ ਗਰਾਂਡ ਪੈਕਸ ਮਨੀਲਾ ਬੰਕਾਕ ਵਿਚ ਦੋ ਵਾਰੀ 800 ਮੀਟਰ ਵਿਚ ਸਿਲਵਰ ਮੈਡਲ ਜਿੱਤਿਆ। ਸਾਲ 2003 ਦੇ ਏਸ਼ੀਅਨ ਟਰੈਕ ਐਂਡ ਫੀਲਡ ਮੁਕਾਬਲਿਆ ਵਿਚ 1500 ਮੀਟਰ ਦਾ ਸਿਲਵਰ ਮੈਡਲ ਜਿੱਤਿਆ।ਇਸੇ ਸਾਲ ਹੈਦਰਾਬਾਦ ਵਿਚ ਹਗੋਈ ਐਫਰੋ ਏਸ਼ੀਅਨ ਵਿਚ ਬਰੋਨਜ ਮੈਡਲ ਪ੍ਰਾਪਤ ਕੀਤਾ।ਮਾਧਰੀ ਏ.ਸਿੰਘ ਦੀਆਂ ਸ਼ਾਨਦਾਰ ਮੱਲਾਂ ਨੂੰ ਦੇਖਦਿਆਂ ਭਾਰਤ ਸਰਕਾਰ ਨੇ 2003 ਵਿਚ ਖੇਡਾਂ ਦਾ ਸਰਵੋਤਮ ਪੁਰਸਕਾਰ ਅਰਜਨ ਅਵਾਰਡ ਪ੍ਰਦਾਨ ਕੀਤਾ। ਇਸ ਤੋਂ ਪਹਿਲਾਂ ਉਹ 2001 ਵਿਚ ਹਾਂਗ ਕਾਂਗ ਗੋਲਡਨ ਮਾਈਲ ਦੀ ਵੀ ਚੈਂਪੀਅਨ ਬਣ ਚੁਕੀ ਸੀ। 2005 ਵਿਚ ਪੰਜਾਬ ਸਰਕਾਰ ਨੇ ਉਸ ਨੂੰ ਮਹਾਰਾਜਾ ਰਣਜੀਤ ਸਿਘ ਪੁਰਸਕਾਰ ਨਾਲ ਨਿਵਾਜਿਆ। ਇਸ ਤਰ੍ਹਾਂ ਮਾਧਰੀ ਨੇ ਅਨੇਕਾਂ ਮੁਕਾਬਲਿਆਂ ਵਿਚ ਗੋਲਡ ਮੈਡਲਾਂ ਨਾਲ ਆਪਣੇ ਗਲੇ ਨੂੰ ਸ਼ਿਗਾਰਿਆ ਹੋਇਆ ਹੈ। ਸੁਰ ਸੰਗਮ ਵਿਦਿਅਕ ਟਰਸਟ ਮਾਹਿਲਪੁਰ ਨੇ ਉਟਰੈਕ ਦੀ ਰਾਣੀ'' ਪੁਰਸਕਾਰ ਨਾਲ ਅਤੇ ਕਈ ਹੋਰ ਸੰਸਥਾਵਾਂ ਨੇ ਓਸਨੂੰ ਬੜੇ ਮਾਣ ਸਨਮਾਨ ਦਿਤੇ। ਉਸਦੀਆਂ ਖੇਡ ਪ੍ਰਾਪਤੀਆਂ ਦਾ ਲੇਖਾ ਜੋਖਾ ਬੜਾ ਲੰਮੇਰਾ ਹੈ। ਅਜਕਲ ਉਹ ਮਾਹਿਲਪੁਰ ਦੇ ਪ੍ਰਿੰਸੀਪਲ ਹਰਭਜਨ ਸਿੰਘ ਸਟੇਡੀਅਮ ਵਿਚ ਇਲਾਕੇ ਦੀਆਂ ਨਵੀਆਂ ਅਥਲੀਟਾਂ ਨੂੰ ਮੁਫਤ ਕੋਚਿੰਗ ਦੇਣ ਵਿਚ ਜੁਟੀ ਹੋਈ ਹੈ। ਉਸਦੀ ਆਪਣੀ ਬੇਟੀ 14 ਸਾਲ



ਦੇ ਵਰਗ ਵਿਚ ਭਾਰਤ ਪੱਧਰ ਤਕ ਮੱਲਾਂ ਮਾਰ ਰਹੀ ਹੈ। ਹਰਮਿਲਨ ਦਾ ਕਹਿਣਾ ਹੈ ਕਿ ਜੇ ਉਸਦੀ ਮੰਮੀ ਨੇ ਏਸ਼ੀਅਨ ਖੇਡਾਂ ਤਕ ਮੱਲਾਂ ਮਾਰੀਆਂ ਹਨ ਤਾਂ ਉਹ ਓਲੰਪਿਕ ਤਕ ਜਵੇਗੀ। ਉਸਦੀ ਮਿਹਨਤ ਅਤੇ ਅਧੁਨਿਕ ਢੰਗ ਨਾਲ ਦਿੱਤੀ ਜਾ ਰਹੀ ਕੋਚਿੰਗ ਇਸ ਨਿਸ਼ਾਨੇ ਤਕ ਜ਼ਰੂਰ ਪੁਚਾਵੇਗੀ। ਕੁਲਵਿੰਦਰ ਕੌਰ ਵਰਗੀਆਂ ਕਈ ਹੋਰ ਖਿਡਾਰਨਾਂ ਵੀ ਉਚੀਆਂ ਮੰਜ਼ਿਲਾਂ ਵਲ ਵਧ ਰਹੀਆਂ ਹਨ। ਇਸ ਤਰਾਂ ਮਾਧਰੀ ਨੇ ਮਾਹਿਲਪੁਰ ਇਲਾਕੇ ਦੀਆਂ ਲੜਕੀਆਂ ਦੇ ਜੋਸ਼ ਵਿਚ ਨਵੀਂ ਰੂਹ ਭਰਕੇ ਇਕ ਨਵੇਂ ਅਧਿਆਏ ਦਾ ਅਰੰਭ ਕਰ ਦਿਤਾ। ਮਾਧਰੀ ਦੀਆਂ ਇਹਨਾਂ ਪ੍ਰਾਪਤੀਆ ਵਿਚ ਉਸਦੀ ਸੱਸ ਗੁਰਮੀਤ ਕੌਰ ਸੈਂਟਰ ਹੈਡ ਟੀਚਰ ਅਤੇ ਨਗਰ ਕੌਂਸਿਲ ਦੀ ਸਾਬਕਾ ਪ੍ਰਧਾਨ ਦਾ ਵੀ ਅਹਿਮ ਯੋਗਦਾਨ ਹੈ। ਉਸਦੀ ਮਿਹਨਤ ਅਤੇ ਸੈਲਾਨੀ ਜੀ ਦੀ ਪ੍ਰੇਰਨਾ ਤੇ ਮੁਹੱਬਤ ਨੇ ਹਗੋਰ ਬੁਲੰਦੀਆਂ ਤੇ ਪੁਚਾਇਆ। ਮਾਧਰੀ ਦਾ ਕਹਿਣਾ ਹੈ ਕਿ ਅਜ



harmilan with her mother madhari a singh arjna awardee

ਦੀ ਲੜਕੀ ਕਿਸੇ ਗਲੋਂ ਘੱਟ ਨਹੀਂ ਪਰ ਮਰਦ ਦੀ ਹੈਂਕੜ ਹਮੇਸ਼ਾ ਉਸਨੂੰ ਥੱਲੇ ਲਾਕੇ ਹੀ ਰੱਖਣਾ ਚਾਹੁੰਦੀ ਹੈ। ਅਜਿਹੇ ਹਲਾਂਤਾਂ ਨਾਲ ਜੂਝਦੀਆਂ ਹੋਈਆਂ ਵੀ ਮੁਟਿਆਰਾਂ ਸ਼ਾਨਦਾਰ ਰਿਕਾਰਡ ਬਣਾ ਰਹੀਆਂ ਹਨ। ਜੇਕਰ ਆਸੀਂ ਉਹਨਾਂ ਪ੍ਰਤੀ ਸਕਾਰਾਤਮਕ ਰਵੱਈਆ ਅਪਣਾਈਏ ਤਾਂ ਹੋਰ ਵੀ ਮਾਣਮੱਤੀਆਂ ਮੱਲਾਂ ਮਾਰੀਆਂ ਜਾ ਸਕਦੀਆ ਹਨ। ਉਸਦੀ ਕੋਸ਼ਿਸ਼ ਹੈ ਕਿ ਇਸ ਖੇਤਰ ਵਿਚ ਵੀ ਮੱਲਾਂ ਮਾਰਨ ਵਾਲੀਆ ਮੁਟਿਆਰਾਂ ਪੈਦਾ ਕਰਕੇ ਮਾਹਿਲਪੁਰ ਦੀ ਸ਼ਾਨ ਵਿਚ ਵਾਧਾ ਕੀਤਾ ਜਾਵੇ।

ਮਾਧਰੀ ਦੀ ਪੰਜਾਬ ਸਰਕਾਰ ਨੂੰ ਇਕ ਮੁਲਾਕਾਤ ਰਾਏ ਇਹ ਹੈ ਕਿ ਖਿਡਾਰਨਾ ਲਈ ਨੌਕਰੀਆਂ ਦੀ ਵਿਸ਼ੇਸ਼ ਵਿਵਸਥਾਂ ਕਰਨੀ ਚਾਹੀਦੀ ਹੈ। ਕ੍ਰਿਕਟ ਜਾਂ ਕਬੱਡੀ ਨਾਲੋਂ ਮੋਹ ਤੋੜਕੇ ਬਾਕੀ ਖੇਢਾ ਵਲ ਵੀ ਪੂਰੀ ਤਵੱਜੋ ਦਿੱਤੀ ਜਾਵੇ। ਉਸਦਾ ਕਹਿਣਾ ਹੈ ਕਿ ਇਕ ਚੰਗਾ ਅਥਲੀਟ ਬਣਨ ਲਈ ਅਧੁਨਿਕ ਕੋਚਿੰਗ ਅਤੇ ਖਿਡਾਰੀ ਵਿਚ ਸਮੱਰਪਣ ਦੀ ਭਾਵਨਾ ਦਾ ਹੋਣਾ ਬਹੁਤ ਜਰੂਰੀ ਹੈ। ਉਹ ਆਪਣੀ ਖੁਰਾਕ ਦਾ ਵੀ ਪੂਰਾ ਖਿਆਲ ਰੱਖਣ। ਉਹਨਾਂ ਦੇ ਦਿਲ ਦਿਮਾਗ ਵਿਚ ਹੀ ਨਹੀਂ ਸਗੋਂ ਰੋਮ ਰੋਮ ਵਿਚ ਖੇਡ ਰਚ ਜਾਣੀ ਚਾਹੀਦੂ ਹੈ। ਆਪਣੇ ਬੇਟੇ ਸ਼ਾਨਦੀਪ ਨੂੰ ਵੀ ਇਸੇ ਖ੍ਰੇਤਰ ਵਿਚ ਸਰਗਰਮ ਕਰਨ ਲਈ ਯਤਨਸ਼ੀਲ ਹੈ। ਰੋਜਾਨਾ ਦੇ ਅਭਿਆਸ ਨਾਲ ਮਨ ਚਾਹੀ ਮੰਜ਼ਿਲ ਹਾਸਿਲ ਕੀਤੀ ਜਾ ਸਕਦੀ ਹੈ। ਉਹ ਰੋਜਾਨਾ ਸਵੇਰੇ ਸ਼ਾਮ ਬੱਚਿਆ ਨੂੰ ਅਭਿਆਸ ਕਰਾਉਂਦੀ ਵੇਖੀ ਜਾ ਸਕਦੀ ਹੈ।ਖਿਡਾਰਨਾ ਨੂਮ ਆਪਣੇ ਨਿਸ਼ਾਨੇ ਵਲ ਵਧਣ ਲਈ ਮਿਹਨਤ ਦਾ ਦਾ ਲੜ ਫੜਨ ਦੀ ਸਲਾਹ ਵੀ ਦਿੰਦੀ ਹੈ।ਉਸਦਾ ਖਿਆਲ ਹੈ ਕਿ ਨਿਜੀ ਕੰਪਨੀਆ ਨੂੰ ਵੀ ਖਿਡਾਰੀਆਂ ਨੂੰ ਅਪਨਾਉਣਾ ਚਾਹੀਦਾ ਹੈ ਇਹ ਕਾਰਜ ਸਰਕਾਰੀ ਨਿਰੈਸ਼ਾ ਨਾਲ ਹੀ ਸਿਰੇ ਚੜ ਸਕਦਾ ਹੈ।

ਸੋ ਅਜ ਮਾਹਿਲਪੁਰ ਇਲਾਕੇ ਦੀਆਂ ਖਿਡਾਰਨਾ ਲਈ ਉਹ ਇਕ ਮਾਡਲ ਬਣ ਗਈ ਹੈ ਜਿਸ ਕਰਕਲੇ ਕਈ ਹੋਰ ਕੁੜੀਆਂ ਟਰੈਕ ਦੇ ਫੀਲਡ ਵਿਚ ਨਿਰੰਤਰ ਲੱਗੀਆ ਹਨ।

ਮਾਧਰੀ ਏ.ਸਿੰਘ ਦੀਆਂ ਸ਼ਾਨਦਾਰ ਪ੍ਰਾਪਤੀਆਂ ਕਰਕੇ ਮਾਹਿਲਪੁਰ ਦੇ ਫੁਟਬਾਲ ਦੇ ਇਤਿਹਾਸ ਵਿਚ ਟਰੈਕ ਦਾ ਮਾਹਿਲਾ ਅਰਜਨ ਅਵਾਰਡ ਵੀ ਜੁੜ ਗਿਆ ਹੈ। ਉਸਦੇ ਇਹ ਸ਼ਾਨਾਮੱਤੀ ਪ੍ਰਾਪਤੀ ਕਈ ਹੋਰਾਂ ਲਈ ਰਾਹ ਦਸੇਰੇ ਦਾ ਕੰਮ ਕਰ ਰਹੀ ਹੈ। ਪੂਰੇ ਖੇਡ ਜਗਤ ਨਾਲ ਇਹ ਇਲਾਕਾ ਵੀ ਉਸਦੀ ਦੇਣ ਦਾ ਰਿਣੀ ਹੈ।

# ਖਾਲਸਾ ਕਾਲਜ ਮਾਹਿਲਪੁਰ ਦਾ ਪਰਮਪ੍ਰੀਤ ਬਣਿਆ ਪਹਿਲਾ ਕੌਮੀ ਰੈਫਰੀ

ਮਾਹਿਲਪੁਰ ਦੀ ਸਰਜਮੀਨ ਤੇ ਸਸ਼ੋਬਤ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਦਾ ਨਾਂ ਪੂਰੀ ਦੁਨੀਆਂ ਜਾਣਦੀ ਹੈ।ਅਜ਼ਾਦੀ ਤੋਂ ਵੀ ਪਹਿਲਾਂ ਇਸ ਕਾਲਜ ਨੇ ਸਮੇਂ ਦੀਆਂ ਲੋੜਾਂ ਨੂੰ ਪੂਰੀ ਕਰਨ ਵਾਲੀ ਸਿੱਖਿਆ ਪ੍ਰਦਾਨ ਕਰਨੀ ਅਰੰਭ ਕਰ ਦਿੱਤੀ ਸੀ।ਜਿਸ ਸਿੱਦਕਾ ਇਸ ਕਾਲਜ ਦੇ ਵਿਦਿਆਰਥੀ ਦੁਨੀਆ ਦੇ ਵੱਖ ਵੱਖ ਕੋਨਿਆਂ ਵਿਚ ਜਾ ਕੇ ਆਪਣੀ ਕਲਾਤਮਿਕ ਤੇ ਰਚਨਾਤਮਿਕ ਸ਼ਕਤੀ ਨਾਲ ਅੱਮਿਟ ਪੈੜਾਂ ਪਾਉਣ ਲੱਗ ਪਏ।ਅਜਕਲ ਇਹ ਸੰਸਥਾਂ ਆਧੁਨਿਕ ਸੋਚ ਦੇ ਹਾਣੀ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਰੰਧਾਵਾ ਅਤੇ ਸਿੱਖ ਵਿਦਿਅਕ ਕੌਂਸਿਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰੀ ਦੀ ਅਗਵਾਈ ਹੇਠ ਪੂਰੇ ਪੰਜਾਬ ਵਿਚੋਂ ਪੰਜਾਬ ਯੂਨੀਵਰਸਿਟੀ ਦੀ ਪਹਿਲੀ ਖੁਦਮੁਖਤਾਰ ਸੰਸਥਾ ਬਣ ਚੁੱਕੀ ਹੈ।

ਸਰੀਰਕ ਸਿੱਖਿਆ ਵਿਭਾਗ ਵਿਚ ਲੈਕਚਰਾਰ ਵਜੋਂ ਕਾਰਜਸ਼ੀਲ ਪਰਮਪ੍ਰੀਤ ਕੈਂਡੋਵਾਲ ਜਿੱਥੇ ਇਕ ਵਧੀਆ ਖਿਡਾਰੀ ਰਿਹਾ ਹੈ ਉਥੇ ਇਕ ਵਧੀਆ ਪ੍ਰਾ. ਅਧਿਆਪਕ, ਕੋਚ ਅਤੇ ਰੈਫਰੀ ਵੀ ਬਣ ਚੁੱਕਾ ਹੈ।ਅਜ਼ਾਦ ਭਾਰਤ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਕੋਈ ਪੰਜਾਬੀ, ਫੁਟਬਾਲ ਦਾ ਕੌਮੀ ਪੱਧਰ ਦਾ ਰੈਫਰੀ ਬਣਿਆ ਹੈ। ਉਸਨੇ ਆਪਣੀ ਮਿਹਨਤ ਤੇ ਲਗਨ ਨਾਲ ਆਪਣਾ ਗਿਆਨ ਕਦੀ ਵੀ ਨਿਸ਼ਾਨੇ ਤੇ ਪਰ੍ਹਾ ਨਹੀਂ ਕੀਤਾ।ਇਸੇ ਕਰਕੇ ਪਹਿਲਾਂ ਕੌਮੀ ਪੱਧਰੀ ਖਡਾਰੀ ਬਣ ਕੇ ਸ਼ਾਨਦਾਰ ਮੱਲਾਂ ਮਾਰਦਾ ਰਿਹਾ। ਹੁਣ ਸਾਲ ਜਨਵਰੀ 2013 ਵਿਚੋਂ ਹੋਈ ਲ਼ਿਖਤੀ ਤੇ ਸਰੀਰਕ ਪ੍ਰੀਖਿਆ ਵਿਚੋਂ ਉਹ ਇਕੱਲਾ ਪੰਜਾਬੀ ਕੌਮੀ ਫੁਟਬਾਲ ਰੈਫਰੀ ਬਣਨ ਵਿਚ ਸਫਲ ਹੋਕੇ ਰਿਕਾਰਡ ਕਾਇਮ ਕਰ ਗਿਆ ਹੈ। ਹੁਣ ਇਹ ਗੱਲ ਵੀ ਜ਼ਿਕਰ ਵਿਚ ਆਵੇਗੀ ਕਿ ਖਾਲਸਾ ਕਾਲਜ ਮਾਹਿਲਪੁਰ ਨੇ ਕੌਮੀ ਤੇ ਕੌਮਾਂਤਰੀ ਫੁਟਬਾਲਰਾਂ ਦੇ ਨਾਲ ਨਾਲ ਕੌਮੀ ਪੱਧਰ ਤੇ ਸ਼ਾਨਦਾਰ ਮੱਲਾਂ ਮਾਰਨ ਵਾਲੇ ਰੈਫਰੀ ਵੀ ਪੈਦਾ ਕੀਤੇ ਹਨ।ਪੂਰੇ ਭਾਰਤ ਵਿਚੋਂ ਇਹ ਪ੍ਰੀਖਿਆ ਪਾਸ ਕਰਨ ਵਾਲੇ ਕੱਲ 18 ਰੈਫਰੀਆਂ ਵਿਚ ਉਹ ਪੰਜਾਬ ਦਾ ਇਕੱਲਾ ਹੀ ਉਮੀਦਵਾਰ ਹੈ। ਜਿਸਨੇ ਮਾਹਿਲਪੁਰ ਦੇ ਨਾਂ ਨੂੰ ਰੈਫਰਸ਼ਿੱਪ ਦੇ ਖੇਤਰ ਵਿਚ ਵੀ ਚਮਕਾ ਦਿੱਤਾ।

ਪਰਮਪ੍ਰੀਤ ਦੀਆਂ ਮਾਣ ਮੱਤੀਆਂ ਪ੍ਰਾਪਤੀਆਂ ਨੂੰ ਖੇਡ ਅਤੇ ਵਿਦਿਅਕ ਸੰਸਥਾਵਾ ਵਲੋਂ ਬੜਾ ਮਾਣ ਸਨਮਾਨ ਦਿੱਤਾ ਗਿਆ ਹੈ। ਇਸ ਤੋਂ ਪਹਿਲਾ ਉਹ ਚਾਰ ਸਾਲ ਸਟੇਟ ਰੈਫਰੀ ਵੀ ਰਿਹਾ ਹੈ। ਆਲ ਇੰਡੀਆ ਫੁਟਬਾਲ ਫੈਡਰੇਸ਼ਨੇ ਨੇ ਇਸ ਪ੍ਰਾਪਤੀ ਲਈ ਪੰਜਾਬ ਫੁਟਬਾਲ ਫੈਡਰੇਸ਼ਨ ਅਤੇ ਕਾਲਜ ਨੂੰ ਵੀ ਵਧਾਈ ਭੇਜੀ। 4 ਅਪ੍ਰੈਲ 1980 ਨੂੰ ਐਸ ਡੀ ਓ ਬਿਜਲੀ ਬੋਰਡ ਸ਼੍ਰੀ ਪਰਮ ਰਾਮ ਅਤੇ ਮਾਤਾ ਗਿਆਨ ਕੌਰ ਦੇ ਘਰ ਪਿੰਡ ਕੈਂਡੋਵਾਲ ਵਿਚ ਜਨਮ ਲੈਣ ਵਾਲੇ ਇਸ ਗੱਭਰੂ ਨੇ ਚੜ੍ਹਦੀ ਜਵਾਨੀ ਵਿਚ ਫੁਟਬਾਲ ਮੈਦਾਨ ਅੰਦਰ ਚੰਗੀਆਂ ਦੂਧਮਾ



ਪਾਈਆਂ। ਉਹ ਤੇ ਉਸਦਾ ਭਾਈ ਨਿਰਮਲਦੀਪ ਵੀ ਦਿੱਲੀ ਬਿਜਲੀ ਬੋਰਡ ਰਾਹੀਂ ਸੰਤੋਸ਼ ਟਰਾਫੀ ਸਮੇਤ ਅਨੇਕਾਂ ਮੁਕਾਬਲੇ ਜਿੱਤ ਚੁੱਕੇ ਹਨ।ਉਸਦਾ ਤੀਜਾ ਭਾਈ ਜਸਵਿੰਦਰ ਕੰਵਲ ਪਿੰਡ ਦਾ ਨੰਬਰਦਾਰ ਬਣਕੇ ਗੱਭਰੂ ਤਬਕੇ ਨੂੰ ਅਗਾਂਹ ਤੋਰ ਰਿਹਾ ਹੈ।ਪਰਮਪ੍ਰੀਤ ਜਦੋਂ ਦਸਵੀਂ ਜਮਾਤ ਵਿਚ ਪੜ੍ਹਦਾ ਸੰਗਮ ਪਬਲਿਕ ਸਕੂ.ਲ ਮਾਹਿਲਪੁਰ ਵਿਚੋਂ ਅੰਡਰ 14 ਸਾਲ ਵਰਗ ਵਿਚ ਕੌਮੀ ਖੇਡਾਂ ਵਿਚ ਭਾਗ ਲੈਣ ਗਿਆ ਸੀ ਤਾਂ ਵੀ ਮੈਂ ਉਸਦੇ ਉਜਲ ਭਵਿੱਖ ਦੀ ਕਾਮਨਾ ਕਰਦਿਆਂ ਇਸ ਖੇਤਰ ਦਾ ਸਟਾਰ ਬਣਨ ਵਾਲਾ ਖਿਡਾਰੀ ਲਿਖਿਆ ਸੀ। ਉਸਦੇ ਬਾਲ ਮਨ ਤੇ ਇਸ ਲਿਖਤ ਦਾ ਇੰਨਾ ਅਸਰ ਹੋਇਆ ਕਿ ਉਹ ਉੱਚੀਆਂ ਉਡਾਰੀਆਂ ਮਾਰਨ ਲਈ ਦਿਨ ਰਾਤ ਅਭਿਆਸ ਕਰਦਾ ਰਿਹਾ।ਇੰਜ ਉਹ ਸਿਰਫ ਮਾਪਿਆਂ ਲਈ ਹੀ ਨਹੀਂ ਸਗੋਂ ਮੇਰੇ ਵਰਗੇ ਅਧਿਆਪਕਾਂ ਲਈ ਵੀ ਮਾਣ ਬਣ ਗਿਆ।

+2 ਤਕ ਪੜ੍ਹਦਾ ਉਹ ਨੈਸ਼ਨਲ ਸਕੂ.ਲ ਗੇਮਜ਼ ਅਤੇ ਨੈਸ਼ਨਲ ਰੂਰਲ ਗੇਮਜ਼ ਵਿਚ ਵੀ ਸ਼ਾਨਦਾਰ ਖੇਡਾਂ ਖੇਡ ਗਿਆ ਸੀ।ਡੀ ਏ ਵੀ ਕਾਲਜ ਹੁਸ਼ਿਆਰਪੁਰ ਦੀ ਟੀਮ ਉਸਦੀ ਕਪਤਾਨੀ ਹੇਠ ਪੰਜਾਬ ਯੂਨੀਵਰਸਿਟੀ ਵਿਚ ਇੰਟਰ ਕਾਲਜ ਚੈਂਪੀਅਨ ਬਣੀ ਸੀ।ਇਹ ਜਿੱਤ ਉਸਦੀ ਮਿਹਨਤ ਨੇ ਕਾਲਜ ਨੂੰ ਗਿਆਰਾਂ ਸਾਲਾਂ ਬਾਅਦ ਦਿਵਾਈ ਸੀ। ਸਾਲ 2002 ਵਿਚ ਉਸਨੇ ਮਾਹਿਲਪੁਰ ਕਾਲਜ ਤੋਂ ਐਮ ਏ ਪੰਜਾਬੀ, ਬੀ ਪੀ ਐੱਡ ਅਤੇ ਐਮ ਪੀ ਐਡ ਦੀਆਂ ਡਿਗਰੀਆਂ ਵੀ ਹਾਸਿਲ ਕਰ ਲਈਆਂ। ਇਸ ਉਪਰੰਤ ਡੀ ਏ ਵੀ ਕਾਲਜ ਹੁਸ਼ਿਆਰਪੁਰ ਵਿਚ ਦੋ ਸਾਲ ਲੈਕਚਰਾਰ ਰਹਿਣ ਤੋਂ ਬਾਅਦ ਅੱਜਕਲ ਖਾਲਸਾ ਕਾਲਜ ਵਿਚ ਕਾਰਜਸ਼ੀਲ ਹੈ।ਕਾਲਜ ਦੀ ਟੀਮ ਪੰਜਾਬ ਯੂਨੀ ਵਿਚੋਂ ਰਨਰਜ਼ ਅੱਪ ਅਤੇ ਅੱਠ ਖਿਡਾਰੀ ਆਲ ਇੰਡੀਆ ਯੂਨੀਵਰਸਿਟੀ ਵੀ ਖੇਡ ਗਏ।ਉਸ ਵਲੋਂ ਜੰਮੂ ਵਿਚ ਖਿਡਾਏ ਗਏ ਕੌਮਾਂਤਰੀ ਪੱਧਰ ਦੇ ਮੁਕਾਬਲੇ ਵਿਚ ਮੋਹਨ ਬਗਾਨ ਅਤੇ ਜੇ ਐਂਡ ਕੇ ਦਾ ਮੁਕਾਬਲਾ ਦਰਸ਼ਕਾਂ ਦੇ ਚੇਤੇ ਵਿਚ ਵਾਸਿਆ ਹੋਇਆ ਹੈ।

ਪਰਮਪ੍ਰੀਤ ਦਾ ਕਹਿਣਾ ਹੈ ਕਿ ਇਕ ਰੈਫਰੀ ਵਿਚ ਇਮਾਨਦਾਰੀ, ਜਿਗਰਾ, ਤਕਨੀਕੀ ਗਿਆਨ ਅਤੇ ਸਰੀਰਕ ਤੇ ਮਾਨਸਿਕ ਬਲ ਹੋਣਾ ਬਹੁਤ ਜਰੂਰੀ ਹੈ।ਇਕ ਰੈਫਰੀ ਨੂੰ ਇਕ ਮੈਚ ਵਿਚ ਪੰਦਰਾਂ ਕਿਲੋਮੀਟਰ ਦੇ ਕਰੀਬ ਦੌੜਨਾ ਪੈਂਦਾ ਹੈ। ਇਹਨਾਂ ਪ੍ਰਾਪਤੀਆਂ ਲਈ ਉਹ ਆਪਣੇ ਪਿਤਾ, ਭਾਈ ਨਿ-ਰਮਲਦੀਪ, ਡਾ. ਲਖਵਿੰਦਰ ਸਿੰਘ, ਕੋਚ ਆਲੀ ਹਸਨ, ਕੋਚ ਝਰਮਲ ਸਿੰਘ, ਪਰਮਿੰਦਰ ਸਿੰਘ, ਕੁਲਦੀਪ ਸਿੰਘ, ਸੋਢੀ ਰਾਮ ਅਤੇ ਜਸਵੀਰ ਲਾਲ ਦਾ ਵਿਸ਼ੇਸ਼ ਰਿਣੀ ਹੈ। ਪਰਮਪ੍ਰੀਤ ਦਾ ਜਨਮ ਅਸਲ ਵਿਚ ਇਕ ਖੇਡ ਘਰਾਣੇ ਵਿਚ ਹੋਇਆ। ਕਦੀ ਉਹਨਾਂ ਦੇ ਪਿੰਡ ਦੀ ਟੀਮ ਵਿਚ ਅੱਧੀ ਦਰਜਨ ਖਿਡਾਰੀ ਉਹਨਾ ਦੇ ਪਰਿਵਾਰ ਦੇ ਹੀ ਖੇਡਦੇ ਰਹੇ ਹਨ।

ਜਿਸਦੀ ਚਰਚਾ ਖੇਡ ਹਲਕਿਆਂ ਵਿਚ ਅਕਸਰ ਹੁੰਦੀ ਰਹੀ ਹੈ। ਉਹ ਇਕ ਹੰਢਣਸਾਰ ਵਿਅਕਤੀ ਅਤੇ ਜਿੰਮੇਵਾਰ ਰੈਫਰੀ ਹੈ।ਆਪਣੀ ਬਾਜ ਅੱਖ ਨਾਲ ਹਰ ਨਿੱਕੀ ਜਿਹੀ ਅਣਗਹਿਲੀ ਨੂੰ ਵੀ ਫੜਨ ਵਿਚ ਸਫਲ ਹੋ ਜਾਂਦਾ ਹੈ।ਪਰ ਉਸਦਾ ਕਹਿਣਾ ਹੈ ਕਿ ਜਿੱਤਾਂ ਸਹੀ ਤੇ ਸ਼ਾਨਦਾਰ ਖੇਡ ਨਾਲ ਹੀ ਨਸੀਬ ਹੁੰਦੀਆਂ ਹਨ। ਇਹ ਭਾਵੇਂ ਜੀਵਨ ਦੀਆਂ ਹੋਣ ਜਾਂ ਖੇਡ ਮੈਦਾਨ ਦੀਆਂ। ਉਸ ਕੋਲ ਕੌਮਾਂਤਰੀ ਪੱਧਰ ਦੀਆਂ ਮੱਲਾ ਦੀ ਆਸ ਰੱਖੀ ਜਾ ਸਕਦੀ ਹੈ।

# ਬੌਲੀਵੁੱਡ ਐਂਟਰਟੇਨਮੈਂਟ ਅਤੇ ਵੰਝਲੀ ਰਿਕਾਰਡਸ ਵਲੋਂ ਅਮਰੀਕਾ ਵਿੱਚ 'ਸੰਦਲੀ ਪੈੜਾਂ' ਦੇ ਸ਼ੋਅ ਮਈ-ਜੂਨ ਵਿੱਚ

ਕੈਲੀਫੋਰਨੀਆ, ਮੋਡੈਸਟੋ- ਅਮਰੀਕਾ ਦੀ ਧਰਤੀ ਤੇ ਸਮੇ ਸਮੇ ਪੰਜਾਬੀ ਸ਼ੋਅ ਹੁੰਦੇ ਰਹਿੰਦੇ ਹਨ।

ਇਸੇ ਕੜੀ ਨੂੰ ਅੱਗੇ ਤੋਰਦਿਆਂ ਹੁਣ ਤੱਕ ਬਹੁਤ ਸਾਰੇ ਸਫਲ ਸ਼ੋਅ ਕਰਵਾ ਚੁੱਕੇ ਬੌਲੀਵੁੱਡ ਐਂਟਰਟੇਨਮੈਂਟ ਦੇ ਮਾਲਕ ਮਸ਼ਹੂਰ ਪ੍ਰਮੋਟਰ ਅਤੇ ਵੀਕਲੀ ਪੰਜਾਬੀ ਅਖਬਾਰ ਸਾਂਝੀ ਸੋਚ ਦੇ ਪ੍ਰੈਜ਼ੀਡੈਂਟ ਸ਼੍ਰੀ ਬੂਟਾ ਬਾਸੀ ਨੇ ਮਈ ਅਤੇ ਜੂਨ ਦੇ ਮਹੀਨੇ ਵਿੱਚ ਪੂਰੇ ਨਾਰਥ ਅਮਰੀਕਾ ਵਿੱਚ 'ਸੰਦਲੀ ਪੈੜਾਂ'ਨਾਂ ਦੇ ਸਭਿਆਚਾਰਕ ਅਤੇ ਪ੍ਰੀਵਾਰਕ ਸ਼ੋਅ ਕਰਵਾਉਣ ਦਾ ਫੈਸਲਾ ਕੀਤਾ ਹੈ। ਸ਼ੋਆਂ ਸਬੰਧੀ ਜਾਣਕਾਰੀ ਦਿੰਦੇ ਹੋਏ ਬੂਟਾ ਬਾਸੀ ਨੇ ਦੱਸਿਆ ਕਿ ਇਹ ਮਸ਼ਹੂਰ ਪ੍ਰਮੋਟਰ ਸ਼੍ਰੀ ਜੱਸੀ ਬੰਗਾ ਅਤੇ ਸ਼੍ਰੀ ਸੁਰਿੰਦਰ ਮਹੇ ਦੇ ਸਹਿਯੋਗ ਨਾਲ ਕਰਵਾਏ ਜਾਣਗੇ।

ਇਨਾਂ ਸ਼ੋਆਂ ਵਿੱਚ ਪੰਜਾਬ ਦੇ ਨਾਮਵਰ ਗਾਇਕ ਕਲਾਕਾਰ ਸੁਖਵਿੰਦਰ ਸੁੱਖੀ, ਸੁਖਜਿੰਦਰ (ਅਲਫਾਜ਼), ਹਰਲੀਨ ਅਖਤਰ, ਗੁਰਬਿੰਦਰ ਬਰਾੜ, ਜਗਜੀਤ ਬੋਪਾਰਾਏ, ਮਨਜਿੰਦਰ ਕੌਰ (ਗੀਤ), ਦਵਿੰਦਰ ਪੰਮੀ, ਸਟੇਜ ਹੋਸਟ ਅਤੇ ਮਾਡਲ ਕੁਲਜੀਤ, ਕੋ-ਸਟੇਜ ਹੋਸਟ ਅਤੇ ਮਾਡਲ ਪ੍ਰੀਤ ਖਿਆੜਾ, ਸੰਗੀਤਕਾਰ ਅਤੇ ਗਾਇਕ ਦਿਲਖੁਸ਼ ਥਿੰਦ ਅਤੇ ਕਾਮੇਡੀ ਕਲਾਕਾਰ ਜਗਤਾਰ ਜੱਗੀ ਹਿੱਸਾ ਲੈਣਗੇ।

ਸਾਰੇ ਸ਼ੋਆਂ ਦੀ ਤਿਆਰੀ ਪ੍ਰਸਿੱਧ ਨਿਰਦੇਸ਼ਕ ਸ਼੍ਰੀ ਐਚ.ਢਿੱਲੋਂ ਦੀ ਦੇਖ ਰੇਖ ਵਿੱਚ ਅੱਜ ਕਲ ਪੰਜਾਬ ਵਿੱਚ ਪੂਰੇ ਜ਼ੋਰਾਂ ਸ਼ੋਰਾਂ ਨਾਲ ਚਲ ਰਹੀ ਹੈ। ਵੰਝਲੀ ਰਿਕਾਰਡਸ ਅਤੇ ਇਸ ਦੇ ਮਾਲਕ ਸ਼੍ਰੀ ਐਚ. ਐਸ ਔਲਖ ਦਾ ਇਨ੍ਹਾਂ ਸ਼ੋਆਂ ਵਿੱਚ ਖਾਸ ਯੋਗਦਾਨ ਰਹੇਗਾ।

ਇਨ੍ਹਾਂ ਸ਼ੋਆਂ ਦਾ ਮੀਡੀਆ ਪਾਰਟਨਰ ਵੀਕਲੀ ਪੰਜਾਬੀ ਅਖਬਾਰ ਸਾਂਝੀ ਸੋਚ ਹੋਵੇਗਾ। ਸ਼ੋਆਂ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਸ਼੍ਰੀ ਜੱਸੀ ਬੰਗਾ ਨੇ ਦੱਸਿਆ ਕਿ 'ਸੰਦਲੀ ਪੈੜਾਂ' ਸ਼ੋਅ ਕਰਵਾਉਣ ਦਾ ਮੁੱਖ ਮਕਸਦ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਦਾ ਮਨੋਰੰਜਨ ਕਰਨਾ ਹੋਵੇਗਾ ਅਤੇ ਸਾਰੇ ਸ਼ੋਆਂ ਵਿੱਚ ਸਕਿਓਰਿਟੀ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ।

# ਹੱਡੀਂ ਹੰਢਾਇਆ ਜੂਨ ਚੁਰਾਸੀ ਦਾ ਪਹਿਲਾ ਹਫ਼ਤਾ!



ਤਰਲੋਚਨ ਸਿੰਘ 'ਦੁਪਾਲਪੁਰ
(001-408-915-1268)


ਦਹਾਕਿਆਂ ਬਾਅਦ ਅੱਜ ਜਦੋਂ ਮੈਂ ਆਪਣੀ ਪੁਰਾਣੀ ਨਿਜੀ ਡਾਇਰੀ ਦੇ ਸਹਾਰੇ ਨਾਲ, ਉਹਨਾਂ ਚੰਦਰੇ ਦਿਨਾਂ ਅਤੇ ਕੁਲਹਿਣੀਆਂ ਰਾਤਾਂ ਵਿਚਕਾਰ ਗੁਜ਼ਾਰੇ ਖੌਫਜ਼ਦਾ ਪਲਾਂ ਦੀ ਦਾਸਤਾਂ ਲਿਖਣ ਲੱਗਿਆ ਹਾਂ, ਤਾਂ ਮੇਰੀਆਂ ਅੱਖਾਂ ਅੱਗੇ ਉਹਨਾਂ ਭੀਹਾਵਲੇ ਦਿਨਾਂ ਦੇ ਡਰਾਉਣੇ ਦ੍ਰਿਸ਼ ਫਿਲਮ ਵਾਂਗ ਘੁੰਮਣ ਲੱਗੇ ਹਨ- 'ਮੈਂ ਖ਼ੁਦ ਨੂੰ, ਖਤਰਨਾਕ ਘੁੱਟੇ-ਵੱਟੇ ਮਾਹੌਲ ਵਿਚ, ਲਾ-ਪਤਾ ਹੋ ਚੁੱਕੇ ਆਪਣੇ ਛੋਟੇ ਭਰਾ ਦੀ ਉੱਘ-ਸੁੱਘ ਲੈਣ ਲਈ ਸਾਈਕਲ 'ਤੇ ਚੜ੍ਹਿਆ ਜਾਂਦਾ ਮਹਿਸੂਸ ਕਰ ਰਿਹਾ ਹਾਂ। ਨਹਿਰ ਦੇ ਕੰਢੇ ਮੱਝਾਂ ਚਾਰਦੇ ਗੁੱਜਰਾਂ ਜਾਂ ਰਸਤੇ 'ਚ ਟੱਕਰਦੇ ਕਿਸੇ ਵਿਰਲੇ ਟਾਂਵੇ ਰਾਹੀ ਮੁਸਾਫਰ ਤੋਂ "ਅੱਗੇ ਕਿਤੇ ਮਿਲਟਰੀ ਜਾਂ ਪੁਲਿਸ ਵਾਲੇ ਤਾਂ ਨਹੀਂ ਖੜ੍ਹੇ?'' ਦਾ ਸਵਾਲ ਪੁੱਛਦਾ, ਬੰਗੇ ਵੱਲ ਵਧਦਾ ਜਾ ਰਿਹਾ ਹਾਂ।' ਜਿੱਥੋਂ ਦੇ ਸਿੱਖ ਨੈਸ਼ਨਲ ਕਾਲਜ ਵਿਚ ਪੜ੍ਹ ਰਿਹਾ ਮੇਰਾ ਛੋਟਾ ਭਰਾ, ਆਪਣੇ ਕੁਝ ਹੋਰ ਸਾਥੀਆਂ ਸਮੇਤ, ਜੂਨ ਦੇ ਪਹਿਲੇ ਹਫਤੇ ਤੋਂ ਹੀ ਗੁੰਮ ਹੋ ਚੁੱਕਾ ਸੀ। ਚਰ੍ਹੀ, ਮੱਕੀ ਜਾਂ ਕਮਾਦ ਕੋਲੋਂ ਲੰਘਣ ਲੱਗਿਆਂ ਕੰਨੀ ਪਿਆ ਕੋਈ ਅਚਨਚੇਤੀ ਖੜਾਕ, ਜਿਵੇਂ ਮੈਨੂੰ ਰਫ਼ਲਾਂ ਵਾਲੇ ਫੌਜੀਆਂ ਦੀ ਹੋਂਦ ਦਾ ਅਹਿਸਾਸ ਕਰਵਾ ਦਿੰਦਾ ਸੀ, ਉਹ ਪਲ ਯਾਦ ਕਰਕੇ ਮੇਰੇ ਹੁਣ ਵੀ ਰੌਂਗਟੇ ਖੜ੍ਹੇ ਹੋ ਜਾਂਦੇ ਹਨ।

ਧਰਮ-ਯੁੱਧ ਮੋਰਚੇ ਤੋਂ ਸ਼ੁਰੂ ਹੋਇਆ, ਆਖਿਆ ਜਾਂਦਾ 'ਸਿੱਖ ਸੰਘਰਸ਼' ਕਪਟੀ ਸਿਆਸਤਦਾਨਾਂ ਦੀ ਵ.ਲ-ਛਲ ਵਾਲੀ ਕੁਟਲ-ਨੀਤੀ ਕਾਰਨ, ਜੂਨ ਚੁਰਾਸੀ ਦੇ ਘੱਲੂਘਾਰੇ ਨਜ਼ਦੀਕ ਆ ਪਹੁੰਚਾ ਸੀ। ਸ੍ਰੀ ਅੰਮ੍ਰਿਤਸਰੋਂ ਸੌ ਕੁ ਮੀਲ ਦੂਰ ਅਸੀਂ ਆਪਣੇ ਪਿੰਡ ਆਮ ਵਾਂਗ ਜ਼ਿੰਦਗੀ ਬਤੀਤ ਕਰ ਰਹੇ ਸਾਂ। ਗੁਰਸਿੱਖੀ ਪਿਛੋਕੜ ਵਾਲਾ ਪਰਿਵਾਰ ਹੋਣ ਕਾਰਨ ਅਸੀਂ ਵੀ ਚੱਲ ਰਹੇ ਖਾੜਕੂਵਾਦ ਦੇ ਉਤਰਾਅ-ਚੜ੍ਹਾਅ ਬਾਰੇ ਚਰਚਾ ਕਰਦੇ ਰਹਿੰਦੇ ਸਾਂ। ਅਕਾਲੀ ਦਲ ਵੱਲੋਂ ਲਗਾਏ ਮੋਰਚੇ ਦੌਰਾਨ ਦਸ ਗਿਆਰਾਂ ਮਹੀਨੇ ਜੇਲ੍ਹ ਵਿਚ ਬਿਤਾਉਣ ਮਗਰੋਂ, ਮੈਥੋਂ ਛੋਟਾ ਭਰਾ ਕਾਲਜ ਵਿਚ ਪੜ੍ਹ ਰਿਹਾ ਸੀ। ਉਹਨਾਂ ਦਿਨਾਂ ਵਿਚ ਮੈਂ ਘਰੇਲੂ ਕਿਰਤ-ਵਿਰਤ ਦੇ ਨਾਲ ਨਾਲ ਆਪਣੇ ਇਲਾਕੇ ਵਿਚ ਬਤੌਰ ਅਖੰਡ ਪਾਠੀ ਵੀ ਵਿਚਰਦਾ ਸਾਂ। ਸਿੱਖ ਮਿਸ਼ਨਰੀ ਕਾਲਜ ਤੋਂ ਪੜ੍ਹਿਆ ਹੋਣ ਕਰਕੇ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਰਹੇ ਸਿੰਘ ਸਾਹਿਬ ਭੁਪਿੰਦਰ ਸਿੰਘ ਦੇ ਇਕ ਨਿਕਟ ਵਰਤੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਲੜੀ ਵਾਰ ਸਰੂਪ) ਦੀ ਸੰਥਿਆ ਲੈਣ ਅਤੇ ਹੋਰ ਪੁਰਾਤਨ ਸਿੱਖ ਸਾਹਿਤ ਪੜ੍ਹਿਆ ਹੋਣ ਕਾਰਨ, ਪਾਰਖੂ ਸਿੱਖ ਪਰਿਵਾਰ ਮੇਰੀ ਚੰਗੀ ਕਦਰ ਕਰਦੇ ਸਨ। ਮਿਸ਼ਨਰੀ ਕਾਲਜ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ, ਦੂਰ ਦੁਰਾਡੇ ਕਰਵਾਏ ਜਾਂਦੇ ਧਾਰਮਿਕ ਸਮਾਗਮਾਂ ਵਿਚ ਵੀ ਮੈਂ ਸਟੇਜ-ਸਕੱਤਰੀ ਤੇ ਹੋਰ ਸੇਵਾਵਾਂ ਕਰਦਾ ਰਹਿੰਦਾ ਸਾਂ।

ਜ਼ਿਲ੍ਹਾ ਨਵਾਂ ਸ਼ਹਿਰ ਵਿਚ ਮੇਰੇ ਪਿੰਡੋਂ ਤਿੰਨ ਕੁ ਮੀਲ 'ਤੇ ਸਥਿਤ ਪ੍ਰਸਿੱਧ ਪਿੰਡ ਮੀਰਪੁਰ ਜੱਟਾਂ ਦਾ ਸਰਪੰਚ ਸ. ਦਰਸ਼ਨ ਸਿੰਘ (ਜੋ ਖ਼ੁਦ ਬੁਲੰਦ ਮਿੱਠੀ ਆਵਾਜ਼ ਦਾ ਮਾਲਕ ਚੋਟੀ ਦਾ ਅਖੰਡ ਪਾਠੀ ਸੀ ਅਤੇ ਆਪਣੇ ਪਿੰਡ ਦੇ ਗੁਰੂ ਘਰ ਵਿਖੇ ਸਵੇਰੇ-ਸ਼ਾਮ ਸ੍ਰੀ ਮੁੱਖ ਵਾਕ ਲੈਣਾ ਨਹੀਂ ਸੀ ਖੁੰਝਾਉਂਦਾ!) ਮੇਰਾ ਵੀ ਚੰਗਾ ਪ੍ਰੇਮੀ ਸੀ। ਇਸ ਨੇ ਆਪਣੀ ਬੇਟੀ ਦਾ ਵਿਆਹ ਨੀਅਤ ਕੀਤਾ ਹੋਇਆ ਸੀ ਮਿਤੀ 7 ਜੂਨ 1984 ਦਾ। ਲਾਗਲੇ ਕਸਬੇ ਜਾਡਲੇ ਤੋਂ ਬਰਾਤ ਢੁੱਕਣੀ ਸੀ। ਸਰਪੰਚ ਦੀ ਸਿਫਾਰਸ਼ ਸਦਕਾ ਜਾਡਲੇ, ਮੁੰਡੇ ਵਾਲਿਆਂ ਦੇ ਘਰੇ ਤਿੰਨ ਜੂਨ ਤੋਂ ਪੰਜ ਜੂਨ ਤੱਕ ਕਰਵਾਏ ਸ੍ਰੀ ਅਖੰਡ ਪਾਠ ਵਿਚ ਵੀ ਮੈਂ ਸ਼ਾਮਲ ਸਾਂ। ਤਕਰੀਬਨ ਡੇਢ ਕੁ ਮਹੀਨਾ ਪਹਿਲੋਂ ਹੀ ਇਹ ਪ੍ਰੋਗਰਾਮ ਤਹਿ ਹੋ ਚੁੱਕੇ ਸਨ। ਦੋਵੇਂ ਪਾਸੇ ਚੰਗੇ ਸਰਦੇ-ਪੁੱਜਦੇ ਪਰਿਵਾਰ ਹੋਣ ਕਾਰਨ ਧੂੰਮ ਧਾਮ ਨਾਲ ਵਿਆਹ ਕਰਨ ਦੀਆਂ ਤਿਆਰੀਆਂ ਕੀਤੀਆਂ ਗਈਆਂ।

ਉਧਰ 31 ਮਈ ਅਤੇ ਇਕ ਜੂਨ ਨੂੰ ਸ੍ਰੀ ਦਰਬਾਰ ਸਾਹਿਬ ਦੇ ਚੌਂਕ ਘੰਟਾ ਘਰ ਸਾਹਮਣੇ ਸੀ. ਆਰ. ਪੀ. ਐਫ. ਦੇ ਸਿਪਾਹੀਆਂ ਵੱਲੋਂ ਸ਼ਰਧਾਲੂਆਂ 'ਤੇ ਗੋਲੀਆਂ ਵਰ੍ਹਾਉਣ ਦੀ ਦਰਦਨਾਕ ਖ਼ਬਰ ਆ ਗਈ। ਜਾਡਲੇ, ਮੁੰਡੇ ਵਾਲਿਆਂ ਦੇ ਘਰ ਤਿੰਨ ਜੂਨ ਨੂੰ ਅਖੰਡ ਪਾਠ ਅਰੰਭ ਕਰਨ ਤੋਂ ਇਕ ਦਿਨ ਪਹਿਲਾਂ ਹੀ, ਭਾਵ ਦੋ ਜੂਨ ਦੀ ਸ਼ਾਮ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਫੌਜ ਦਾਖਲ ਹੋਣ ਦੀ ਮਨਹੂਸ ਖ਼ਬਰ ਵੀ ਆ ਗਈ। ਜਾਡਲੇ ਦੋ ਜੂਨ ਵਾਲੇ ਦਿਨ ਅਖੰਡ ਪਾਠ ਦੀ ਆਰੰਭਤਾ ਤੋਂ ਪਹਿਲਾਂ ਪਿੰਡ ਦੇ ਸਿਆਣੇ ਬਜ਼ੁਰਗਾਂ ਨਾਲ, ਇਸ ਘਰ ਦੇ ਮੁਖੀਆਂ ਨੇ, ਅੰਮ੍ਰਿਤਸਰ ਦੇ ਹਾਲਾਤ ਬਾਰੇ ਵਿਚਾਰ ਕੀਤੀ। ਇਸ ਗੰਭੀਰ ਮੀਟਿੰਗ ਵਿਚ ਮੀਰ ਪੁਰੀਆ ਸਰਪੰਚ ਵੀ ਸ਼ਾਮਲ ਹੋਇਆ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸਾਰਿਆਂ ਨੇ ਇਹੀ ਸਲਾਹ ਦਿੱਤੀ ਕਿ ਵਿਆਹ ਦਾ ਪ੍ਰੋਗਰਾਮ ਕੈਂਸਲ ਨਾ ਕੀਤਾ ਜਾਵੇ, ਕਿਤੇ ਨਹੀਂ ਕੋਈ ਜੱਗੋਂ ਤੇਰ੍ਹਵੀਂ ਹੋਣ ਲੱਗੀ! ਦਰਬਾਰ ਸਾਹਿਬ ਸਮੂਹ 'ਚ ਫੌਜਾਂ ਵੜਨ ਦੀ ਖ਼ਬਰ ਦੇ ਬਾਵਜੂਦ ਵੀ ਕਿਸੇ ਦੇ ਚਿੱਤ-ਚੇਤੇ ਨਹੀਂ ਸੀ ਕਿ ਐਡਾ ਭਿਆਨਕ ਭਾਣਾ ਵਰਤ ਜਾਏਗਾ?

ਸੋ ਰਾਏ-ਮਸ਼ਵਰੇ ਤੋਂ ਬਾਅਦ ਮਿੱਥੇ ਹੋਏ ਪ੍ਰੋਗਰਾਮ ਮੁਤਾਬਕ ਹੀ ਦੋ ਜੂਨ ਵਾਲੇ ਦਿਨ ਅਖੰਡ ਪਾਠ ਆਰੰਭ ਕਰਵਾ ਕੇ ਸਰਪੰਚ ਦਰਸ਼ਨ ਸਿੰਘ, ਆਪਣੇ ਘਰੇ ਵਿਆਹ ਦੀਆਂ ਤਿਆਰੀਆਂ 'ਚ ਜਾ ਜੁਟਿਆ। ਦੂਜੇ ਦਿਨ 3 ਜੂਨ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਤੋਂ ਗੋ.ਲਾਬਾਰੀ ਦੀਆਂ ਹੋਰ ਖ਼ਬਰਾਂ ਆਉਣ ਲੱਗ ਪਈਆਂ। ਇਸੇ ਦੌਰਾਨ ਜਾਂਡਲੇ ਚਾਰ ਜੂਨ ਨੂੰ ਭੋਗ ਪਾ ਕੇ, ਪੰਜ ਜੂਨ ਵਾਲੇ ਦਿਨ ਮੀਰਪੁਰ ਸਰਪੰਚ ਦੇ ਘਰ, ਬੇਟੀ ਦਾ ਅਨੰਦ-ਕਾਰਜ ਨਿਰਵਿਘਨਤਾ ਸਹਿਤ ਨੇਪਰੇ ਚਾੜ੍ਹਨ ਦੀ ਅਰਦਾਸ ਕਰਕੇ, ਅਖੰਡ ਪਾਠ ਆਰੰਭ ਕੀਤਾ ਗਿਆ। ਘਰ ਵਿਚ ਭਾਵੇਂ ਬਾਬੇ ਦੀ ਬਾਣੀ ਦਾ ਪ੍ਰਵਾਹ ਚੱਲ ਰਿਹਾ ਸੀ, ਪਰ ਅੰਮ੍ਰਿਤਸਰੋਂ ਆ ਰਹੀਆਂ ਖ਼ਬਰਾਂ ਨੇ ਸਾਰਿਆਂ ਨੂੰ ਚਿੰਤਾਤੁਰ ਕੀਤਾ ਹੋਇਆ ਸੀ। ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਸ਼ੁਰੂ ਹੋਈ ਗੋਲੀਬਾਰੀ ਹੋਰ ਤੇਜ਼ ਹੋਣ ਦੀਆਂ ਕਨਸੋਆਂ ਨੇ ਸਾਰਿਆਂ ਦੇ ਚਿਹਰਿਆਂ 'ਤੇ ਪਿਲੱਤਣ ਲੈ ਆਂਦੀ। ਆਲਿਊਂ ਦੁਆਲਿਊਂ ਭੈੜੀਆਂ ਭੈੜੀਆਂ ਅਫਵਾਹਾਂ ਵੀ ਸੁਣਨ 'ਚ ਆਉਣ ਲੱਗੀਆਂ। ਖ਼ਬਰਾਂ ਸੁਣਨ ਦਾ ਇਕੋ ਇਕ ਸਰੋਤ ਰੇਡੀਓ ਜੋ, ਜੋ ਪਿੰਡ ਦੀ ਬਿਜਲੀ ਗੁੱਲ ਹੋਣ ਨਾਲ ਬੰਦ ਹੋ ਗਿਆ। ਹੱਟੀ ਤੋਂ ਚਾਰ ਸੈਲ ਮੰਗਵਾ ਕੇ ਰੇਡੀਓ ਚਲਦਾ ਕੀਤਾ। ਜਦ ਵੀ ਖ਼ਬਰਾਂ ਦਾ ਕੋਈ ਬੁਲੇਟਿਨ ਆਉਂਦਾ ਅਸੀਂ ਸਾਰੇ ਜਣੇ, ਰੇਡੀਓ ਵਾਲੇ ਕਮਰੇ ਵਿਚ ਨੂੰ ਭੱਜਦੇ। ਪੂਰੇ ਪੰਜਾਬ ਵਿਚ ਕਰਫਿਊ ਨਾਫਿਸ ਹੋ ਜਾਣ ਦੀ ਖ਼ਬਰ ਸੁਣ ਕੇ ਅਸੀਂ ਸਾਰੇ ਹੱਕੇ-ਬੱਕੇ ਰਹਿ ਗਏ। ਖ਼ਬਰਾਂ



ਵਿਚ ਦੱਸਿਆ ਜਾ ਰਿਹਾ ਸੀ ਕਿ ਫੌਜ ਦੀ ਕਿਹੜੀ ਕਿਹੜੀ ਡਵੀਜ਼ਨ ਨੂੰ ਪੰਜਾਬ ਵੱਲ ਤੋਰਿਆ ਜਾ ਰਿਹਾ ਹੈ। ਸਾਰੇ ਪੰਜਾਬ ਨੂੰ ਫੌਜ ਦੇ ਹਵਾਲੇ ਕਰਨ ਵਾਲੀ ਸੂਚਨਾ ਸੁਣ ਕੇ ਤਾਂ ਸਾਡੇ ਸਭ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ!

ਚਾਅਵਾਂ-ਲਾਡਾਂ ਨਾਲ ਆਪਣੀ ਧੀ ਦੇ ਵਿਆਹ ਦੀ ਤਿਆਰੀ 'ਚ ਰੁੱਝਿਆ ਸਾਰਾ ਪਰਿਵਾਰ, ਗੁੰਮ ਸੁੰਮ ਜਿਹਾ ਹੋ ਗਿਆ। ਕੋਠੇ 'ਤੇ ਟੰਗਿਆ ਗਿਆ ਲਾਊਡ ਸਪੀਕਰ ਥੱਲੇ ਲਾਹ ਲਿਆ ਗਿਆ। ਘਰ ਆਏ ਹਲਵਾਈ ਨੂੰ ਵੀ ਮੋੜ ਦਿੱਤਾ ਗਿਆ। ਪੰਜ ਜੂਨ ਦੀ ਰਾਤ ਨੂੰ ਵੀ ਉੱਠ ਉੱਠ ਕੇ ਅਸੀਂ ਖ਼ਬਰਾਂ ਸੁਣਦੇ ਰਹੇ। ਛੇ ਜੂਨ ਸਵੇਰੇ ਸ੍ਰੀ ਅਕਾਲ ਤਖਤ ਸਾਹਿਬ ਦੇ ਮੋਹਰਲੇ ਵਿਹੜੇ ਵਿਚ ਗਹਿਗੱਚ ਲੜਾਈ ਦੀਆਂ ਭਿਆਨਕ ਖ਼ਬਰਾਂ ਸੁਣੀਆਂ। ਘਰ ਦੀਆਂ ਬੀਬੀਆਂ ਨੇ ਪ੍ਰਸ਼ਾਦਾ-ਪਾਣੀ ਤਾਂ ਤਿਆਰ ਕਰ ਲਿਆ, ਪਰ ਨਾ ਹੀ ਪਾਠੀ ਸਿੰਘਾਂ ਨੇ ਅੰਨ ਜਲ ਮੂੰਹ ਨੂੰ ਲਾਇਆ ਅਤੇ ਨਾ ਹੀ ਸਰਪੰਚ, ਉਸਦੇ ਭਰਾਵਾਂ ਜਾਂ ਨੌਜਵਾਨ ਬੇਟਿਆਂ ਨੇ। ਸ਼ਹਿਰ ਵਰਗੀ ਗਹਿਮਾ-ਗਹਿਮੀ ਵਾਲੇ ਚੰਗੇ ਭਾਰੇ ਪਿੰਡ ਮੀਰਪੁਰ ਜੱਟਾਂ ਵਿਚ ਮੁਰਦੇ-ਹਾਣੀ ਜਿਹੀ ਛਾ ਗਈ। ਪਿੰਡ ਦੇ ਕਈ ਨੀਲੀਆਂ-ਪੀਲੀਆਂ ਦਸਤਾਰਾਂ ਵਾਲੇ ਸੱਜਣ, ਅਫਸੋਸ ਕਰਨ ਵਾਲਿਆਂ ਵਾਂਗ ਸਰਪੰਚ ਦਰਸ਼ਨ ਸਿੰਘ ਦੇ ਘਰ ਆਉਣ ਲੱਗ ਪਏ। ਸਿੱਖਾਂ ਲਈ ਜਿੰਦ ਜਾਨ ਤੋਂ ਪਿਆਰੇ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜਾਂ ਦੀ ਚੜ੍ਹਾਈ? ਇਹ ਅਣਕਿਆਸਿਆ ਕਹਿਰ ਭਰਿਆ ਸਵਾਲ ਸਾਰਿਆਂ ਦੇ ਬੁੱਲ੍ਹਾਂ 'ਤੇ ਹੀ ਆ ਰਿਹਾ ਸੀ।

ਛੇ ਜੂਨ ਦੁਪਹਿਰ ਇਕ ਵੱਜ ਕੇ ਚਾਲੀ ਮਿੰਟ 'ਤੇ ਪੰਜਾਬੀ ਖ਼ਬਰਾਂ ਦਾ ਬੁਲੇਟਿਨ ਸ਼ੁਰੂ ਹੋਇਆ। ਬਰਾਂਡੇ 'ਚੋਂ ਉੱਠ ਕੇ ਅਸੀਂ ਸਾਰੇ ਜਣੇ ਰੇਡੀਓ ਵਾਲੇ ਕਮਰੇ ਅੰਦਰ ਜਾ ਵੜੇ। ਸੁਰਿੰਦਰ 'ਬੱਤਰਾ' ਨਾਂ ਵਾਲੀ ਬੀਬੀ ਨੇ 'ਇਹ ਆਕਾਸ਼ ਬਾਣੀ ਏ' ਕਹਿਣ ਤੋਂ ਬਾਅਦ, ਅਹਿ ਅਣਹੋਣੀ ਸੁਣਾਈ- "... ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ, ਭਾਈ ਅਮਰੀਕ ਸਿੰਘ, ਬਾਬਾ ਠ੍ਹਾਰਾ ਸਿੰਘ ਅਤੇ ਜਨਰਲ ਸੁਬੇਗ ਸਿੰਘ ਦੀਆਂ ਲਾਸ਼ਾਂ, ਸ੍ਰੀ ਅਕਾਲ ਤਖਤ ਸਾਹਿਬ ਦੇ ਮੋਹਰਲੇ ਪਾਸੇ ਨਿਸ਼ਾਨ ਸਾਹਿਬਾਂ ਦੇ ਥੜ੍ਹਿਆਂ ਕੋਲੋਂ ਬਰਾਮਦ ਹੋ ਗਈਆਂ ਹਨ।'

ਦਿਲਾਂ ਨੂੰ ਚੀਰਦੀ ਇਹ ਮਨਹੂਸ ਖ਼ਬਰ ਸੁਣ ਕੇ, ਜਿੱਥੇ ਜਿੱਥੇ ਕੋਈ ਖੜ੍ਹਾ-ਬੈਠਾ ਸੀ, ਥਾਂਇ ਸੁੰਨ ਹੋ ਗਿਆ! ਅਸੀਂ ਸਾਰੇ ਇਕ ਦੂਜੇ ਵੱਲ ਨੂੰ ਡੌਰ-ਭੌਰ ਹੋ ਕੇ ਦੇਖਣ ਲੱਗੇ। ਪਿੰਡ ਦਾ ਇਕ ਬਜ਼ੁਰਗ ਬਾਪੂ ਸੰਤ ਸਿੰਘ ਆਪਣੇ ਲੰਮੇ ਦਾਹੜੇ 'ਤੇ ਹੱਥ ਫੇਰਦਿਆਂ ਹੌਕਾ ਭਰ ਕੇ ਬੋਲਿਆ- "ਦੁਸ਼ਮਣ ਬਾਤ ਕਰੇ ਅਣਹੋਣੀ ਵਾਲੀ ਕਹਾਵਤ, ਸਾਨੂੰ ਸਿੱਖਾਂ ਨੂੰ, ਹੁਣ ਤੱਕ ਇਸ ਕਰਕੇ ਯਾਦ ਨਹੀਂ ਸੀ ਆਈ, ਕਿਉਂਕਿ ਦਰਬਾਰ ਸਾਹਿਬ 'ਤੇ ਫੌਜਾਂ ਦੀ ਚੜ੍ਹਾਈ ਬਾਰੇ ਅਸੀਂ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ... ਅਸੀਂ ਇਹਨਾਂ ਨੂੰ 'ਆਪਣੇ' ਹੀ ਸਮਝ ਰਹੇ ਸਾਂ, ਲੇਕਿਨ...।''

ਇਸ ਤੋਂ ਅੱਗੇ ਉਹ ਕੁਝ ਨਾ ਬੋਲ ਸਕਿਆ। ਰੇਡੀਓ ਤੋਂ ਹੋਰ ਖ਼ਬਰਾਂ ਸੁਣਨ ਦੀ ਕੋਈ ਖਾਹਿਸ਼ ਨਾ ਰਹੀ। ਕਿੰਨਾ ਚਿਰ ਸਾਰੇ ਜਣੇ ਬਾਹਰ ਵਰਾਂਡੇ 'ਚ ਡੱਠੇ ਹੋਏ ਮੰਜਿਆਂ ਉਪਰ ਚੁੱਪ-ਗੜੁੱਪ ਹੋਏ ਬੈਠੇ ਰਹੇ। ਮੁੱਕਦੀ ਗੱਲ, ਛੇ ਤੇ ਸੱਤ ਜੂਨ ਦੀ ਵਿਚਕਾਰਲੀ ਰਾਤ ਸਰਪੰਚ ਦਾ ਸਾਰਾ ਟੱਬਰ ਅਖੰਡ ਪਾਠ ਵਾਲੇ ਕਮਰੇ ਵਿਚ ਗੁਰੂ ਮਹਾਰਾਜ ਕੋਲ ਬਹਿ ਕੇ ਪਾਠ ਸੁਣਦਾ ਰਿਹਾ। ਸਵੇਰੇ ਸੁਵਖਤੇ ਹੀ ਥੋੜ੍ਹਾ ਜਿਹਾ ਪ੍ਰਸ਼ਾਦ ਬਣਾ ਕੇ ਭੋਗ ਪਾ ਦਿੱਤਾ ਗਿਆ।

ਮੀਰਪੁਰ ਜੱਟਾਂ ਪਿੰਡ ਦੇ ਮੱਝਾਂ ਚਾਰਨ ਵਾਲੇ ਕੁਝ ਹਾਲ਼ੀਆਂ-ਪਾਲ਼ੀਆਂ ਨੇ ਨਹਿਰ ਤੋਂ ਮੁੜ ਕੇ ਆਉਂਦਿਆਂ ਮੈਨੂੰ ਦੱਸਿਆ ਕਿ ਨਹਿਰ ਦੀ ਪਟੜੀ ਉਪਰ ਮਿਲਟਰੀ ਵਾਲੇ ਗਸ਼ਤ ਕਰਦੇ ਫਿਰ ਰਹੇ ਹਨ। ਉਹ ਆਉਂਦੇ-ਜਾਂਦੇ ਰਾਹੀ ਮੁਸਾਫਰ ਨੂੰ ਫੜ ਕੇ ਗੱਡੀਆਂ 'ਚ ਬਹਾਈ ਜਾਂਦੇ ਨੇ। ਉਹਨਾਂ ਪਾਲ਼ੀਆਂ ਨੇ ਮੈਨੂੰ ਸਲਾਹ ਦਿੱਤੀ ਕਿ ਮੈਂ ਉਧਰ ਨੂੰ ਨਾ ਜਾਵਾਂ। ਜਦਕਿ ਮੇਰਾ ਆਪਣੇ ਪਿੰਡ ਨੂੰ ਵਾਪਸ ਜਾਣ ਦਾ ਸਿੱਧਾ ਤੇ ਨੇੜਲਾ ਰਸਤਾ ਨਹਿਰ ਦੀ ਪਟੜੀ ਹੀ ਸੀ। ਉਹਨਾਂ ਦੀ ਸਲਾਹ ਮੰਨ ਕੇ ਮੈਂ ਓਟਾਲਾਂ ਤੇ ਬੀਰੋਵਾਲ ਪਿੰਡਾਂ ਵਿਚੋਂ ਹੁੰਦਾ ਹੋਇਆ ਜਾਡਲੇ ਪਹੁੰਚਿਆ। ਇੱਥੇ ਮੈਨੂੰ ਮਜਾਰਾ ਕਲਾਂ ਦਾ ਇਕ ਸਾਬਕਾ ਫੌਜੀ ਮਿਲਿਆ ਜੋ ਰਾਹੋਂ ਵੱਲੋਂ ਸਾਇਕਲ 'ਤੇ ਆਇਆ ਸੀ। ਉਸਨੇ ਮੈਨੂੰ ਸੁਝਾਅ ਦਿੰਦੇ ਹੋਏ ਦੱਸਿਆ ਕਿ ਚੱਪੇ ਚੱਪੇ 'ਤੇ ਆਰਮੀ ਦੇ ਸੈਨਿਕ ਘੁੰਮਦੇ ਫਿਰਦੇ ਨੇ। ਆਪਣੇ ਕੋਲ ਘਰੇਲੂ ਵਰਤੋਂ ਦਾ ਕੁਝ ਸਮਾਨ ਖਰੀਦ ਕੇ ਰੱਖ ਲੈ। ਲੋੜ ਪੈਣ 'ਤੇ ਕਹਿ ਦੇਈਂ ਕਿ ਮੈਂ ਇਹ ਸਮਾਨ ਖਰੀਦਣ ਵਾਸਤੇ ਜਾਡਲੇ ਗਿਆ ਸੀ। ਉਹੀ ਗੱਲ ਹੋਈ, ਆਪਣੇ ਪਿੰਡ ਪਹੁੰਚਣ ਤੱਕ, ਤਿੰਨ ਮੀਲਾਂ ਦੇ ਫਾਸਲੇ ਵਿਚ ਮੈਨੂੰ ਦੋ ਥਾਂ ਮਿਲਟਰੀ ਵਾਲੇ ਮਿਲੇ। ਦੋਹੀਂ ਥਾਈਂ ਝੋਲੇ ਦੇ ਸਮਾਨ ਨੇ ਮੇਰਾ ਛੁਟਕਾਰਾ ਤਾਂ ਕਰਵਾ ਦਿੱਤਾ, ਪਰ ਬਿਸਤ ਦੁਆਬ ਨਹਿਰ ਦੇ ਪੁ.ਲ 'ਤੇ ਮਿਲੀ ਸੈਨਿਕ ਟੁਕੜੀ ਵਿਚ ਸ਼ਾਮਲ ਦਾਹੜੀ ਕੱਟੇ ਪੱਗ ਵਾਲੇ 'ਸਰਦਾਰ' ਦੀ ਇਕ ਬਿਨਾਂ ਵਜ੍ਹਾ ਗਾਲ਼ ਵਰਗੀ ਟਿੱਪਣੀ ਨੇ ਮੇਰਾ ਦਿਲ ਖੱਟਾ ਕਰ ਦਿੱਤਾ। ਮਦਰਾਸੀ ਜਿਹੇ ਜਾਪਦੇ ਇਨ੍ਹਾਂ ਫੌਜੀਆਂ ਦੇ ਗਰੁੱਪ ਵਿਚ ਸ਼ਾਮਲ ਪੱਗ ਵਾਲੇ ਭਰਾ ਵੱਲ ਮੈਂ ਤਾਂ ਅਪਣੱਤ ਭਾਵ ਨਾਲ ਦੇਖਿਆ। ਪਰ ਉਹ ਅੱਗਿਉਂ ਆਪਣੀ ਗੰਨ ਦੀ ਸੰਗਲੀ ਨੂੰ ਛਣਕਾ ਕੇ ਬੋਲਿਆ- "ਬੰਨ੍ਹੀ ਫਿਰਦੇ ਐ ਪੱਗੜ!'' ਰੱਬ ਜਾਣੇ ਉਹ ਕਿਹੜੀ 'ਨਸਲ' ਦਾ 'ਸਿੱਖ' ਹੋਵੇਗਾ!

ਪੰਜਾਂ ਛੇਆਂ ਦਿਨਾਂ ਬਾਅਦ ਆਪਣੇ ਘਰ ਆਇਆ ਸਾਂ। ਘਰ ਵੜਦਿਆਂ ਹੀ ਮੇਰੀ ਮਾਂ, ਮੇਰੇ ਸਾਈਕਲ ਦੇ ਹੈਂਡਲ ਉਪਰ ਦੁਹੱਥੜ ਮਾਰ ਕੇ ਰੋਂਦਿਆਂ ਹੋਇਆਂ ਕਹਿੰਦੀ "ਪਾਪੀਆਂ ਨੇ ਕਹਿਰ ਵਰਤਾ ਦਿੱਤਾ, ਪੁੱਤਾ!'' ਨਿੰਮ ਥੱਲੇ ਅਲਾਣੀ ਮੰਜੀ 'ਤੇ ਬੈਠੇ ਭਾਈਆ ਜੀ ਨੇ ਵੀ ਮੇਰੇ ਵੱਲ ਅੱਖਾਂ ਭਰ ਲਈਆਂ, "ਕਾਕਾ ਬਹੁਤ ਮਾੜਾ...!'' ਉਹਨਾਂ ਤੋਂ ਵਾਕ ਪੂਰਾ ਨਾ ਹੋਇਆ। ਜੇਬ ਵਿਚੋਂ ਰੁਮਾਲ ਕੱਢ ਕੇ ਉਹਨਾਂ ਅੱਖਾਂ ਪੂੰਝੀਆਂ। ਘਰ ਵਿਚ ਸਮਸ਼ਾਨ ਭੂਮੀ ਵਰਗਾ ਸੰਨਾਟਾ ਛਾਇਆ ਹੋਇਆ ਸੀ। ਮੇਰੇ ਛੋਟੇ ਛੋਟੇ ਤਿੰਨੇ ਬੱਚੇ ਵੀ ਸਹਿਮੇ ਹੋਏ ਬੈਠੇ ਸਨ। ਇਧਰ-ਉਧਰ ਦੇਖ ਕੇ ਜਦੋਂ ਮੈਂ ਆਪਣੇ ਛੋਟੇ ਭਰਾ ਬਾਰੇ ਪੁੱਛਿਆ ਤਾਂ ਮੇਰੀ ਮਾਂ ਫਿਰ ਰੋਣ ਲੱਗ ਪਈ "ਹਫਤਾ ਹੋ ਗਿਆ, ਉਹ ਤਾਂ ਕਾਲਜ ਤੋਂ ਮੁੜ ਕੇ ਹੀ ਨਹੀਂ ਆਇਆ!'' ਮੇਰੀ ਮਾਂ ਦਾ ਸਵਰਗਾਂ ਵਿਚ ਵਾਸਾ ਹੋਵੇ! ਦੇਖੋ ਉਸਦਾ ਗੁਰੂ ਘਰ ਪ੍ਰਤੀ ਮੋਹ ਪਿਆਰ ਤੇ ਸਿਦਕ! ਮਾਰੋ ਮਾਰੀ ਦੇ ਖ਼ਤਰਨਾਕ ਮਾਹੌਲ ਵਿਚ ਜਵਾਨ ਪੁੱਤ ਦੀ ਗੁੰਮਸ਼ੁਦਗੀ ਬਾਅਦ ਵਿਚ ਦੱਸੀ, ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਘੱਲੂਘਾਰੇ 'ਤੇ ਹੰਝੂ ਕੇਰੇ! ਮਾਂ ਤਾਂ ਹੁੰਦੀ ਹੀ ਮਹਾਨ ਹੈ, ਪਰ ਗੁਰੂ ਨਾਨਕ ਦੇ ਦਰ-ਘਰ ਪ੍ਰਤੀ ਅਨੂਠੀ ਸ਼ਰਧਾ ਤੇ ਵਿਸ਼ਵਾਸ ਰੱਖਣ ਵਾਲੀ ਮੇਰੀ ਮਾਂ ਜਿੱਥੇ ਵੀ ਹੋਵੇ, ਉਸਨੂੰ ਮੇਰਾ ਸੌ ਸੌ ਪ੍ਰਣਾਮ!

ਅੱਠ ਜੂਨ ਸਵੇਰੇ ਜਲੰਧਰ ਰੇਡੀਓ ਸਟੇਸ਼ਨ ਤੋਂ ਭਾਈ ਹਰਚੰਦ ਸਿੰਘ ਦੀ 'ਗਾਈ ਹੋਈ' ਆਸਾ ਦੀ ਵਾਰ ਪ੍ਰਸਾਰਿਤ ਕੀਤੀ ਗਈ। ਪਰ ਬਾਦ ਵਿਚ ਅਨਾਊਂਸਰ ਵੱਲੋਂ ਦੱਸਿਆ ਗਿਆ ਕਿ ਇਹ ਪ੍ਰੋਗਰਾਮ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ 'ਰਿਲੇਅ' ਕੀਤਾ ਗਿਆ। ਫਿਰ ਕਈ ਦਿਨ ਭਾਈ ਸੁਰਿੰਦਰ ਸਿੰਘ ਪਟਨਾ ਸਾਹਿਬ ਵਾਲੇ ਰਾਗੀ ਜਥੇ ਵੱਲੋਂ ਆਸਾ ਦੀ ਵਾਰ ਦਾ ਕੀਰਤਨ ਆਉਂਦਾ ਰਿਹਾ। ਰੇਡੀਓ ਤੋਂ ਕੀਰਤਨ ਸੁਣ-ਦਿਆਂ ਕਈ ਵਾਰ ਪਿੱਛਿਉਂ ਗੋਲੀਆਂ ਚੱਲਣ ਦੀ ਠਾਹ-ਠੂਹ ਵੀ ਸਾਫ ਸੁਣਾਈ ਦਿੰਦੀ ਰਹਿੰਦੀ। ਕੀਰਤਨ ਦੌਰਾਨ ਰੋਜ਼ਾਨਾ ਹੀ ਭਾਈ ਸੁਰਿੰਦਰ ਸਿੰਘ ਜਦੋਂ ਗਰਜ਼ਵੀਂ ਆਵਾਜ਼ ਵਿਚ 'ਕੁੱਤਾ ਰਾਜ ਬਠਾਲੀਐ ਫਿਰ ਚੱਕੀ ਚੱਟੈ' ਅਤੇ ਆਸਾ ਰਾਗ ਵਿਚਲੇ ਬਾਬਰ-ਬਾਣੀ ਵਾਲੇ ਸ਼ਬਦ ਪੜ੍ਹਦੇ ਤਾਂ ਸਾਡੇ ਦਿਲਾਂ ਨੂੰ ਠੰਢ ਪੈਂਦੀ ਮਾਲੂਮ ਹੁੰਦੀ ਸੀ। ਅਕਸਰ ਨਿਮਰਤਾ 'ਚ ਰਹਿਣ ਵਾਲੇ ਮੇਰੇ ਪਿਤਾ ਜੀ, ਜੋ ਸਾਨੂੰ ਮੰਦਾ-ਚੰਗਾ ਬੋਲਣ ਜਾਂ ਗਾ.ਲਾਂ ਕੱਢਣ ਦੀ ਵਾਦੀ ਤੋਂ ਸਖ਼ਤੀ ਨਾਲ ਵਰਜਦੇ ਰਹਿੰਦੇ ਸਨ, ਉਦੋਂ ਆਪ ਇੰਨੇ ਚਿੜਚਿੜੇ ਹੋ ਗਏ ਸਨ ਕਿ ਆਕਾਸ਼ ਵਿਚ ਉਡਦਾ ਜਾ ਰਿਹਾ ਕੋਈ ਹੈਲੀਕਾਪਟਰ ਜਾਂ ਜਹਾਜ਼ ਦੇਖਦਿਆਂ ਸਾਰ ਆਪਣਾ ਢਾਂਗੂ ਉਤਾਂਹ ਨੂੰ ਚੁੱਕ ਕੇ ਮਣ ਮਣ ਦੀਆਂ ਗਾ.ਲਾਂ ਦੇਣ ਲੱਗ ਪੈਂਦੇ "ਆਪਣੀ ਮਾਂ... ਪਤਾ ਨਹੀਂ ਗੁਰੂ ਘਰੋਂ ਕਿਆ ਕਿਆ ਢੋਈ ਜਾਂਦੇ ਐ ਹੁਣ.. ਸਾ.ਲੇ.. ਹਰਾਮ..!'' ਲਾਪਤਾ ਛੋਟੇ ਭਰਾ ਦੀ ਖ਼ੈਰ-ਸੁੱਖ ਮੰਗਣ ਲਈ ਅਰਦਾਸਾਂ ਕਰਦੀ ਮੇਰੀ ਮਾਂ ਇਕ ਜ਼ੁਬਾਨੇ ਮੈਨੂੰ ਬੰਗੇ ਕਾਲਜ ਜਾ ਕੇ ਉਸਦੀ ਦੱਸ-ਭੱਖਲ ਕੱਢਣ ਲਈ ਕਹਿੰਦੀ ਤਾਂ ਘੜੀ ਕੁ ਮਗਰੋਂ ਆਪੇ ਹੀ 'ਬਾਹਰ ਮਾਹੌਲ ਬੜਾ ਖਰਾਬ ਹੈ' ਕਹਿ ਕੇ ਮੈਨੂੰ ਘਰੇ ਰਹਿਣ ਦੀ ਨਸੀਹਤ ਦੇਣ ਲੱਗ ਪੈਂਦੀ। ਪਾਕਿਸਤਾਨ ਦੇ ਸਰਗੋਧਾ ਜ਼ਿਲ੍ਹੇ ਵਿਚ ਜਨਮੀ ਮੇਰੀ ਮਾਂ, ਕਦੇ ਸਾਨੂੰ ਸ੍ਰੀ ਪੰਜਾ ਸਾਹਿਬ ਦੇ ਸਾਕੇ ਵੇ.ਲੇ ਦੀਆਂ ਗੱਲਾਂ ਸੁਣਾਉਣ ਲੱਗ ਪੈਂਦੀ। ਇੱਧਰੋਂ ਉਧਰੋਂ ਆਈਆਂ ਖ਼ਬਰਾਂ ਜਾਂ ਰੋਜ਼ ਰੋਜ਼ ਉਡਦੀਆਂ ਅਫਵਾਹਾਂ ਬਾਰੇ ਸਾਡੇ ਘਰ ਰੋਜ਼ਾਨਾ ਹੀ ਤਬਸਰਾ ਹੁੰਦਾ ਰਹਿੰਦਾ। ਛੇਵੇਂ ਗੁਰੂ ਸਾਹਿਬ ਦੇ ਸਪੁੱਤਰ ਬਾਬਾ ਸੂਰਜ ਮੱਲ ਜੀ ਦੀ ਅੰਸ਼-ਬੰਸ ਨਾਲ ਸਬੰਧਤ, ਸਾਡੇ ਗੁਆਂਢ 'ਚ ਰਹਿੰਦੇ ਬਾਬਾ ਬਲਦੇਵ ਸਿੰਘ ਜੀ ਸੋਢੀ, ਇਸ ਘੱਲੂਘਾਰੇ ਵਿਚ ਅਕਾਲੀ ਲੀਡਰਾਂ ਦਾ ਹੱਥ ਹੋਣ ਦੀਆਂ ਦਲੀਲਾਂ ਦਿੰਦੇ ਰਹਿੰਦੇ ਸਨ। ਉਦੋਂ ਅਸੀਂ ਉਹਨਾਂ ਨਾਲ ਇਸ ਗੱਲੋਂ ਸਹਿਮਤ ਨਹੀਂ ਸਾਂ ਹੁੰਦੇ। ਪਰ ਬਾਅਦ ਵਿਚ ਹੌਲੀ-ਹੌਲੀ ਪਰਤਾਂ ਖੁੱਲ੍ਹਣ ਬਾਅਦ ਹਕੀਕਤ ਦਾ ਪਤਾ ਲੱਗਿਆ ਕਿ-

ਤੁਮਾਰੇ ਰਹਿਤੇ ਲੁਟਾ ਚਮਨ ਬਾਗ-ਬਾਂ,
ਕੈਸੇ ਮਾਨੂੰ ਕਿ ਤੁਮ੍ਹਾਰਾ ਇਸ਼ਾਰਾ ਨਾ ਥਾ!

ਕੁਝ ਅਰਸੇ ਬਾਦ ਸੜਕਾਂ ਤੇ ਆਵਾਜਾਈ ਮੁੜ ਸ਼ੁਰੂ ਹੋ ਗਈ ਤਾਂ ਮੈਂ ਆਪਣੇ ਭਰਾ ਦੇ ਹਮ-ਜਮਾਤੀਆਂ ਦੇ ਪਿੰਡਾਂ ਵਿਚੀਂ ਲੰਘਦਾ ਹੋਇਆ ਬੰਗੇ ਗਿਆ। ਭਾਵੇਂ ਹਾਲਾਤ ਆਮ ਵਰਗੇ ਹੋ ਰਹੇ ਸਨ, ਪਰ ਹਾਲੇ ਵੀ ਪੈਰਾ-ਮਿਲਟਰੀ ਦਲਾਂ ਦੇ ਜਵਾਨ ਸਾਬਤਿ-ਸੂਰਤ ਨੌਜਵਾਨਾਂ ਦੀ ਫੜੋ ਫੜੀ ਕਰੀ ਜਾਂਦੇ ਸਨ। ਇਸੇ ਕਰਕੇ ਮੈਂ ਨੀਲੀ ਦੀ ਥਾਂ ਕੋਈ ਹੋਰ ਪੱਗ ਬੰਨ੍ਹ ਕੇ ਉਕਤ ਸਫ਼ਰ ਲਈ ਨਿਕਲਿਆ ਸਾਂ। ਸੁੰਨ ਮਸਾਨ ਰਸਤੇ, ਭੈਅ ਭੀਤ ਹੋਏ ਪਿੰਡ ਜਿਵੇਂ ਦਿਓ ਫਿਰ ਗਿਆ ਹੋਵੇ! ਘੁੰਮਦਾ ਘੁੰਮਾਉਂਦਾ ਬੰਗਾ ਸ਼ਹਿਰ ਵਿਚ ਸਥਿਤ ਇਤਿਹਾਸਕ ਗੁਰਦੁਆਰਾ ਚਰਨ ਕੰਵਲ ਜ਼ੀਂਦੋਵਾਲ ਪਹੁੰਚਿਆ। ਇਸ ਗੁਰੂ ਘਰ ਕੰਪਲੈਕਸ ਵਿਚ ਸਿੱਖ ਨੈਸ਼ਨਲ ਕਾਲਜ ਦੀ ਇਮਾਰਤ ਬਣੀ ਹੋਈ ਹੈ। ਜਦ ਮੈਂ ਉਧਰ ਨੂੰ ਮੂੰਹ ਭੰਵਾ ਕੇ ਦੇਖਿਆ ਤਾਂ ਕਾਲਜ, ਫੌਜ ਦੀ ਛਾਉਣੀ ਬਣਿਆ ਨਜ਼ਰ ਆਇਆ।

ਗੁਰਦੁਆਰਾ ਸਾਹਿਬ ਦੇ ਦਫਤਰ ਗਿਆ ਤਾਂ ਉਥੇ ਉਦਾਸ ਚਿਹਰਿਆਂ ਵਾਲੇ ਕੁਝ ਸਿੰਘ ਬੈਠੇ ਮਿਲੇ। ਉਹ ਕੋਈ ਗੱਲ ਹੀ ਨਾ ਕਰਨ। ਮੈਂ ਉੱਠ ਕੇ ਲੰਗਰ ਵੱਲ ਗਿਆ ਤਾਂ ਉਥੇ ਇੰਝ ਖਿਲਾਰਾ ਪਿਆ ਹੋਇਆ ਸੀ, ਜਿਵੇਂ ਹੁਣੇ ਹੁਣੇ ਭੂਚਾਲ ਆ ਕੇ ਹਟਿਆ ਹੋਵੇ। ਦਾਣਿਆਂ ਦੇ ਡਰੰਮ ਇੱਧਰ ਉਧਰ ਪਲਟੇ ਪਏ ਸਨ। ਦਾਲਾਂ, ਮਸਾਲੇ, ਘਿਓ-ਤੇਲ ਦੇ ਪੀਪੇ ਸਾਰੇ ਵਿਹੜੇ ਵਿਚ ਖਿਲਰੇ ਹੋਏ ਸਨ।

ਲੰਗਰ ਵਾਲੇ ਭਾਂਡੇ ਇਉਂ ਪਏ ਸਨ, ਜਿਵੇਂ ਕਿਸੇ ਨੇ ਦੂਰੋਂ ਵਗਾਹ ਵਗਾਹ ਕੇ ਸੁੱਟੇ ਹੋਏ ਹੋਣ। ਬਾਹਰ ਬਾਲਣ ਵਾਲੀਆਂ ਲੱਕੜਾਂ ਦਾ ਵੀ ਇਹੀ ਹਾਲ ਸੀ। ਸਾਰੇ ਕਮਰਿਆਂ ਦੇ ਜਿੰਦੇ-ਕੁੰਡੇ ਤੋੜੇ ਹੋਏ ਸਨ। ਜਿੱਥੇ ਸਦਾ ਹੀ ਰੌਣਕਾਂ ਲੱਗੀਆਂ ਰਹਿੰਦੀਆਂ ਸਨ, ਉਥੇ ਛਾਈ ਹੋਈ ਵੀਰਾਨੀ ਦੇਖ ਕੇ ਅੱਖਾਂ 'ਚੋਂ ਹੰਝੂ ਆ ਰਹੇ ਸਨ! ਗੁਰਦੁਆਰੇ ਦੇ ਸਰੋਵਰ ਵਿਚ ਫੌਜ ਦੇ ਗੋਤਾਖੋਰ ਪੁਣਛਾਣ ਕਰਨ ਲੱਗੇ ਹੋਏ ਸਨ। ਇਕ ਜਾਣੂ ਸੇਵਾਦਾਰ ਤੋਂ ਇੰਨੀ ਕੁ ਸੂਹ ਮਿਲੀ ਕਿ ਪਹਿਲੀ ਜੂਨ ਵਾਲੇ ਦਿਨ ਮਿਲਟਰੀ ਵਾਲਿਆਂ ਨੇ ਕਾਲਜ ਤੋਂ ਕਈ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਸੀ। ਉਹਨਾਂ ਦੇ ਥਹੁ-ਟਿਕਾਣੇ ਬਾਰੇ ਕੋਈ ਜਾਣਕਾਰੀ ਨਹੀਂ ਸੀ। ਇਹੀ ਪਤਾ ਲੈ ਕੇ ਮੈਂ ਵਾਪਸ ਪਿੰਡ ਆ ਗਿਆ।


ਕਈ ਮਹੀਨਿਆਂ ਬਾਅਦ, ਨਵਾਂ ਸ਼ਹਿਰ ਬੈਂਕ ਵਿਚ ਕਿਸ਼ਤ ਜਮ੍ਹਾ ਕਰਾਉਣ ਗਏ ਸਾਡੇ ਗੁਆਂਢੀਆਂ ਦੇ ਇਕ ਮੁੰਡੇ ਨੇ ਸਾਨੂੰ ਆ ਕੇ ਦੱਸਿਆ ਕਿ ਰੇਲਵੇ ਰੋਡ 'ਤੇ ਲੁਧਿਆਣੇ ਵੱਲ ਨੂੰ ਜਾ ਰਹੀ ਪੁਲਿਸ ਦੀ ਇਕ ਜੀਪ ਵਿਚ ਤੁਹਾਡਾ ਛੋਟਾ ਮੁੰਡਾ ਬੈਠਾ ਸੀ।

ਤੂਫਾਨ ਕੇ ਰਹਮ ਪੇ ਥੀਂ ਫ਼ਕੀਰੋਂ ਕੀ ਕਸ਼ਤੀਆਂ
ਤੂਫਾਨ ਹੀ ਕਸ਼ਤੀਯੋਂ ਕੋ ਚਲਾਤਾ ਚਲਾ ਗਯਾ।

# ਪੰਜਾਬੀ ਸਾਹਿਤ ਸਭਾ ਦੀ ਤ੍ਰੈ-ਮਾਸਿਕ ਮੀਟਿੰਗ









ਬੀਤੇ ਐਤਵਾਰ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਤ੍ਰੈਮਾਸਿਕ ਮੀਟਿੰਗ ਸਭਾ ਦੇ ਪ੍ਰਧਾਨ ਦਲਵੀਰ ਦਿਲ ਨਿੱਜਰ ਦੇ ਗ੍ਰਹਿ ਵਿਖੇ ਆਯੋਜਿਤ ਕੀਤੀ ਗਈ, ਜਿਸ ਵਿਚ ਲੱਗਭੱਗ 35 ਦੇ ਕਰੀਬ ਸਾਹਿਤਕਾਰਾਂ ਨੇ ਭਾਗ ਲਿਆ। ਸਭਾ ਦੀ ਸਟਾਕਟਨ ਇਕਾਈ ਦੇ ਪ੍ਰਧਾਈ ਹਰਜਿੰਦਰ ਸਿੰਘ ਪੰਧੇਰ ਨੇ ਵੀ ਆਪਣੀ ਕਾਰਜਕਾਰੀ ਕਮੇਟੀ ਸਮੇਤ ਇਸ ਮੀਟਿੰਗ ਵਿਚ ਹਾਜ਼ਰੀ ਲਗਵਾਈ। ਬੇ-ਏਰੀਆ ਤੋਂ ਨੀਲਮ ਸੈਣੀ, ਤਾਰਾ ਸਾਗਰ ਅਤੇ ਪ੍ਰਿੰਸੀਪਲ ਹਜ਼ੂਰਾ ਸਿੰਘ ਅਤੇ ਹਰਜਿੰਦਰ ਸਿੰਘ ਹੁਰੀਂ ਵਿਸ਼ੇਸ਼ ਤੌਰ ਤੇ ਪਹੁੰਚੇ।

ਉਕਤ ਮੀਟਿੰਗ ਵਿਚ ਪ੍ਰਸਿੱਧ ਸਾਹਿਤਕਾਰ ਇੰਦਰ ਸਿਘ ਖਾਮੋਸ਼ ਜੀ ਦਾ ਨਾਵਲ 'ਬੁੱਤ ਸ਼ਿਕਨ' ਲੋਕ ਅਰਪਣ ਕੀਤਾ ਗਿਆ। ਇੰਦਰ ਸਿੰਘ ਖਾਮੋਸ਼ ਲੱਗਭੱਗ ਦਸ ਨਾਵਲ, ਪੰਜ ਕਹਾਣੀ ਸੰਗ੍ਰਹਿ ਅਤੇ ਹੋਰ ਦਸ ਅਨੁਵਾਦਕ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ, ਜੋ ਕਿ ਅੱਜਕਲ੍ਹ ਸੈਕਰਾਮੈਂਟੋ ਵਿਚ ਹੀ ਰਹਿ ਰਹੇ ਹਨ। ਸੰਪਰਕ ਲਈ ਉਹਨਾਂ ਦਾ ਫੋਨ ਨੰਬਰ 916-209-8536 ਹੈ। ਉਹਨਾਂ ਦਾ ਨਾਵਲ ਲੋਕ ਅਰਪਣ ਕਰਨ ਦੇ ਸਬੰਧ ਵਿਚ ਚਾਰ ਪਰਚੇ ਵੀ ਪੜ੍ਹੇ ਗਏ। ਪਹਿਲਾ ਪਰਚਾ ਨਵਨੀਤ ਪੰਨੂ ਹੁਰਾਂ ਵੱਲੋਂ ਪੜ੍ਹਿਆ ਗਿਆ।


ਦੂਜਾ ਪਰਚਾ ਮਨਜੀਤ ਸੇਖੋਂ ਵੱਲੋਂ ਡਾ. ਗੁਰਤਰਨ ਸਿੰਘ ਹੁਰਾਂ ਵੱਲੋਂ ਲਿਖਿਆ ਪੜ੍ਹਿਆ ਗਿਆ। ਤੀਜਾ ਪਰਚਾ ਮਹਿੰਦਰ ਸਿੰਘ ਘੱਗ ਹੁਰਾਂ ਵੱਲੋਂ ਪੜ੍ਹਿਆ ਗਿਆ ਜੋ ਉਹਨਾਂ ਆਪ ਲਿਖਿਆ ਹੋਇਆ ਸੀ। ਆਖਰੀ ਅਤੇ ਚੌਥਾ ਪਰਚਾ ਨੀਲਮ ਸੈਣੀ ਵੱਲੋਂ ਡਾ. ਮਿਨਾਖਸ਼ੀ ਰਾਠੌਰ ਦਾ ਲਿਖਿਆ ਪੜ੍ਹਿਆ। ਕੁਝ ਹੋਰ ਸਾਹਿਤਕਾਰਾਂ ਜਿਵੇਂ ਜੱਸ ਫਿਜ਼ਾ, ਦਲਵੀਰ ਦਿਲ ਨਿੱਜਰ, ਹਰਬੰਸ ਸਿੰਘ ਜਗਿਆਸੂ, ਹਰਰਿੰਦਜ ਸਿੰਘ ਪੰਧੇਰ ਆਦਿ ਵੱਲੋਂ ਨਾਵਲ ਦੇ ਸਬੰਧ ਵਿਚ ਆਪਣੇ ਸਾਹਿਤਕ ਦ੍ਰਿਸ਼ਟੀਕੋਣ ਤੋਂ ਵਿਚਾਰ ਪੇਸ਼ ਕੀਤੇ ਗਏ। ਮੀਟਿੰਗ ਦੇ ਇਸ ਪਹਿਲੇ ਪੜਾਅ ਦੇ ਅੰਤ ਵਿਚ ਇੰਦਰ ਸਿੰਘ ਖਾਮੋਸ਼ ਵੱਲੋਂ ਆਪਣੀ ਸਾਹਿਤਕ ਯਾਤਰਾ ਦਾ ਸੰਖੇਪ ਇਤਿਹਾਸ ਹਾਜ਼ਰੀਨ ਨਾਲ ਸਾਂਝਾ ਕੀਤਾ ਗਿਆ। ਮੀਟਿੰਗ ਵਿਚ ਖਾਮੋਸ਼ ਜੀ ਦੀਆਂ ਦੋ ਬੇਟੀਆਂ ਪੁਸ਼ਪਿੰਦਰ ਕੌਰ ਚੌਹਾਨ ਅਤੇ ਅਰਵਿੰਦਰ ਕੌਰ ਨੇ ਵੀ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇੰਡੀਆ ਤੋਂ ਕੁਲਦੀਪ ਸਿੰਘ ਬੇਦੀ ਹੁਰਾਂ ਆਪਣਾ ਵਧਾਈ ਸੰਦੇਸ਼ ਭੇਜ ਕੇ ਦੂਰ ਬੈਠਿਆਂ ਹਾਜ਼ਰੀ ਲਗਵਾਈ।

ਚਾਹ, ਬਿਸਕੁਟ ਅਤੇ ਪੀਜ਼ੇ ਛਕਣ ਤੋਂ ਬਾਅਦ ਸਭਾ ਦੇ ਦੂਜੇ ਪੜਾਅ ਵਿਚ ਰੰਗਾਰੰਗ ਕਵੀ ਦਰਬਾਰ ਆਰੰਭ ਕੀਤਾ ਗਿਆ, ਜਿਸ ਵਿਚ ਹੇਠ ਲਿਖੇ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਮਾਹੌਲ ਨੂੰ ਖੁਸ਼ਗਵਾਰ ਕੀਤਾ:

ਦਲਵੀਰ ਦਿਲ ਨਿੱਜਰ, ਕਿਰਪਾਲ ਸਿੰਘ ਦਿੱਲੀ, ਰਾਠੇਸ਼ਵਰ ਸਿੰਘ ਸੂਰਾਪੁਰੀ, ਨੀਲਮ ਸੈਣੀ, ਤਾਰਾ ਸਾਗਰ, ਨਵਨੀਤ ਪੰਨੂ, ਹਰਬੰਸ ਸਿੰਘ ਜਗਿਆਸੂ, ਜਸਵੰਤ ਜੱਸੀ, ਜੀਵਨ ਰੱਤੂ, ਪ੍ਰਿੰਸੀਪਲ ਹਜ਼ੂਰਾ ਸਿੰਘ, ਰਮੇਸ਼ ਬੰਗੜ, ਗੁਰਬਚਨ ਚੋਪੜਾ, ਵਿੱਕੀ ਹੀਰ, ਇੰਦਰਜੀਤ ਗਰੇਵਾਲ, ਗੋਗੀ ਸੰਧੂ, ਮਹਿੰਦਰ ਸਿੰਘ ਘੱਗ, ਪਰਮਿੰਦਰ ਰਾਏ, ਹਰਜਿੰਦਰ ਸਿੰਘ ਪੰਧੇਰ, ਮਨਦੀਪ ਗੋਰਾ, ਸੰਤੋਖ ਸਿੰਘ, ਹਰਜਿੰਦਰ ਸਿੰਘ (ਸੈਨਹੋਜ਼ੇ), ਅਜਾਇਬ ਚੀਮਾ, ਜੱਸ ਫਿਜ਼ਾ, ਚਰਨਜੀਤ ਸਿੰਘ ਢਿੱਲੋਂ, ਦਲਜੀਤ ਸੂਦ, ਮਨਜੀਤ ਸੇਖੋਂ।

ਤਤਿੰਦਰ ਕੌਰ ਵੱਲੋਂ ਆਪਣੀ ਨਵੀਂ ਕਹਾਣੀ ਪੜ੍ਹ ਕੇ ਸੁਣਾਈ ਗਈ। ਪੰਜਾਬੀ ਸਾਹਿਤ ਸਭਾ ਦਾ ਨਵਾਂ ਸੰਵਿਧਾਨ ਜੋ ਲਿਖਿਆ ਗਿਆ ਹੈ, ਉਸ ਨੂੰ ਸਾਹਿਤਕਾਰਾਂ ਵੱਲੋਂ ਪ੍ਰਵਾਨ ਕਰ ਲਿਆ ਗਿਆ ਹੈ ਜੋ ਕਿ 26 ਮਈ 2013 ਤੋਂ ਲਾਗੂ ਸਮਝਿਆ ਜਾਵੇ। ਉਸ ਤਾਰੀਖ ਤੋਂ ਬਾਅਦ ਕਿਸੇ ਹੋਰ ਸ਼ਹਿਰ ਵਿਚ ਕੋਈ ਸਭਾ ਦੀ ਇਕਾਈ ਬਣਾਉਣੀ ਹੋਵੇ ਤਾਂ ਇਸ ਸਬੰਧੀ ਸਭਾ ਦੀ ਸੈਕਰਾਮੈਂਟੋ/ ਯੂਬਾ ਸਿਟੀ ਦੀ ਮੁੱਖ ਇਕਾਈ ਤੋਂ ਇਜਾਜ਼ਤ ਲੈਣੀ ਜ਼ਰੂਰੀ ਹੋਵੇਗੀ।


ਚਾਹ-ਪਾਣੀ ਤੇ ਹੋਰ ਸੇਵਾ ਵਿਚ ਨਿੱਜਰ ਦੀ ਭੈਣ ਦੇ ਪਰਿਵਾਰ ਲਾਡੀ ਸੰਧੂ ਤੇ ਹੀਰਾ ਪਰਿਵਾਰ ਨੂੰ ਪੂਰੀ ਲਗਨ ਨਾਲ ਸੇਵਾ ਕੀਤੀ। ਵੀਡੀਓ ਤੇ ਫੋਟੋਆਂ ਖਿੱਚਣ ਦੀ ਸੇਵਾ ਜੌਹਨ ਬੰਗਾ ਵੱਲੋਂ ਕੀਤੀ ਗਈ। ਅੰਤ ਵਿਚ ਸਭਾ ਦੇ ਪ੍ਰਧਾਨ ਦਲਵੀਰ ਦਿਲ ਨਿੱਜਰ ਨੇ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ, ਜਿਹਨਾਂ ਦੀ ਸ਼ਮੂਲੀਅਤ ਨਾਲ ਇਹ ਇਕ ਯਾਦਗਾਰੀ ਮੀਟਿੰਗ ਹੋ ਨਿੱਬੜੀ।




ਸ੍ਰੀ ਸੀ ਐਲ ਚੁੰਬਰ ਦੁਆਰਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਨਾਲ ਸਬੰਧਤ ਪਹਿਲਾ ਇਤਿਹਾਸਕ ਸੋਵੀਨਾਰ 1985 ਵਿਚ ਕੱਢਿਆ ਗਿਆ।ਇਸ ਦੇ ਟਾਈਟਲ ਦੀ ਇਕ ਝਲਕ।




ਅਦਾਰਾ ਦੇਸ਼ ਦੁਆਬਾ ਗਦਰੀ ਬਾਬਾ ਭਗਤ ਸਿੰਘ ਜੀ ਬਿਲਗਾ ਨੂੰ ਉਹਨਾਂ ਦੀ ਦੂਜੀ ਬਰਸੀ ਤੇ ਨਿੱਘੀ ਸ਼ਰਧਾਂਜਲੀ ਦਿੰਦਾ ਹੈ।




ਕੈਨੇਡਾ ਤੋ ਸ੍ਰੀ ਤੇਜਪਾਲ ਬੰਗੜ ਦੁਆਰਾ ਪ੍ਰਕਾਸ਼ਿਤ ਸੁਨਹਿਰੀ ਇਤਿਹਾਸ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਬਾਰੇ ਸੋਵੀਨਾਰ ਪ੍ਰਕਾਸ਼ਿ ਕਰਨ ਤੇ ਅਦਾਰਾ ਦੇਸ਼ ਦੁਆਬਾ ਵਧਾਈ ਦਿੰਦਾ ਹੈ।

# INDIA MARKET

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਪੰਚਮ ਪਾਤਸ਼ਾਹੀ
ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ
ਪਾਵਨ ਸ਼ਹੀਦੀ ਦਿਹਾੜੇ ਨੂੰ ਯਾਦ ਕਰਦਿਆਂ



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ



ਕੋਟਿਨ ਕੋਟਿ ਪ੍ਰਣਾਮ

We have the largest collection of indian, fijian and pakistani grocery, music, fabric, artificial jewelery and sweets.Fresh vegitable are available here. We do take EBT card.



WE ACCEPT
FOOD STAMPS
For more information
Call Us :
916-338-5511



## 5202 Elkhorn Blvd. Sacramento, CA 95842



Toll Free 1-866-FOR-RAJA
www.rajasweets.com
msbains@rajasweets.com

Follow us on:

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Call Makhan Bains or Ravinder Singh for your next Party 1-866-FOR RAJA www.RajaSweets.com